ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 13 | 28 March 2018 to 03 April 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

## ਬਦਲਾਖੋਰੀ ਦੀ ਥਾਂ ਸਾਡਾ ਨਿਸ਼ਾਨਾ ਬਦਲਾਅ ਦਾ ਹੈ: ਕੈਪਟਨ

### ਅਕਾਲੀ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਚੁੱਪ ਵੱਟੀ

**ਚੰਡੀਗੜ੍ਹ/ਬਿਊਰੋ ਨਿਊਜ਼**

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਿਧਾਨ ਸਭਾ ਵਿੱਚ ਆਪਣੇ ਇਰਾਦੇ ਸਪੱਸ਼ਟ ਕਰਦਿਆਂ ਕਿਹਾ ਕਿ ਸਰਕਾਰ ਬਦਲੇ ਦੀ ਰਾਜਨੀਤੀ ਦੀ ਥਾਂ 'ਬਦਲਾਅ' ਦੀ ਰਾਜਨੀਤੀ ਕਰੇਗੀ। ਵਿਧਾਨ ਸਭਾ ਵਿੱਚ ਰਾਜਪਾਲ ਦੇ ਭਾਸ਼ਨ 'ਤੇ ਹੋਈ ਬਹਿਸ ਦਾ ਜਵਾਬ ਦਿੰਦਿਆਂ ਮੁੱਖ ਮੰਤਰੀ ਨੇ ਅਕਾਲੀ-ਭਾਜਪਾ ਗੱਠਜੋੜ ਦੇ 10 ਸਾਲਾ ਰਾਜ ਦੌਰਾਨ ਹਰ ਪੱਖ ਤੋਂ ਭੱਠਾ ਬਿਠਾਉਣ ਦੇ ਦੋਸ਼ ਤਾਂ ਲਾਏ ਪਰ ਜਦੋਂ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਬਾਦਲ ਪਰਿਵਾਰ ਵੱਲ ਨਿਸ਼ਾਨਾ ਸੇਧਦਿਆਂ ਪਿਛਲੇ 10 ਸਾਲਾਂ ਵਿੱਚ ਹੋਈਆਂ 'ਬੇਨਿਯਮੀਆਂ' ਦੀ ਜਾਂਚ ਕਰਾਉਣ ਦੀ ਗੱਲ ਕਹੀ ਤਾਂ ਕੈਪਟਨ ਅਮਰਿੰਦਰ ਸਿੰਘ ਨੇ ਪੂਰੀ ਤਰ੍ਹਾਂ ਖਾਮੋਸ਼ੀ ਧਾਰ ਲਈ। ਸ੍ਰੀ ਖਹਿਰਾ ਨੇ ਕਿਹਾ ਕਿ ਕਿਸੇ ਬੇਕਸੂਰ ਖਿਲਾਫ਼ ਤਾਂ ਕਾਰਵਾਈ ਭਾਵੇਂ ਨਾ ਹੋਵੇ ਪਰ ਹੋਟਲ ਤੇ ਟਰਾਂਸਪੋਰਟ ਕੰਪਨੀਆਂ ਖੜ੍ਹੀਆਂ ਕਰਨ ਵਾਲਿਆਂ ਦੀ ਜਾਂਚ ਜ਼ਰੂਰ ਹੋਣੀ ਚਾਹੀਦੀ ਹੈ। ਵਿਰੋਧੀ ਧਿਰ ਦੇ ਨੇਤਾ ਦਾ ਇਸ਼ਾਰਾ ਬਾਦਲ ਪਰਿਵਾਰ ਵੱਲ ਸੀ। ਇਸ ਮੌਕੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਸਦਨ 'ਚ ਮੌਜੂਦ ਸਨ। ਸ੍ਰੀ ਖਹਿਰਾ ਨੇ ਜਦੋਂ ਇਹ ਮੰਗ ਰੱਖੀ ਤਾਂ ਕਾਂਗਰਸ ਦੇ ਬਹੁ ਗਿਣਤੀ ਵਿਧਾਇਕਾਂ ਨੇ ਵੀ ਮੇਜ ਥਪਥਪਾ ਕੇ ਸਮਰਥਨ



ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੰਜਾਬ ਵਿਧਾਨ ਸਭਾ ਨੂੰ ਸੰਬੋਧਨ ਕਰਦੇ ਹੋਏ।

ਕੀਤਾ। ਮੁੱਖ ਮੰਤਰੀ ਨੇ ਸਾਰੇ ਮਾਮਲੇ 'ਤੇ ਚੁੱਪ ਹੀ ਨਹੀਂ ਵੱਟੀ ਸਗੋਂ ਆਪਣੇ ਸੰਬੋਧਨ ਦੌਰਾਨ ਭਾਰਤੀ ਸੈਨਾ (ਨੈਸ਼ਨਲ ਡਿਫੈਂਸ ਅਕੈਡਮੀ) ਵਿੱਚ ਭਰਤੀ ਵਧਾਉਣ ਬਦਲੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਤਾਰੀਫ ਵੀ ਕੀਤੀ। ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ-ਭਾਜਪਾ ਸਰਕਾਰ 'ਤੇ ਸੂਬੇ ਦੀ ਕਾਨੂੰਨ ਵਿਵਸਥਾ ਵਿਗਾੜਨ ਦੇ ਦੋਸ਼ ਲਾਏ ਤੇ ਕਿਹਾ ਕਿ ਕਾਂਗਰਸ ਸਰਕਾਰ ਨੇ ਚੋਣਵੇਂ ਕਤਲਾਂ ਦੀ

ਬਾਕੀ ਸਫ਼ਾ 30 'ਤੇ

## ਕੇਜਰੀਵਾਲ ਸਰਕਾਰ ਪੰਜਾਬ ਦੇ ਪਾਣੀ ਦਾ ਮੁੱਲ ਤਾਰਨ ਲਈ ਤਿਆਰ

### ਆਪ ਦੇ ਆਗੂ ਅਮਨ ਅਰੋੜਾ ਵਲੋਂ ਪਾਣੀ ਦਾ ਬਿੱਲ ਭੇਜੇ ਜਾਣ ਉੱਤੇ ਜੋਰ

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਵਿਧਾਨ ਸਭਾ ਵਿੱਚ ਪਾਣੀਆਂ ਦੇ ਮੁੱਦੇ ਉੱਤੇ ਪੰਜਾਬ ਸਰਕਾਰ ਆਮ ਆਦਮੀ ਪਾਰਟੀ ਦੀ ਚੁਣੌਤੀ ਨੂੰ ਕਬੂਲ ਕਰਨ ਤੋਂ ਝਿਜਕਦੀ ਦਿਖਾਈ ਦਿੱਤੀ। ਬਜਟ ਉੱਤੇ ਬਹਿਸ ਦੌਰਾਨ ਆਮ ਆਦਮੀ ਪਾਰਟੀ ਦੇ ਵਿਧਾਇਕ ਅਮਨ ਅਰੋੜਾ ਨੇ ਸਪੱਸ਼ਟ ਕਿਹਾ ਕਿ ਜੇਕਰ ਪੰਜਾਬ ਸਰਕਾਰ ਦਿੱਲੀ ਨੂੰ ਪੀਣ ਵਾਲੇ ਪਾਣੀ ਦਾ ਬਿੱਲ ਭੇਜੇ ਤਾਂ ਦਿੱਲੀ ਸਰਕਾਰ ਅਦਾਇਗੀ ਕਰਨ ਨੂੰ ਤਿਆਰ ਹੈ। ਉਨ੍ਹਾਂ ਦੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਗੱਲ ਹੋ ਚੁੱਕੀ ਹੈ। ਬਹਿਸ ਦਾ ਜਵਾਬ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਬੁੱਧਵਾਰ ਨੂੰ ਦੇਣਗੇ। ਬਜਟ ਉੱਤੇ ਬਹਿਸ ਦੌਰਾਨ ਕਾਂਗਰਸ ਵਿਧਾਇਕ ਵਿਜੈਇੰਦਰ ਸਿੰਗਲਾ ਨੇ ਕਿਹਾ ਕਿ ਉਨ੍ਹਾਂ ਨੇ ਪੰਜਾਬ ਸਰਕਾਰ ਵੱਲੋਂ ਹਰਿਮੰਦਰ ਸਾਹਿਬ ਅਤੇ ਦੁਰਗਿਆਨਾ ਮੰਦਰ ਦੇ ਲੰਗਰ ਤੋਂ ਜੀਐੱਸਟੀ ਹਟਾਉਣ ਵਾਂਗ ਹੀ ਦਿੱਲੀ ਦੇ ਗੁਰਦੁਆਰਾ ਬੰਗਲਾ ਸਾਹਿਬ ਅਤੇ ਗੁਰਦੁਆਰਾ ਸੀਸਗੰਜ ਸਾਹਿਬ ਦੇ ਲੰਗਰ ਤੋਂ ਵੀ ਜੀਐੱਸਟੀ ਹਟਾਉਣ ਅਤੇ ਪਾਣੀਆਂ ਬਾਰੇ ਦਿੱਲੀ ਸਰਕਾਰ ਨਾਲ ਗੱਲ ਕੀਤੀ ਜਾਵੇ। ਇਸੇ ਦੌਰਾਨ ਅਮਨ ਅਰੋੜਾ ਨੇ ਕਿਹਾ ਕਿ ਉਨ੍ਹਾਂ ਦੀ ਦਿੱਲੀ ਦੇ ਮੁੱਖ ਮੰਤਰੀ ਨਾਲ ਗੱਲ ਹੋ ਚੁੱਕੀ ਹੈ, ਜੇਕਰ ਪੰਜਾਬ ਸਰਕਾਰ ਪੀਣ ਵਾਲੇ ਪਾਣੀ ਦੇ ਪੈਸੇ ਵਸੂਲ ਕਰਨਾ ਚਾਹੁੰਦੀ ਹੈ ਤਾਂ ਬਿੱਲ ਭੇਜ ਦੇਵੇ ਅਤੇ ਦਿੱਲੀ ਸਰਕਾਰ ਅਦਾਇਗੀ ਕਰ ਦੇਵੇਗੀ। ਇਸ ਦੇ ਨਾਲ ਸ਼ਰਤ ਇਹ ਹੈ ਫਿਰ ਅਜਿਹੇ ਬਿੱਲ ਗੁਆਂਢੀ ਰਾਜਾਂ (ਰਾਜਸਥਾਨ ਅਤੇ ਹਰਿਆਣਾ) ਨੂੰ ਵੀ ਭੇਜਣੇ ਪੈਣਗੇ। ਇਸੇ ਦੌਰਾਨ ਵਿਧਾਇਕ ਬਲਵਿੰਦਰ ਸਿੰਘ ਬੈਂਸ ਨੇ ਸਰਕਾਰੀ ਧਿਰ ਤੋਂ ਬਿੱਲ ਭੇਜਣ ਦੀ ਤਰੀਕ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਤਾਂ ਸਰਕਾਰੀ ਧਿਰ ਨੇ ਇਸ ਨੂੰ ਮਿੱਟੀ-ਘੱਟੇ ਰੋਲਣ ਵਿੱਚ ਹੀ ਭਲਾਈ ਸਮਝੀ। ਬਹਿਸ ਦੌਰਾਨ ਅਕਾਲੀ ਦਲ ਵੱਲੋਂ ਸੁਖਬੀਰ ਸਿੰਘ ਬਾਦਲ ਨੇ ਕੈਪਟਨ ਅਮਰਿੰਦਰ ਸਿੰਘ ਪ੍ਰਤੀ ਨਰਮ ਸੁਰ ਅਖ਼ਤਿਆਰ ਕਰਦਿਆਂ ਮਨਪ੍ਰੀਤ ਬਾਦਲ ਉੱਤੇ ਸਿਆਸੀ ਅਤੇ ਨਿੱਜੀ ਹਮਲੇ ਕੀਤੇ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ




ਬਾਕੀ ਸਫ਼ਾ 30 'ਤੇ

## ਮਹਾਰਾਜਾ ਦਲੀਪ ਸਿੰਘ ਤੇ ਬਣੀ ਫਿਲਮ 'ਦ ਬਲੈਕ ਪ੍ਰਿੰਸ' ਡਿਜੀਟਲ ਰਿਲੀਜ਼ 10 ਅਪਰੈਲ ਨੂੰ

### ਹਾਲੀਵੁੱਡ ਦੀ ਉੱਘੀ ਕੰਪਨੀ ਯੂਨੀਗਲੋਬ ਐਂਟਰਟੇਨਮੈਂਟ ਨੇ ਲਿਆ ਡਿਸਟ੍ਰੀਬਿਊਸ਼ਨ ਦਾ ਜ਼ਿੰਮਾ

**ਲਾਸ ਏਂਜਲਸ/ਬਿਊਰੋ ਨਿਊਜ਼:**

ਹਾਲੀਵੁੱਡ ਦੀ ਉੱਘੀ ਕੰਪਨੀ ਯੂਨੀਗਲੋਬ ਐਂਟਰਟੇਨਮੈਂਟ ਨੇ ਸਿੱਖਾਂ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੀ ਜੀਵਨ ਕਹਾਣੀ ਉੱਤੇ ਬਣੀ ਹਾਲੀਵੁੱਡ ਦੀ ਫਿਲਮ ਦ ਬਲੈਕ ਪ੍ਰਿੰਸ ਦੀ ਵਿਸ਼ਵ ਪੱਧਰ ਉੱਤੇ ਆਨ ਲਾਈਨ ਡਿਸਟ੍ਰੀਬਿਊਸ਼ਨ ਦਾ ਸਾਰਾ ਕੰਮ ਅਪਣੇ ਜਿੰਲੈ ਲਿਆ ਹੈ। ਯੂਨੀਗਲੋਬ ਐਂਟਰਟੇਨਮੈਂਟ ਇਸ ਖੇਤਰ ਵਿੱਚ ਮੋਹਰੀ ਸਥਾਨ ਰਖਦੀ ਹੈ ਅਤੇ ਇਸ ਵਲੋਂ ਦ ਬਲੈਕ ਪ੍ਰਿੰਸਦੇ ਪ੍ਰੋਡਿਊਸਰਾਂ ਨਾਲ ਕੀਤੇ ਲਿਖਤੀ ਸਮਝੌਤੇ ਅਧੀਨ ਅਗਲੇ ਮਹੀਨੇ ਸ਼ੁਰੂ ਹੋਣ ਵਾਲੇ ਵਿਸਾਖੀ ਦੇ ਜਸ਼ਨਾਂ ਦੇ ਮੱਦੇਨਜ਼ਰ ਫਿਲਮ ਦੇ ਡਿਜੀਟਲ ਅਤੇ ਡੀਵੀਡੀ ਰੂਪ 10 ਅਪਰੈਲ 2018 ਨੂੰ ਵੱਡੇ ਪੱਧਰ ਉੱਤੇ




ਰਿਲੀਜ ਕੀਤੇ ਜਾਣਗੇ। ਪਿਛਲੇ ਸਾਲ ਜੁਲਾਈ ਮਹੀਨੇ ਦੌਰਾਨ ਰਿਲੀਜ ਕੀਤੇ ਜਾਣ ਬਾਅਦ ਦ ਬਲੈਕ ਪ੍ਰਿੰਸ ਨੂੰ ਸਭ ਪਾਸਿਆਂ ਤੋਂ ਭਰਵਾਂ ਹੁੰਗਾਰਾ ਮਿਲਿਆ। ਜਿੱਥੇ ਦਰਸ਼ਕਾਂ ਨੇ ਇਸਨੂੰ ਵੇਖਣ ਲਈ ਸਿਨਮਾ ਘਰਾਂ ਵਲ ਵਹੀਰਾਂ ਘੱਤੀਆਂ ਉੱਥੇ ਅਮਰੀਕਾ, ਯੂਰਪ ਅਤੇ ਏਸ਼ੀਆ ਦੇ ਉੱਘੇ ਅਖ਼ਬਾਰਾਂ ਅਤੇ ਟੀਵੀ ਚੈਨਲਾਂ ਦੇ ਫਿਲਮ ਸਮੀਖਿਅਕਾਂ ਨੇ ਚੋਟੀ ਦੀਆਂ ਫਿਲਮਾਂ ਨਾਲ ਤੁਲਨਾ ਦਿੰਦਿਆਂ ਅੰਗਰੇਜੀ, ਹਿੰਦੀ ਤੇ ਪੰਜਾਬੀ ਵਿੱਚ ਬਣਾਈ ਇਸ ਖ਼ੂਬਸੂਰਤ ਕਲਾ ਕ੍ਰਿਤ ਦੀ ਬੇਹੱਦ ਸਰਾਹਨਾ ਕੀਤੀ। ਯੂਰਪ ਵਿੱਚ ਇਸਨੇ ਬਾਕਸ ਆਫ਼ਿਸ ਉੱਤੇ 10 ਚੋਟੀ ਦੀਆਂ ਫਿਲਮਾਂ ਵਿੱਚ ਅਪਣਾ ਸਥਾਨ ਬਣਾਇਆ ਸੀ।

ਬਾਕੀ ਸਫ਼ਾ 30 'ਤੇ

## "ਨਾਨਕ ਸ਼ਾਹ ਫ਼ਕੀਰ" ਦੇ ਵਪਾਰੀਆਂ ਨੂੰ ਸ਼੍ਰੋਮਣੀ ਕਮੇਟੀ ਦਾ ਥਾਪੜਾ

### ਸਿੱਖ ਇਤਿਹਾਸ ਬਾਰੇ ਅਹਿਮ ਫਿਲਮ 'ਦ ਬਲੈਕ ਪ੍ਰਿੰਸ' ਨੂੰ ਕੀਤੀ ਸੀ ਨਾਂਹ

**ਵੈਨਕੂਵਰ/ਬਿਊਰੋ ਨਿਊਜ਼:** ਭਰੋਸੋਯੋਗ ਸੂਤਰਾਂ ਦੇ ਦੱਸਣ ਮੁਤਾਬਕ ਕੁਝ ਕਾਰੋਬਾਰੀ ਬੰਦੇ ਗੁਰੂ ਨਾਨਕ ਪਾਤਸ਼ਾਹ ਦਾ ਨਾਂ ਵੇਚਣ ਲਈ ਫ਼ਿਲਮ "ਨਾਨਕ ਸ਼ਾਹ ਫ਼ਕੀਰ" ਦੁਬਾਰਾ ਰੀਲੀਜ਼ ਕਰਵਾਉਣ ਦੀ ਕੋਸ਼ਿਸ਼ 'ਚ ਹਨ ਅਤੇ ਇਸ ਵਾਰ ਇਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਕੁਝ ਹੋਰ ਜਥੇਬੰਦੀਆਂ ਦੀ ਹਮਾਇਤ ਵੀ ਹਾਸਲ ਦੱਸੀ ਜਾਂਦੀ ਹੈ।

**ਜਸਜੀਤ ਸਿੰਘ ਵਲੋਂ ਭਾਈ ਰੂਪ ਸਿੰਘ ਨੂੰ ਪੱਤਰ**

ਵੇਖਣ ਵਾਲੀ ਗੱਲ ਇਹ ਹੈ ਕਿ ਸਿੱਖਾਂ ਦੀ ਪਾਰਲੀਮੈਂਟ ਅਖ਼ਵਾਉਂਦੀ ਇਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪਿਛਲੇ ਸਾਲ ਸਿੱਖਾਂ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੀ ਜੀਵਨ ਕਹਾਣੀ ਉੱਤੇ ਬਣੀ ਹਾਲੀਵੁੱਡ ਦੀ ਬਹੁਤ ਹੀ ਅਹਿਮ ਫਿਲਮ ਦ ਬਲੈਕ ਪ੍ਰਿੰਸ ਨੂੰ ਵਿਖਾਏ ਜਾਣ ਦੀ ਹਮਾਇਤ ਕਰਨ ਤੋਂ ਬਿਨਾਂ ਕਿਸੇ ਕਾਰਨੋਂ ਕੋਰੀ ਨਾਂਹ ਕਰ ਦਿੱਤੀ। ਸ਼੍ਰੋਮਣੀ ਕਮੇਟੀ ਦੇ ਉਸ ਵੇਲੇ ਦੇ ਪ੍ਰਧਾਨ ਪ੍ਰੋ: ਕ੍ਰਿਪਾਲ ਸਿੰਘ ਬੰਡੂਗਰ ਤੱਕ ਜਦੋਂ ਕੁਝ ਜੁੰਮੇਵਾਰ ਸਿੱਖਾਂ ਵਲੋਂ ਇਸ ਸਬੰਧੀ ਪਹੁੰਚ ਕੀਤੀ ਗਈ ਤਾਂ ਉਸਨੇ ਫਿਲਮ ਵੇਖ ਕੇ ਕੋਈ ਨਿਰਣਾ ਲੈਣ ਦੀ ਬਜਾਏ ਆਨੀਂ ਬਹਾਨੀਂ ਪੱਲਾ ਝਾੜ ਲਿਆ। ਸੀਨੀਅਰ ਪੱਤਰਕਾਰ ਗੁਰਪ੍ਰੀਤ ਸਿੰਘ ਸਹੋਤਾ ਦੀ ਫੇਸਬੁੱਕ ਪੋਸਟ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਸਰਕੂਲਰ ਜਾਰੀ

ਬਾਕੀ ਸਫ਼ਾ 24 'ਤੇ















# GLOBAL MULTI SERVICES

## ONE STOP SHOP FOR ALL TRUCKING NEEDS

## Ask for Special Parking Rates. 1st Come 1st Serve.

## Truck Parking Available for 500+ Trucks

i5 TRUCK WASH AND REPAIR
GET A SHOWROOM SHINE, EVERY TIME

HOME OF ALL TRUCKING SERVICES
GLOBAL TRUCK TERMINAL

Ph.: 209-986-0338
info@i5truckwash.com
www.i5truckwash.com
1137 S Stockton St, Stockton CA 95206

Ph.: 800-696-3796
info@GlobalTruckTerminal.com
www.GlobalTruckTerminal.com
1801 E Charter Way, Stockton CA 95205

## Services We Offer:

On site IRP Plate - License Plates - IFTA - Fuel Tax Return
New Mexico & Kentucky Permit - Dot - MC Authority - UCR Permits
Corporation Filing - 2290 Filing - Canadian Permits
Title Transfer etc.

General Truck & Trailer Repair - Brakes - Oil Change
BIT Inspection - Annual Inspection - Transmission
Truck & Trailer Alignment - New & Used Tires - Wheel Balancing
DPF Cleaning & Truck Wash etc.

## Call Maneet Deol for more info : 209-982-9996

# ਨਿਊਜਰਸੀ ਦੀ ਅਸੈਂਬਲੀ ਤੇ ਸੈਨੇਟ ਵੱਲੋਂ ਸਿੱਖ ਜਾਗਰੂਕਤਾ ਅਤੇ ਵਿਸਾਖੀ ਦੇ ਪ੍ਰੋਗਰਾਮ ਨੂੰ ਮਾਨਤਾ ਦਿੱਤੇ ਜਾਣ ਦੀ ਸ਼ਲਾਘਾ







### *ਸਿੱਖਾਂ ਦੀ ਪਹਿਚਾਣ ਤੇ ਵਿਕਾਸ ਲਈ ਯੋਗਦਾਨ ਤੋਂ ਹੋਰ ਭਾਈਚਾਰੇ ਹੋਣਗੇ ਜਾਗਰੂਕ-ਏਜੀਪੀਸੀ*

**ਫਰੀਮੌਂਟ/ਬਿਊਰੋ ਨਿਊਜ਼:**ਸਿੱਖ ਭਾਈਚਾਰੇ ਨੇ ਦੁਨੀਆਂ ਦੀ ਯੂ. ਐੱਸ. ਦੇ ਨਿਊ ਜਰਸੀ ਰਾਜ ਵਿਧਾਨ ਸਭਾ ਅਤੇ ਸੈਨੇਟ ਦੁਆਰਾ 'ਸਿੱਖ ਜਾਗਰੂਕਤਾ ਅਤੇ ਵਿਸਾਖੀ' ਦੇ ਪ੍ਰੋਗਰਾਮ 'ਤੇ ਕਾਨੂੰਨ ਪਾਸ ਕਰਨ ਦੀ ਸ਼ਲਾਘਾ ਕੀਤੀ ਹੈ। ਉਹ ਸਿੱਖ ਪਹਿਚਾਣ ਲਈ ਅੱਗੇ ਵੱਧ ਕੇ ਇਕ ਵੱਡਾ ਕਦਮ ਦੇਖਦੇ ਹਨ। ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੇ.ਐਸ. ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਇਸ ਕਦਮ ਨੂੰ ਸਕਾਰਾਤਮਿਕ ਵਿਕਾਸ ਦਸਦਿਆਂ ਕਿਹਾ ਕਿ ਇਹ ਬਹੁਤ ਸ਼ਲਾਘਾਯੋਗ ਹੈ ਅਤੇ ਅਸੀਂ ਯੂ. ਐਸ. ਪ੍ਰਸ਼ਾਸਨ, ਨਿਊ ਜਰਸੀ ਦੇ ਰਾਜ ਪ੍ਰਸ਼ਾਸਨ, ਯੂ. ਐਸ. ਸਿੱਖ ਕਾਂਗਰੇਸ਼ਨਲ ਕਾਕਸ ਕਮੇਟੀ, ਈਸਟ ਕੋਸਟ ਕੋਆਰਡੀਨੇਸ਼ਨ ਕਮੇਟੀ ਅਤੇ ਹੋਰਨਾਂ ਦੀ ਹਾਜ਼ਰੀ ਭਰਨ 'ਤੇ ਖੁਸ਼ੀ ਦਾ ਇਜ਼ਹਾਰ ਕਰਦੇ ਹਾਂ। ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਅਤੇ ਜੁਗਰਾਜ ਸਿੰਘ, ਹਰਜਿੰਦਰ ਸਿੰਘ ਅਤੇ ਕਮਿਊਨਿਟੀ ਦੇ ਉੱਘੇ ਸਿੱਖ ਨੇਤਾਵਾਂ ਦਾ ਵਿਸ਼ੇਸ਼ ਧੰਨਵਾਦ ਕਰਦੇ ਹਾਂ। ਉਨ੍ਹਾਂ ਨੇ ਕਿਹਾ ਕਿ ਨਿਊ ਜਰਸੀ ਰਾਜ ਵਿਧਾਨ ਸਭਾ ਨੇ ਇਹ ਸਿੱਟਾ ਕੱਢਿਆ ਹੈ ਕਿ ਰਾਜ ਆਪਣੇ ਵਸਨੀਕਾਂ ਦੀ ਵਿਭਿੰਨਤਾ ਦੇ ਨਾਲ ਭਰਪੂਰ ਹੈ ਅਤੇ ਇੱਥੇ ਸਮਾਜਿਕ ਸਹਿਣਸ਼ੀਲਤਾ ਅਤੇ ਬੁੱਧੀਜੀਵਤਾ ਅਤੇ ਸਿੱਖ ਭਾਈਚਾਰੇ ਦੀ ਪੈਦਾਵਾਰ ਵਾਲਾ ਮਾਹੌਲ ਹੈ, ਜੋ ਕਿ ਪੰਜਾਬ, ਭਾਰਤ 'ਚ ਪੈਦਾ ਹੋਏ 100 ਸਾਲ ਪਹਿਲਾਂ ਅਮਰੀਕਾ 'ਚ ਆਵਾਸ ਕਰ ਚੁੱਕੇ ਸਨ ਅਤੇ ਅਮਰੀਕਾ ਦੇ ਵਿਕਾਸ 'ਚ ਮਹੱਤਵਪੂਰਣ ਭੂਮਿਕਾ ਨਿਭਾਅ ਰਹੇ ਹਨ। ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਸਿੱਖ ਧਰਮ ਸੰਸਾਰ ਦਾ ਪੰਜਵਾਂ ਸਭ ਤੋਂ ਵੱਡਾ ਧਰਮ ਹੈ, ਜਿਨ੍ਹਾਂ 'ਚੋਂ ਲਗਪਗ 700,000 ਅਮਰੀਕਾ 'ਚ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਇਹ ਸਿੱਖਾਂ ਦੇ ਚਿੱਤਰ ਨੂੰ ਇਕ ਵੱਖਰੀ ਕੌਮ ਵਜੋਂ ਉਭਾਰਨ 'ਚ ਸਹਾਇਤਾ ਕਰੇਗਾ, ਜੋ ਸ਼ਾਂਤੀ 'ਚ ਵਿਸ਼ਵਾਸ ਕਰਦਾ ਹੈ ਅਤੇ ਗਲਤ ਨਹੀਂ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਨਿਊ ਜਰਸੀ ਦੇ ਸਿੱਖਾਂ ਦੇ ਯੋਗਦਾਨ ਨੂੰ ਯਾਦ ਕਰਨ ਲਈ ਬੇਅੰਤ ਵਿਸ਼ਵਾਸ ਅਤੇ ਵਿਕਾਸ ਲਈ ਬਹੁਤ ਸ਼ੁਕਰਗੁਜ਼ਾਰ ਹਾਂ। ਇਸ ਤੋਂ ਇਲਾਵਾ ਖਾਲਸਾ ਪੰਥ ਦੀ ਸਿਰਜਨਾ ਨੂੰ ਮਨਾਉਣ ਲਈ 14 ਅਪ੍ਰੈਲ 'ਚ ਕੀਤੇ ਜਾਣ ਵਾਲੇ ਸਾਲਾਨਾ ਤਿਓਹਾਰ ਵਿਸਾਖੀ ਨੂੰ ਸਿੱਖ ਜਾਗਰੂਕਤਾ ਅਤੇ ਮੁਆਵਜ਼ਾ ਮਹੀਨਾ' ਦੇ ਤੌਰ 'ਤੇ ਸਮਰਪਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੈਨੇਟ ਅਤੇ ਸੂਬਾਈ ਵਿਧਾਨ ਸਭਾ ਨੇ ਇਸ ਸਬੰਧ 'ਚ ਇਸ ਪ੍ਰਸਤਾਵ ਨੂੰ ਅਪਨਾਇਆ ਹੈ ਅਤੇ ਇਹ ਕਦਮ ਸਿੱਖ ਧਰਮ ਦੀ ਜਨਤਾ ਬਾਰੇ ਜਾਗਰੂਕਤਾ ਨੂੰ ਬੜ੍ਹਾਵਾ ਦੇਵੇਗਾ, ਜੋ ਸਿੱਖ ਭਾਈਚਾਰੇ ਦੇ ਅਮਰੀਕਾ ਦੇ ਮਹੱਤਵਪੂਰਨ ਯੋਗਦਾਨ ਨੂੰ ਮਾਨਤਾ ਦੇਵੇਗਾ।

# ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਲੰਡਨ ਵਿੱਚ ਰੋਸ ਪ੍ਰਦਰਸ਼ਨ 18 ਅਪਰੈਲ

**ਲੰਡਨ/ਬਿਊਰੋ ਨਿਊਜ਼:** ਭਾਰਤ ਦੇ ਹਿੰਦੂਤਵੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਲੇ ਮਹੀਨੇ ਇੰਗਲੈਂਡ ਫੇਰੀ ਦੌਰਾਨ ਉਸਦਾ ਵੱਡੀ ਪੱਧਰ ਤੇ ਵਿਰੋਧ ਕਰਨ ਲਈ ਸਰਗਰਮੀਆਂ ਅਰੰਭ ਹੋ ਚੁੱਕੀਆਂ ਹਨ ।ਸਿੱਖ ਜਥੇਬੰਦੀਆਂ ਵਲੋਂ ਵੱਖ ਵੱਖ ਘੱਟ ਗਿਣਤੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗਾਂ ਦਾ ਸਿਲਸਲਾ ਅਰੰਭ ਕਰ ਦਿੱਤਾ ਗਿਆ ਹੈ ।ਇਸ ਸਬੰਧੀ ਗੁਰਦੁਆਰਾ ਸਿੰਘ ਸਭਾ ਸਲੋਹ ਵਿਖੇ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਕੌਮੀ ਨਿਸ਼ਾਨੇ ਨੂੰ ਸਮਰਪਤਿ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸਾਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਦੇ ਸੱਦੇ ਤੇ ਕਸ਼ਮੀਰ ਦੀ ਅਜ਼ਾਦੀ ਲਈ ਸੰਘਰਸ਼ ਕਰਨ ਵਾਲੀਆਂ ਜਥੇਬੰਦੀਆਂ ਨਾਲ ਵਿਸ਼ੇਸ਼ ਪਲੇਠੀ ਮੀਟਿੰਗ ਕੀਤੀ ਗਈ ਜਿਸ ਵਿੱਚ ਹੋਰਨਾਂ ਤੋਂ ਇਲਾਵਾ ਭਾਈ ਅਮਰੀਕ ਸਿੰਘ ਗਿੱਲ ਸਿੱਖ ਫੈਡਰੇਸ਼ਨ ਯੂ.ਕੇ. ਭਾਈ ਜੋਗਾ ਸਿੰਘ ਬੱਬਰ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ., ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਯੁਨਾਈਟਿਡ ਖਾਲਸਾ ਦਲ ਯੂ.ਕੇ., ਭਾਈ ਜਗਵਿੰਦਰ ਸਿੰਘ ਸ੍ਰਅਕਾਲੀ ਦਲ ਅੰਮ੍ਰਿਤਸਰ ਯੂ.ਕੇ;, ਭਾਈ ਰਣਜੀਤ ਸਿੰਘ ਸਰਾਏ ਕੌਂਸਲ ਆਫ ਖਾਲਿਸਤਾਨ, ਲਾਰਡ ਨਜ਼ੀਰ ਅਹਿਮਦ ਸਮੇਤ ਕਸ਼ਮੀਰੀ ਜਥੇਬੰਦੀਆਂ ਦੇ ਤਿੰਨ ਦਰਜਨ ਤੋਂ ਜਿਆਦਾ ਪ੍ਰਤੀਨਿਧ ਸ਼ਾਮਲ ਹੋਏ। ਦਲਿਤਾਂ ,ਬੋਧੀਆਂ ਅਤੇ ਈਸਾਈਆਂ ਦੀਆਂ ਜਥੇਬੰਦੀਆਂ ਨਾਲ ਅਗਲੇਰੇ ਦਿਨਾਂ ਵਿੱਚ ਮੀਟਿੰਗਾਂ ਕੀਤੀਆਂ ਜਾਣਗੀਆਂ । ਮੋਦੀ ਖਿਲਾਫ ਕੀਤੇ ਜਾਣ ਵਾਲੇ ਰੋਸ ਮੁਜਾਹਰੇ ਨੂੰ ਘੱਟ ਗਿਣਤੀਆਂ ਹਿੰਦੂਤਵੀ ਮੋਦੀ ਖਿਲਾਫ਼ ਦੇ ਨਾਮ ਹੇਠ ਸਰਗਰਮ ਜੰਗੀ ਪੱਧਰ ਤੇ ਯੂ.ਕੇ. ਭਰ ਵਿੱਚ ਲਾਬੀ ਸ਼ੁਰੂ ਕਰ ਦਿੱਤੀ ਗਈ ਹੈ । ਮੁੱਖ ਰੋਸ ਮੁਜ਼ਾਹਰਾ ਲੰਡਨ ਵਿੱਚ 18 ਅਪਰੈਲ ਬੁੱਧਵਾਰ ਨੂੰ ਦੁਪਹਿਰ 12:00 ਵਜੇ ਤੋਂ ਬਾਅਦ ਦੁਪਹਿਰ 3:00 ਵਜੇ ਤੱਕ ਕੀਤਾ ਜਾਵੇਗਾ। ਇਸ ਵਾਸਤੇ ਸਿੱਖ ਸੰਗਤਾਂ ਨੂੰ ਵਧ ਚੜ੍ਹ ਕੇ ਸਾਢੇ ਗਿਆਰਾਂ ਵਜੇ ਪੁੱਜਣ ਦੀ ਅਪੀਲ ਕੀਤੀ ਗਈ ਹੈ । ਇਸੇ ਲੜੀ ਤਹਿਤ ਅਗਲੇ ਦਿਨ 25 ਮਾਰਚ ਨੂੰ ਐਤਵਾਰ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਿੱਖ ਜਥੇਬੰਦੀਆਂ ਦੀ ਵੱਡੀ ਇਕੱਤਰਤਾ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਕੀਤੀ ਗਈ ਜਿਸ ਵਿੱਚ ਪੱਜੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦਿਆਂ ਵਲੋਂ ਮੋਦੀ ਖਿਲਾਫ ਕੀਤੇ ਜਾਣ ਵਾਲੇ ਮੁਜਾਹਰੇ ਵਿੱਚ ਵਧ ਚੜ੍ਹ ਕੇ ਯੋਗਦਾਨ ਪਾਉਣ ਦਾ ਵਿਸ਼ਵਾਸ਼ ਦਿਵਾਇਆ । ਇਸਤੋਂ ਇਲਾਵਾ ਸਿੱਖ ਸੰਗਤਾਂ ਨੂੰ ਮੁਜ਼ਾਹਰੇ ਵਿੱਚ ਜਾਣ ਲਈ ਕੋਚਾਂ ਦਾ ਪ੍ਰਬੰਧ ਕਰਨ ਦੀ ਹਾਮੀ ਭਰੀ ਗਈ ।ਹੋਰਨਾਂ ਤੋਂ ਇਲਾਵਾ ਸਿੱਖ ਕੌਂਸਲ ਯੂ.ਕੇ. ਦੇ ਜਨਰਲ ਸਕੱਤਰ ਭਾਈ ਜਗਤਾਰ ਸਿੰਘ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਪ੍ਰਤੀਨਿਧਾਂ ਅਤੇ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਭਰਵੀਂ ਸ਼ਿਰਕਤ ਕੀਤੀ ।ਇਨ੍ਹਾਂਵਿੱਚ ਭਾਈ ਗੁਰਦੇਵ ਸਿੰਘ ਖਾਲਸਾ ਕਾਵੈਂਟਰੀ, ਭਾਈ ਅਵਤਾਰ ਸਿੰਘ ਸੰਘੜਾ, ਭਾਈ ਗੁਰਦੇਵ ਸਿੰਘ ਚੌਹਾਨ ,ਭਾਈ ਜਸਪਾਲ ਸਿੰਘ ਬੈਂਸ, ਭਾਈ ਚਰਨ ਸਿੰਘ, ਭਾਈ ਬਲਵਿੰਦਰ ਸਿੰਘ ਢਿੱਲੋਂ, ਭਾਈ ਸਰਬਜੀਤ ਸਿੰਘ, ਭਾਈ ਅਮਰੀਕ ਸਿੰਘ ਗਿੱਲ , ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ, ਭਾਈ ਜੋਗਾ ਸਿੰਘ, ਭਾਈ ਹਰਦੀਸ਼ ਸਿੰਘ, ਭਾਈ ਗੁਰਦੇਵ ਸਿੰਘ ਖਾਲਸਾ, ਭਾਈ ਹਮਰਾਜ ਸਿੰਘ, ਭਾਈ ਸਤਵਿੰਦਰ ਸਿੰਘ ਜਾਗੋਵਾਲਾ, ਭਾਈ ਬਲਵਿੰਦਰ ਸਿੰਘ ਵੁਲਵਰਹੈਪਟਨ, ਭਾਈ ਗੁਰਜੀਤ ਸਿੰਘ ਸਮਰਾ, ਭਾਈ ਗੁਰਮੇਜ ਸਿੰਘਗਿੱਲ ਅਤੇ ਭਾਈ ਅਮਨਦੀਪ ਸਿੰਘ ਸ਼ਾਮਲ ਸਨ । ਇੰਗਲੈਂਡ ਭਰ ਦੀਆਂ ਸਮੁੱਚੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਸਨਿਮਰ ਅਪੀਲ ਕੀਤੀ ਗਈ ਕਿ ਸਿੱਖ ਸੰਗਤਾਂ ਦੀ ਲੋੜ ਅਨੁਸਾਰ ਕੋਚਾਂ ਦਾ ਪ੍ਰਬੰਧ ਕੀਤਾ ਜਾਵੇ । ਸਮੁੱਚੇ ਮੀਡੀਏ ਨੂੰ ਇਸ ਅਪੀਲ ਕਰਦਿਆਂ ਆਖਿਆ ਗਿਆ ਭਾਰਤ ਵਿੱਚ ਸਿੱਖਾਂ ਸਮੇਤ ਘੱਟ ਗਿਣਤੀਆਂ ਉੱਪਰ ਹਿੰਦੂਤਵੀ ਲਾਬੀ ਦੇ ਕਰਿੰਦਿਆਂ ਵਲੋਂ ਕੀਤੇ ਜਾ ਰਹੇ ਜ਼ੁਲਮਾਂ, ਅੱਤਿਆਚਾਰਾਂ ਅਤੇ ਗੁਲਾਮ ਬਣਾ ਕੇ ਰੱਖਣ ਦੀਆਂ ਕੁਚਾਲਾਂ ਨੂੰ ਬੇਨਕਾਬ ਕਰਦਿਆਂ ਸਿੱਖ ਮਾਨਸਿਕਤਾ ਵਿੱਚ ਕੌਮੀ ਅਜਾਦੀ ਦੀ ਲਹਿਰ ਪ੍ਰਤੀ ਚੇਤੰਨਤਾ ਪੈਦਾ ਕਰਕੇ ਕੌਮ ਪ੍ਰਸਤ ਮੀਡੀਆ ਹੋਣ ਦਾ ਫਰਜ਼ ਨਿਭਾਇਆ ਜਾਵੇ ।




Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.



CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

ੴ ਵਾਹਿਗੁਰੂ ਜੀ ਕੀ ਫਤਹਿ ॥

ਖ਼ਾਲਸਾ ਅਕਾਲ ਪੁਰਖ ਕੀ ਫ਼ੌਜ ॥ ਪ੍ਰਗਟਿਓ ਖ਼ਾਲਸਾ ਪਰਮਾਤਮ ਕੀ ਮੌਜ ॥

# ਗੁਰਦੁਆਰਾ ਸਿੰਘ ਸਭਾ

# ਅੰਮ੍ਰਿਤ ਸੰਚਾਰ

## ਐਤਵਾਰ, ਅਪ੍ਰੈਲ 15, 2018

## ਸਵੇਰੇ 7: 00 ਵਜੇ



ਸੰਗਤ ਦੀ ਬੇਨਤੀ ਉਤੇ ਗੁਰਦੁਆਰਾ ਸਾਹਿਬ ਵਲੋਂ ਰਹਿਣ ਦਾ ਪ੍ਰਬੰਧ ਅਤੇ ਏਅਰ ਪੋਰਟ ਤੋਂ ਲਿਆਉਣ ਅਤੇ ਛੱਡਣ ਦਾ ਪ੍ਰਬੰਧ ਕੀਤਾ ਜਾਵੇਗਾ। ਇਹ ਸਹੂਲਤ ਸ਼ਹਿਰ ਅਤੇ ਸ਼ਹਿਰ ਤੋਂ ਬਾਹਰ ਦੀ ਸੰਗਤ ਲਈ ਹੈ। ਗੁਰਦੁਆਰਾ ਸਾਹਿਬ ਦੁਆਰਾ ਕਕਾਰ ਵੀ ਦਿੱਤੇ ਜਾਣਗੇ।

# Gurdwara Singh Sabha of North Texas

1201 Abrams Rd, Richardson, TX 75081
(972) 235-3388
www.GurdwaraRichardson.org

For more information contact:
Bhai Gurbachan Singh (347) 592-9569
Bhai Swaran Singh (214) 909-0555



# ਸਿੱਖ ਕਤਲੇਆਮ ਵਿਚ ਆਪਣੇ ਮੂੰਹੋਂ ਸ਼ਮੂਲੀਅਤ ਕਬੂਲਦੇ ਟਾਈਟਲਰ ਦੀਆਂ 5 ਹੋਰ ਵੀਡੀਓ ਜਨਤਕ

**ਦਿੱਲੀ ਸਿੱਖ ਸਿਆਸਤ ਬਿਊਰੋ:** ਭਾਰਤ ਦੇ ਸਾਬਕਾ ਕੇਂਦਰੀ ਮੰਤਰੀ ਅਤੇ 1984 ਸਿੱਖ ਕਤਲੇਆਮ ਦੇ ਮੁੱਖ ਦੋਸ਼ੀਆਂ ਵਿਚੋਂ ਇਕ ਜਗਦੀਸ਼ ਟਾਈਟਲਰ ਦੇ ਖ਼ਿਲਾਫ਼ ਬੀਤੇ ਦਿਨੀਂ 5 ਵੀਡੀਓ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਭੇਜਣ ਵਾਲੇ ਗੁੰਮਨਾਮ ਸ਼ਖਸ ਨੇ ਹੁਣ ਇੱਕ ਹੋਰ ਲਿਫਾਫਾ ਭੇਜਿਆ ਹੈ। ਮਨਜੀਤ ਸਿੰਘ ਜੀ.ਕੇ. ਦੇ ਘਰ ਵਿਖੇ ਸਪੀਡ ਪੋਸਟ ਤੋਂ 23 ਮਾਰਚ 2018 ਨੂੰ ਭੇਜੇ ਗਏ ਇਸ ਲਿਫਾਫੇ 'ਚ ਇੱਕ ਪੱਤਰ ਦੇ ਨਾਲ ਪੈਨ ਡਰਾਈਵ ਨੱਥੀ ਹੈ। ਜਿਸ 'ਚ ਪੁਰਾਣੇ 5 ਵੀਡੀਓ ਦਾ ਅਸਲੀ ਰੂਪ ਹੈ। ਇਸ ਤੋਂ ਪਹਿਲਾਂ 5 ਫਰਵਰੀ 2018 ਨੂੰ ਜੀ.ਕੇ. ਨੇ ਟਾਈਟਲਰ ਦੇ 5 ਵੀਡੀਓ ਜਾਰੀ ਕੀਤੇ ਸਨ। ਉਪਰੋਕਤ ਵੀਡੀਓ ਵਿਚ ਟਾਈਟਲਰ 100 ਸਿੱਖਾਂ ਦਾ ਕਤਲ ਕਰਨ, ਦਿੱਲੀ ਹਾਈ ਕੋਰਟ 'ਚ ਪਾਠਕ ਜੋੜੇ ਨੂੰ ਜੱਜ ਨਿਯੁਕਤ ਕਰਵਾਉਣ ਅਤੇ 150 ਕਰੋੜ ਦੇ ਕਾਲੇ ਧਨ ਦੇ ਬਾਰੇ ਗੱਲ ਕਰਦੇ ਹੋਏ ਆਪਣੇ ਬੇਟੇ ਦੀ ਕੰਪਨੀ ਦਾ ਸਿਵਿਸ ਬੈਂਕ 'ਚ ਖਾਤਾ ਹੋਣ ਦਾ ਹਵਾਲਾ ਦੇ ਰਿਹਾ ਸੀ। ਪਰ ਦਿੱਲੀ ਕਮੇਟੀ ਵੱਲੋਂ ਇਸ ਵੀਡੀਓ ਨੂੰ ਜਾਰੀ ਕਰਨ ਦੇ ਬਾਅਦ ਟਾਈਟਲਰ ਨੇ ਜੀ.ਕੇ. ਅਤੇ ਹੋਰ ਅਕਾਲੀ ਸਾਂਸਦਾਂ ਨੂੰ ਮਾਨਹਾਨੀ ਦਾ ਨੋਟਿਸ ਭੇਜਦੇ ਹੋਏ ਇਸ ਵੀਡੀਓ ਦੀ ਸੱਚਾਈ 'ਤੇ ਸਵਾਲ ਚੁੱਕਿਆ ਸੀ। ਜੀ.ਕੇ. ਨੂੰ ਪੱਤਰ ਭੇਜਣ ਵਾਲੇ ਨੇ ਦਾਅਵਾ ਕੀਤਾ ਹੈ ਕਿ ਟਾਈਟਲਰ ਦੀ ਵੀਡੀਓ ਜਨਤਕ ਹੋਣ ਦੇ ਬਾਅਦ ਟਾਈਟਲਰ ਦੇ ਖ਼ਿਲਾਫ਼ ਸੀ.ਬੀ.ਆਈ. ਵੱਲੋਂ 1984 ਸਿੱਖ ਕਤਲੇਆਮ ਅਤੇ ਪਰਿਵਰਤਨ ਨਿਦੇਸ਼ਾਲਏ ਵੱਲੋਂ ਮਨੀ ਲਾਡਰਿੰਗ ਕੇਸਾਂ ਦੀ ਜਾਂਚ ਸ਼ੁਰੂ ਹੋਣ ਨਾਲ ਉਹ ਬੌਖਲਾ ਗਿਆ ਹੈ। ਇਹ ਵੀਡੀਓ ਪੂਰੀ ਤਰ੍ਹਾਂ ਨਾਲ ਸੱਚੀਆਂ ਹਨ ਅਤੇ ਪੈਨ ਡਰਾਈਵ 'ਚ ਇਸ ਵਾਰ ਆਈ 5 ਵੀਡੀਓ 'ਚ ਟਾਈਟਲਰ ਦੇ ਨਾਲ ਗੱਲਬਾਤ ਕਰ ਰਿਹਾ ਸ਼ਖਸ ਬਿਲਕੁਲ ਸਾਫ਼ ਨਜ਼ਰ ਆ ਰਿਹਾ ਹੈ। ਇਹ ਸ਼ਖਸ ਦਿੱਲੀ ਦਾ ਵਪਾਰੀ ਰਵਿੰਦਰ ਸਿੰਘ ਚੌਹਾਨ ਹੈ ਅਤੇ ਇਸਦੇ ਮੋਬਾਈਲ ਨੰਬਰ 'ਤੇ ਗੱਲ ਕਰਕੇ ਤੁਸੀਂ ਸੱਚ ਤਕ ਪੁਜ ਸਕਦੇ ਹੋ।

ਜੀ.ਕੇ. ਦੇ ਸ਼ੁਭਚਿੰਤਕ ਨੇ ਦਾਅਵਾ ਕੀਤਾ ਹੈ ਕਿ ਠੀਕ ਸਮਾਂ ਆਉਣ ਤੇ ਮੈਂ ਇਸ ਵੀਡੀਓ ਦੀ ਲਗਭਗ 1 ਘੰਟੇ ਦੀ ਅਸਲੀ ਰਾ-ਫੁਟੇਜ ਨੂੰ ਲੈ ਕੇ ਮੀਡੀਆ ਅਤੇ ਕੋਰਟ ਦੇ ਸਾਹਮਣੇ ਵੀ ਪੇਸ਼ ਹੋ ਜਾਵਾਂਗਾ ਅਤੇ ਅਦਾਲਤ 'ਚ 65 ਬੀ ਗਵਾਹੀ ਐਕਟ ਦੇ ਤਹਿਤ ਇਸ ਵੀਡੀਓ ਨੂੰ ਪ੍ਰਮਾਣ ਦੇ ਤੌਰ 'ਤੇ ਪੇਸ਼ ਕਰਾਂਗਾ ਜੋ ਕਿ 8 ਦਸੰਬਰ 2011 ਨੂੰ ਟਾਈਟਲਰ ਵੱਲੋਂ ਕੀਤੇ ਗਏ ਕਬੂਲਨਾਮੇ ਦਾ ਸੱਚ ਬਿਆਨ ਕਰਦੀ ਹੈ।

ਇਸ ਮਸਲੇ ਨੂੰ ਲੈ ਕੇ ਸੋਮਵਾਰ ਨੂੰ ਜੀ.ਕੇ. ਨੇ ਕਾਂਸਟੀਚਿਊਸ਼ਨ ਕਲੱਬ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ 24 ਮਾਰਚ ਨੂੰ ਸਵੇਰੇ ਉਨ੍ਹਾਂ ਨੇ ਚੌਹਾਨ ਨੂੰ ਫੋਨ ਕਰਕੇ ਦੱਸਿਆ ਕਿ ਟਾਈਟਲਰ ਦੇ ਨਾਲ ਉਨ੍ਹਾਂ ਦੀ ਗੱਲਬਾਤ ਕਰਨ ਵਾਲੀ ਵੀਡੀਓ ਸਾਡੇ ਕੋਲ ਆਈ ਹੈ। ਜੇਕਰ ਤੁਸੀਂ ਸਾਡਾ ਸਹਿਯੋਗ ਕਰੋ ਤਾਂ ਸਿੱਖ ਕੌਮ ਨੂੰ ਇਨਸਾਫ ਪ੍ਰਾਪਤ ਹੋ ਸਕਦਾ ਹੈ। ਤਦ ਚੌਹਾਨ ਨੇ ਕੁੱਝ ਦੇਰ ਬਾਅਦ ਉਨ੍ਹਾਂ ਨੂੰ ਗੱਲਬਾਤ ਕਰਨ ਦੀ ਗੱਲ ਕਹੀ। ਜਿਸਦੇ ਬਾਅਦ ਚੌਹਾਨ ਨਾਲ ਦੁਬਾਰਾ ਹੋਈ ਗੱਲਬਾਤ 'ਚ ਚੌਹਾਨ ਨੇ ਦਿੱਲੀ ਕਮੇਟੀ ਦਫ਼ਤਰ ਸਵੇਰੇ 11.30 ਵਜੇ ਆਉਣ ਦੀ ਗੱਲ ਕਹੀ।



ਪੱਤਰਕਾਰਾਂ ਨੂੰ ਵੀਡੀਓ ਬਾਰੇ ਜਾਣਕਾਰੀ ਦਿੰਦੇ ਹੋਏ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੁਮਾਇੰਦੇ।

ਜੀ.ਕੇ. ਨੇ ਦੱਸਿਆ ਕਿ ਕਮੇਟੀ ਦਫ਼ਤਰ 'ਚ ਇਹਨਾਂ 5 ਵੀਡੀਓ ਨੂੰ ਦੇਖਣ ਦੇ ਬਾਅਦ ਚੌਹਾਨ ਨੇ ਸੱਚ ਦਾ ਸਾਥ ਦੇਣ ਦਾ ਭਰੋਸਾ ਦਿੰਦੇ ਹੋਏ ਇਸ ਵੀਡੀਓ 'ਚ ਖੁਦ ਆਪ ਦੇ ਹੋਣ ਨੂੰ ਵੀ ਪ੍ਰਮਾਣਿਤ ਕੀਤਾ। ਜਦੋਂ ਮੈਂ ਚੌਹਾਨ ਨੂੰ ਇਹ ਗੱਲ ਮੀਡੀਆ ਦੇ ਸਾਹਮਣੇ ਕਹਿਣ ਲਈ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਮੀਡੀਆ ਦੀ ਬਜਾਏ ਇਹ ਗੱਲ ਵੀਡੀਓ ਰਿਕਾਰਡਿੰਗ ਦੇ ਜਰੀਏ ਕਹਿਣ ਦੀ ਹਾਮੀ ਭਰੀ। ਜੀ.ਕੇ. ਨੇ ਦੱਸਿਆ ਕਿ ਇਸਦੇ ਬਾਅਦ ਮੈਂ ਆਪ ਚੌਹਾਨ ਨਾਲ ਗੱਲਬਾਤ ਕਰਦੇ ਹੋਏ ਵੀਡੀਓ ਰਿਕਾਰਡ ਕਰਵਾਈ ਤਾਂ ਕਿ ਸੱਚ ਸਾਹਮਣੇ ਆ ਸਕੇ ਜੀ.ਕੇ. ਨੇ ਕਿਹਾ ਕਿ ਹੁਣ ਇਸ ਨਵੇਂ ਖ਼ੁਲਾਸੇ ਤੋਂ ਸਪੱਸ਼ਟ ਹੋ ਗਿਆ ਹੈ ਕਿ ਟਾਈਟਲਰ ਦੇ ਬਾਰੇ 'ਚ ਜਾਰੀ ਕੀਤੀ ਗਈ ਪਹਿਲੀ ਵੀਡੀਓ ਪੂਰੀ ਤਰ੍ਹਾਂ ਨਾਲ ਪ੍ਰਮਾਣਿਤ ਸੀ ਅਤੇ ਸ਼ੁਭਚਿੰਤਕ ਵੱਲੋਂ ਪੱਤਰ 'ਚ ਦਿੱਤੇ ਗਏ ਭਰੋਸੇ ਤੋਂ ਇਹ ਗੱਲ ਵੀ ਤੈਅ ਹੋ ਗਈ ਹੈ ਕਿ ਸਮਾਂ ਆਉਣ ਤੇ ਟਾਈਟਲਰ ਦੇ ਖ਼ਿਲਾਫ਼ ਕਮੇਟੀ ਦੀ ਮਦਦ 'ਚ ਹੋਰ ਗਵਾਹ ਵੀ ਸਾਹਮਣੇ ਆਉਣਗੇ, ਜੋ ਚਾਹੁੰਦੇ ਹਨ ਕਿ ਸਿੱਖਾਂ ਦੇ ਕਾਤਲਾਂ ਨੂੰ ਸਜ਼ਾ ਮਿਲੇ ਅਤੇ ਸੱਚ ਸਾਹਮਣੇ ਆ ਸਕੇ ਕਮੇਟੀ ਦੇ ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਜਾਂਚ ਏਜੰਸੀਆਂ ਨੂੰ ਚੌਹਾਨ ਦੇ ਧਾਰਾ 164 ਦੇ ਤਹਿਤ ਬਿਆਨ ਰਿਕਾਰਡ ਕਰਨੇ ਚਾਹੀਦੇ ਹਨ। ਤਾਂਕਿ ਟਾਈਟਲਰ ਨੂੰ ਜੇਲ੍ਹ ਭੇਜਿਆ ਜਾ ਸਕੇ। ਟਾਈਟਲਰ ਦੇ ਖਿਲਾਫ਼ ਨਾ ਸਿਰਫ਼ ਹੁਣ ਪੁਖਤਾ ਸਬੂਤ ਆ ਗਏ ਹਨ ਸਗੋਂ ਟਾਈਟਲਰ ਵੱਲੋਂ ਵੀਡੀਓ ਨੂੰ ਝੂਠਾ ਦੱਸਣ ਦਾ ਕੀਤਾ ਜਾ ਰਿਹਾ ਦਾਅਵਾ ਵੀ ਢਹਿ ਗਿਆ ਹੈ। ਸਿਰਸਾ ਨੇ ਕਿਹਾ ਕਿ ਕਾਂਗਰਸ ਪਾਰਟੀ ਨੂੰ ਤੁਰੰਤ ਟਾਈਟਲਰ ਨੂੰ ਪਾਰਟੀ ਚੋਂ ਕੱਢ ਦੇਣਾ ਚਾਹੀਦਾ ਹੈ ਕਿਉਂਕਿ ਟਾਈਟਲਰ ਨੂੰ ਕਤਲ, ਮਨੀ ਲਾਂਡਰਿੰਗ, ਕਾਲਾ ਧਨ ਸਣੇ ਨਿਆਪਾਲਿਕਾ 'ਤੇ ਪ੍ਰਭਾਵ ਪਾਉਣ ਸੰਬੰਧੀ ਸਾਰੇ ਮਾਮਲਿਆਂ 'ਚ ਏਜੰਸੀਆਂ ਦੇ ਸਵਾਲਾਂ ਦਾ ਹੁਣ ਜਵਾਬ ਦੇਣਾ ਪਵੇਗਾ। ਇਸ ਲਈ ਰਾਹੁਲ ਗਾਂਧੀ ਟਾਈਟਲਰ ਨੂੰ ਬਚਾਉਣ ਦੀ ਥਾਂ ਉਸਨੂੰ ਬਾਹਰ ਦਾ ਰਾਹ ਵਿਖਾਉਣ ਦੀ ਹਿੰਮਤ ਦਿਖਾਉਣ। ਇਸ ਮੌਕੇ ਕਮੇਟੀ ਪ੍ਰਧਾਨ ਵੱਲੋਂ ਚੌਹਾਨ ਦਾ ਰਿਕਾਰਡ ਕੀਤਾ ਗਿਆ ਇੰਟਰਵਿਊ ਵੀ ਮੀਡੀਆ ਨੂੰ ਦਿਖਾਇਆ ਗਿਆ। ਕਮੇਟੀ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਹਿਤ, ਸੀਨੀਅਰ ਮੀਤ ਪ੍ਰਧਾਨ ਹਰਮੀਤ ਸਿੰਘ ਕਾਲਕਾ, ਧਰਮ ਪ੍ਰਚਾਰ ਕਮੇਟੀ ਚੇਅਰਮੈਨ ਪਰਮਜੀਤ ਸਿੰਘ ਰਾਣਾ, ਦਿੱਲੀ ਕਮੇਟੀ ਮੈਂਬਰ ਚਮਨ ਸਿੰਘ, ਹਰਜੀਤ ਸਿੰਘ ਜੀ.ਕੇ., ਆਤਮਾ ਸਿੰਘ ਲੁਬਾਣਾ, ਪਰਮਜੀਤ ਸਿੰਘ ਚੰਢੋਕ, ਕਾਨੂੰਨੀ ਵਿਭਾਗ ਮੁਖੀ ਜਸਵਿੰਦਰ ਸਿੰਘ ਜੌਲੀ ਅਤੇ ਮੀਡੀਆ ਵਿਭਾਗ ਮੁਖੀ ਪਰਮਿੰਦਰ ਪਾਲ ਸਿੰਘ ਮੌਜੂਦ ਸਨ।

## ਭਾਰਤ ਦੇ ਵਿਕਾਊ ਮੀਡੀਏ ਦਾ ਸਟਿੰਗ ਜੱਗ ਜ਼ਾਹਿਰ

### *ਪੈਸੇ ਲੈ ਕੇ ਫਿਰਕੂ ਖ਼ਬਰਾਂ ਚਲਾਉਣ ਦੀ ਕੋਝੀ ਕਾਰਵਾਈ*

**ਚੰਡੀਗੜ੍ਹ/ ਸਿੱਖ ਸਿਆਸਤ ਬਿਊਰੋ,** ਕੋਬਰਾਪੋਸਟ ਨਾਮੀਂ ਇਕ ਸੰਸਥਾ ਵਲੋਂ ਇਕ ਸਟਿੰਗ ਜਾਰੀ ਕਰਦਿਆਂ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਦੇ 17 ਵੱਡੇ ਮੀਡੀਆ ਅਦਾਰੇ ਪੈਸੇ ਲੈ ਕੇ ਸਮਾਜ ਵਿਚ ਵੰਡੀਆਂ ਪਾਉਣ ਵਾਲੀਆਂ ਖਬਰਾਂ ਚਲਾਉਣ ਲਈ ਤਿਆਰ ਹੋ ਗਏ ਸਨ। ਜਾਰੀ ਕੀਤੀ ਗਈ ਵੀਡੀਓ ਵਿਚ ਇਕ ਅੰਡਰਕਵਰ ਪੱਤਰਕਾਰ ਇਹਨਾਂ ਮੀਡੀਆ ਅਦਾਰਿਆਂ ਦੇ ਉੱਚ ਅਧਿਕਾਰੀਆਂ ਜਾਂ ਮਾਲਕਾਂ ਨਾਲ ਗੱਲਬਾਤ ਕਰਦਾ ਨਜ਼ਰ ਆ ਰਿਹਾ ਹੈ ਤੇ ਉਪਰੋਕਤ ਖ਼ਬਰਾਂ ਨੂੰ ਚਲਾਉਣ ਲਈ ਇਹ ਲੋਕ ਬਿਨ੍ਹਾ ਕਿਸੇ ਬਿਲ ਤੋਂ ਨਗਦ ਰਾਸ਼ੀ ਲੈਣ ਲਈ ਵੀ ਰਜ਼ਾਮੰਦ ਹਨ। ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਮੁਤਾਬਿਕ ਇਸ ਸਟਿੰਗ ਵਿਚ ਸ਼ਾਮਿਲ ਮੀਡੀਆ ਅਦਾਰਿਆਂ ਵਿਚ ਡੀ.ਐਨ.ਏ, ਦੈਨਿਕ ਜਾਗਰਣ, ਅਮਰ ਉਜਾਲਾ, ਇੰਡੀਆ ਟੀ.ਵੀ, ਸਕੂਪਵੂਪ, ਸਾਧਨਾ ਪਰਾਈਮ, ਪੰਜਾਬ ਕੇਸਰੀ, ਯੂ.ਐਨ.ਆਈ ਨਿਊਜ਼, 9ਐਕਸ ਟਸ਼ਨ, ਸਮਾਚਾਰ ਪਲਸ, ਆਜ ਹਿੰਦੀ ਡੇਲੀ, ਸਵਤੰਤਰ ਭਾਰਤ, ਇੰਡੀਆ ਵਾਚ, ਐਚ.ਐਨ.ਐਨ 24'7, ਰੇਡੀਫ.ਕਾਮ, ਸਬ ਟੀਵੀ, ਹਿੰਦੀ ਅਖਬਾਰ ਦੇ ਨਾਂ ਸ਼ਾਮਿਲ ਹਨ।

ਕੋਬਰਾਪੋਸਟ ਵਲੋਂ ਇਸ ਸਟਿੰਗ ਨੂੰ ਆਪਰੇਸ਼ਨ 136 ਨਾਂ ਦਿੱਤਾ ਗਿਆ ਹੈ। ਇਸ ਸਟਿੰਗ ਵਿਚ ਪੱਤਰਕਾਰ ਪੁਸ਼ਪ ਸ਼ਰਮਾ ਇਕ ਇਕ ਹਿੰਦੂਤਵ ਨੁਮਾਂਇੰਦੇ ਦੇ ਰੂਪ ਵਿਚ ਮੀਡੀਆ ਅਦਾਰਿਆਂ ਦੇ ਮਾਲਕਾਂ ਜਾ ਅਧਿਕਾਰੀਆਂ ਨੂੰ ਮਿਲਦਾ ਹੈ। ਉਹ ਆਪਣਾ ਨਾਂ ਅਚਾਰਿਆ ਅਟਲ ਦਸਦਾ ਹੈ ਅਤੇ ਕੁਝ ਥਾਵਾਂ 'ਤੇ ਆਪਣੀ ਪਛਾਣ ਉਜੈਨ ਦੇ ਆਸ਼ਰਮ ਨਾਲ ਦਸ ਕੇ ਮਿਲਦਾ ਹੈ ਅਤੇ ਕੁਝ ਥਾਵਾਂ 'ਤੇ ਸ੍ਰੀਮਦ ਭਾਗਵਤ ਗੀਤਾ ਪ੍ਰਚਾਰ ਸਮਿਤੀ ਦੇ ਨੁਮਾਂਇੰਦੇ ਦੇ ਤੌਰ 'ਤੇ ਆਪਣੀ ਪਛਾਣ ਕਰਾਉਂਦਾ ਹੈ। ਸਟਿੰਗ ਦੀ ਵੀਡੀਓ ਵਿਚ ਅਚਾਰਿਆ ਅਟਲ ਉਪਰੋਕਤ ਮੀਡੀਆ ਅਦਾਰਿਆਂ ਨੂੰ ਹਿੰਦੂਤਵ ਅਜੈਂਡੇ ਨੂੰ ਹੱਲਾਸ਼ੇਰੀ ਦੇਣ ਲਈ ਮਨਾਉਂਦਾ ਨਜ਼ਰ ਆ ਰਿਹਾ ਹੈ। ਇੰਡੀਅਨ ਐਕਸਪ੍ਰੈਸ ਅਖਬਾਰ ਦੀ ਰਿਪੋਰਟ ਮੁਤਾਬਿਕ ਜਦੋਂ ਇਹਨਾਂ ਅਦਾਰਿਆਂ ਦੇ ਨੁਮਾਂਇੰਦਿਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਇਸ ਸਟਿੰਗ ਦੀ ਵੀਡੀਓ ਨੂੰ ਫਰਜ਼ੀ ਕਰਾਰ ਦਿੱਤਾ।

ਕੋਬਰਾਪੋਸਟ ਦੇ ਮੁੱਖ ਸੰਪਾਦਕ ਅਨੀਰੁੱਧ ਬਹਿਲ ਨੇ ਕਿਹਾ ਕਿ ਇਹ ਸਟਿੰਗ ਦਾ ਇਕ ਹਿੱਸਾ ਹੀ ਜਨਤਕ ਕੀਤਾ ਗਿਆ ਹੈ, ਦੂਜੀ ਵੀਡੀਓ ਵੀ ਛੇਤੀ ਜਨਤਕ ਕੀਤੀ ਜਾਵੇਗੀ।


Global Solution for Transportation

GLOBAL SOLUTION FOR TRANSPORTATION GLOBAL

Trucking ਕੰਪਨੀਆਂ ਵਾਸਤੇ ਹੇਠ ਲਿਖੀਆਂ ਸੇਵਾਂਵਾਂ ਉਪਲਬਧ ਹਨ

**E Trucking Solution**

- Trucking Management Software
- Complete Compliance Management
- Billing
- Dispatch By Phone app
- Accounting
- Maintenance Record

**Global Truck Permits**

- Corporation Set Up
- Truck Permits, NY Permits
- License Plates, Kyu Permits
- DOT and ICC -MC Permit
- IFTA Permits, Fuel Tax Filing
- CA -MCP Permits, 2290 Filing

ਨਵੀਆਂ ਕੰਪਨੀਆਂ ਲਈ ਸਪੈਸ਼ਲ ਆਫ਼ਰ

Call For Our Special Promotion -
All Permits For $99.00 only, Before March 31, 2018 For A New Company
(condition apply)



Rajinder Singh Tanda

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

Address:
4646 Qantas Ln, Ste B14
Stockton CA 95206



Lakhvir Singh

Office - 1-800- 936 4011, 209-636-0880
Cell - (510) 557-6988, Fax - (209) 636 0850

email info@etruckingsolution.com www.etruckingsolution.com



ALL STATE INSURANCE

Allstate You're in good hands.

ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ

AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ




ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
- ਕਾਰ ਟਰਾਂਸਫਰ/ਸਟਿੱਕਰ
- ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
- ਲਾਈਵ ਸਕੈਨ/ਫਿੰਗਰ ਪ੍ਰਿੰਟ
- ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
- ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਡਾ. ਮਨਮੋਹਨ ਸਿੰਘ ਪਤਨੀ ਸਮੇਤ ਹਰਿਮੰਦਰ ਸਾਹਿਬ ਵਿਖੇ ਨਤਮਸਤਕ

**ਅੰਮ੍ਰਿਤਸਰ/ਬਿਊਰੋ ਨਿਊਜ਼:** ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਆਪਣੇ ਅੰਮ੍ਰਿਤਸਰ ਦੌਰੇ ਦੌਰਾਨ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਮਗਰੋਂ ਦੇਸ਼ ਵੰਡ ਸਬੰਧੀ ਬਣੇ ਪਾਰਟੀਸ਼ਨ ਮਿਊਜ਼ੀਅਮ ਦਾ ਦੌਰਾ ਕੀਤਾ। ਆਪਣੀ ਪਤਨੀ ਬੀਬੀ ਗੁਰਸ਼ਰਨ ਕੌਰ ਨਾਲ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਲਈ ਪੁੱਜੇ ਸਾਬਕਾ ਪ੍ਰਧਾਨ ਮੰਤਰੀ ਨੇ ਇੱਥੇ ਯਾਤਰੂ ਬੁੱਕ ਵਿੱਚ ਆਪਣੀਆਂ ਭਾਵਨਾਵਾਂ ਦਰਜ ਕਰਦਿਆਂ ਲਿਖਿਆ ਕਿ ਉਨ੍ਹਾਂ 'ਤੇ ਪ੍ਰਮਾਤਮਾ ਦੀ ਕ੍ਰਿਪਾ ਦ੍ਰਿਸ਼ਟੀ ਹੈ ਕਿ ਉਹ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜੇ ਹਨ। ਉਨ੍ਹਾਂ ਨੇ ਪਰਿਕਰਮਾ ਕੀਤੀ ਅਤੇ ਹਰਿਮੰਦਰ ਸਾਹਿਬ ਮੱਥਾ ਟੇਕਿਆ, ਜਿਥੇ ਉਨ੍ਹਾਂ ਨੂੰ ਗੁਰੂ ਘਰ ਵੱਲੋਂ ਸਿਰੋਪਾ ਭੇਟ ਕੀਤਾ ਗਿਆ। ਉਨ੍ਹਾਂ ਕੁਝ ਪਲ ਗੁਰਬਾਣੀ ਦਾ ਕੀਰਤਨ ਸੁਣਿਆ। ਸੂਚਨਾ ਕੇਂਦਰ ਵਿਖੇ ਉਨ੍ਹਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਸੁਨਹਿਰੀ ਤਸਵੀਰ, ਸਿਰੋਪਾ ਤੇ ਲੋਈ ਅਤੇ ਧਾਰਮਿਕ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਗਵੰਤ ਸਿੰਘ ਸਿਆਲਕਾ, ਸਕੱਤਰ ਮਨਜੀਤ ਸਿੰਘ ਅਤੇ ਮੈਨੇਜਰ ਸੁਲੱਖਣ ਸਿੰਘ ਹਾਜ਼ਰ ਸਨ। ਉਪਰੰਤ ਸਾਬਕਾ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੀ ਪਤਨੀ ਟਾਊਨ ਹਾਲ ਵਿੱਚ ਦੇਸ਼ ਵੰਡ ਸਬੰਧੀ ਬਣਿਆ ਪਾਰਟੀਸ਼ਨ ਮਿਊਜ਼ੀਅਮ ਦੇਖਣ ਲਈ ਪੁੱਜੇ। ਲਗਭਗ ਅੱਧੇ ਘੰਟੇ ਦੇ ਠਹਿਰਾਅ ਦੌਰਾਨ ਉਨ੍ਹਾਂ ਨੇ ਵੰਡ ਸਬੰਧੀ ਪਾਰਟੀਸ਼ਨ ਮਿਊਜ਼ੀਅਮ ਦੀਆਂ ਵੱਖ-ਵੱਖ ਗੈਲਰੀਆਂ ਦੇਖੀਆਂ। ਇੱਥੇ ਯਾਤਰੂ ਕਿਤਾਬ ਵਿੱਚ ਆਪਣੀਆਂ ਭਾਵਨਾਵਾਂ ਦਰਜ ਕਰਦਿਆਂ ਉਨ੍ਹਾਂ ਲਿਖਿਆ ਕਿ ਇਹ ਵੰਡ ਮਿਊਜ਼ੀਅਮ ਅਤੀਤ ਵਿੱਚ ਵਾਪਰੇ ਇੱਕ ਦੁਖਦ ਅਧਿਆਇ ਨੂੰ ਯਾਦ ਕਰਾਉਂਦਾ ਹੈ। ਉਨ੍ਹਾਂ ਆਖਿਆ ਕਿ ਭਵਿੱਖ ਵਿੱਚ ਮੁੜ ਅਜਿਹਾ ਕਦੇ ਨਹੀਂ ਵਾਪਰਨਾ ਚਾਹੀਦਾ। ਦੱਸਣਯੋਗ ਹੈ ਕਿ ਡਾ. ਮਨਮੋਹਨ ਸਿੰਘ ਦਾ ਪਰਿਵਾਰ ਵੀ ਦੇਸ਼ ਵੰਡ ਦਾ ਸ਼ਿਕਾਰ ਹੋਇਆ ਸੀ। ਉਹ ਸੰਨ 1932 ਵਿੱਚ ਪਾਕਿਸਤਾਨ ਦੇ ਪਿੰਡ ਗਾਹ ਵਿੱਚ ਪੈਦਾ ਹੋਏ ਸਨ ਅਤੇ ਸੰਨ 1947 ਵਿੱਚ ਅੰਮ੍ਰਿਤਸਰ ਆਏ ਸਨ।



ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੁੰਦੇ ਹੋਏ ਡਾ. ਮਨਮੋਹਨ ਸਿੰਘ ਅਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਗੁਰਸ਼ਰਨ ਕੌਰ।

# ਸ਼੍ਰੋਮਣੀ ਕਮੇਟੀ ਨੇ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਆਈ ਰਾਧੇ ਮਾਂ ਨੂੰ ਕੀਤਾ ਸਨਮਾਨਿਤ

**ਜੰਡਿਆਲਾ ਗੁਰੁ/ਪਰਗਟ ਸਿੰਘ:** ਖੁਦ ਨੂੰ ਦੁਰਗਾ ਮਾਂ ਦਾ ਅਵਤਾਰ ਦੱਸਣ ਵਾਲੀ ਰਾਧੇ ਮਾਂ ਜਦੋਂ ਹਰਿਮੰਦਰ ਸਾਹਿਬ ਨਤਮਸਤਕ ਹੋਣ ਆਈ ਤਾਂ ਲੋਕਾਂ ਦੀ ਵੱਡੀ ਭੀੜ ਜਮਾਂ ਹੋ ਗਈ।

ਰਾਧੇ ਮਾਂ ਦਾ ਅੰਦਾਜ਼ ਵੇਖ ਕੇ ਸਾਰੇ ਲੋਕ ਹੱਕੇ ਬੱਕੇ ਰਹਿ ਗਏ। ਰਾਧੇ ਮਾਂ ਪੰਜ ਦਿਨ ਅੰਮ੍ਰਿਤਸਰ ਵਿੱਚ ਹੀ ਮੌਜੂਦ ਰਹੇਗੀ। ਜਦੋਂ ਰਾਧੇ ਮਾਂ ਹਰਿਮੰਦਰ ਸਾਹਿਬ ਮੱਥਾ ਟੇਕ ਕੇ ਮਿਲੀ ਜਿੰਦਗੀ ਲਈ ਧੰਨਵਾਦ ਕੀਤਾ। ਰਾਧੇ ਮਾਂ ਨੇ ਪੂਰੇ ਰੀਤੀ ਰਿਵਾਜਾਂ ਨਾਲ ਮੱਥਾ ਟੇਕਿਆ , ਪ੍ਰਸ਼ਾਦ ਲਿਆ ਅਤੇ ਬਰਤਣ ਧੋਣ ਦੀ ਸੇਵਾ ਵੀ ਨਿਭਾਈ। ਬਾਅਦ ਵਿਚ ਉਨ੍ਹਾਂ ਨੇ ਲੰਗਰ ਹਾਲ ਵਿਚ ਪ੍ਰਸ਼ਾਦੇ ਵੀ ਬਣਾਏ ਅਤੇ ਲੰਗਰ ਵੀ ਛਕਿਆ। ਰਾਧੇ ਮਾਂ ਨੇ 10000 ਗਲਾਸ , 10000 ਪਲੇਟਾਂ ਅਤੇ 10000 ਚੱਮਚ ਲੰਗਰ ਵਿਚ ਦਾਨ ਕੀਤੇ। ਰਾਧੇ ਮਾਂ ਨੇ ਉੱਥੇ ਆਪਣੇ ਭਗਤਾਂ ਨੂੰ ਵੀ ਸੰਬੋਧਿਤ ਕੀਤਾ, ਜਿਸ ਕਾਰਨ ਦਰਬਾਰ ਸਾਹਿਬ ਦਾ ਰੂਹਾਨੀ ਵਾਤਾਵਰਨ ਭੰਗ ਹੋ ਗਿਆ। ਪਰ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਨੇ ਅਜਿਹਾ ਕਰਨ ਤੋਂ ਉਸ ਨੂੰ ਨਾ ਰੋਕਿਆ। ਦੂਜੇ ਪਾਸੇ ਸ਼੍ਰੀ ਹਰਿਮੰਦਰ ਸਾਹਿਬ ਦੇ ਐਡੀਸ਼ਨਲ ਮੈਨੇਜਰ ਰਾਜਿੰਦਰ ਸਿੰਘ ਰੂਬੀ ਨੇ ਸਿਰੋਪਾ ਅਤੇ ਹਰਿਮੰਦਰ ਸਾਹਿਬ ਦਾ ਮੈਮੋਰੀ ਚਿੰਨ੍ਹ ਦੇ ਕੇ ਰਾਧੇ ਮਾਂ ਨੂੰ ਸਨਮਾਨਿਤ ਕੀਤਾ। ਪਰ ਇਹ ਸਨਮਾਨ ਕਿਸ ਲਈ ਦਿੱਤਾ ਗਿਆ ਤੇ ਇਹ ਆਦੇਸ਼ ਕਿਸ ਨੇ ਦਿੱਤੇ ਇਹ ਅਜੇ ਤੱਕ ਰਹੱਸ ਦਾ ਵਿਸ਼ਾ ਹੈ



# ਪੰਜਾਬ-ਪਾਕਿਸਤਾਨ ਸਰਹੱਦ ਖੁੱਲ੍ਹਣ ਅਤੇ ਪਾਣੀਆਂ ਦਾ ਹੱਕ ਮਿਲਣ ਨਾਲ ਹੀ ਕਿਸਾਨੀ ਖੁਸ਼ਹਾਲ ਹੋਵੇਗੀ: ਦਲ ਖ਼ਾਲਸਾ

**ਜਲੰਧਰ/ਸਿੱਖ ਸਿਆਸਤ ਬਿਊਰੋ:** ਦਲ ਖਾਲਸਾ ਜਥੇਬੰਦੀ ਦੇ ਸਰਗਰਮ ਮੈਂਬਰਾਂ ਦੀ ਇਕੱਤਰਤਾ ਰਣਵੀਰ ਸਿੰਘ ਗੀਗਨਵਾਲ ਕੌਮੀ ਜਥੇਬੰਦਕ ਸਕੱਤਰ ਦੀ ਪ੍ਰਧਾਨਗੀ ਹੇਠ ਸਥਾਨਕ ਗੁਰਦੁਆਰਾ ਸਾਹਿਬ ਵਿਖੇ ਹੋਈ, ਜਿਸ ਵਿੱਚ ਕੌਮ ਨੂੰ ਦਰਪੇਸ਼ ਚਣੌਤੀਆਂ ਅਤੇ ਜਥੇਬੰਦੀ ਦੇ ਵਿਸਥਾਰ ਲਈ ਵਿਚਾਰਾਂ ਹੋਈਆ। ਜਥੇਬੰਦਕ ਸਕੱਤਰ ਰਣਵੀਰ ਸਿੰਘ ਗੀਗਨਵਾਲ ਨੇ ਇਕੱਠ ਨੂੰ ਸੰਬੋਧਨ ਹੁੰਦਿਆ ਕਿਹਾ ਕਿ ਪੰਜਾਬ ਸਰਕਾਰ ਅਪਣੇ ਕੀਤੇ ਸਾਰੇ ਵਾਅਦਿਆਂ ਤੋ ਮੁੱਨਕਰ ਹੋ ਚੁੱਕੀ ਹੈ। ਕਿਸਾਨੀ ਨਿਘਾਰ ਵੱਲ ਜਾ ਰਹੀ ਹੈ ਅਤੇ ਖੁਦਕਸ਼ੀਆਂ ਦਾ ਦੋਰ ਜਾਰੀ ਹੈ। ਸਰਕਾਰ ਵਲੋਂ ਬਜਟ ਵਿੱਚ ਕਿਸਾਨਾ ਦੀਆ ਸਮੱਸਿਆਵਾਂ ਲਈ ਕੁਝ ਨਹੀ ਕੀਤਾ ਗਿਆ। ਖੰਡ ਮਿੱਲਾਂ ਦੇ ਨਵੀਨੀਕਰਨ ਲਈ ਰੱਖੀ ਗਈ ਰਾਛੀ ਵੀ ਨਾਕਾਫੀ ਹੈ। ਕਰਜਾਮਾਫੀ ਵਾਰੇ ਵੀ ਭੰਬਲਭੂਸੇ ਵਾਲਾ ਮਹੌਲ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ-ਪਾਕਿਸਤਾਨ ਬਾਰਡਰ ਵਪਾਰ ਲਈ ਖੁੱਲ ਜਾਏ ਅਤੇ ਪੰਜਾਬ ਦਾ ਦਰਿਆਈ ਪਾਣੀ ਪੰਜਾਬ ਲਈ ਹੀ ਵਰਤਿਆ ਜਾਏ ਤਾਂ ਯਕੀਨਨ ਪੰਜਾਬ ਦਾ ਕਿਸਾਨ ਖੁਸ਼ਹਾਲ ਹੋਵੇਗਾ। ਇਕੱਠ ਨੇ ਫਸਲਾਂ ਦਾ ਭਾਅ ਹੋਰ ਇੰਡਸਟਰੀ ਵਾਂਗ ਕਿਸਾਨਾ ਨੂੰ ਆਪ ਤਹਿ ਕਰਨ ਦੇ ਹੱਕ ਦੀ ਪ੍ਰੋੜਤਾ ਕੀਤੀ। ਭਾਈ ਗੁਰਬਖਸ਼ ਸਿੰਘ ਦੀ ਘਟਨਾ ਵਾਰੇ ਬੋਲਦਿਆਂ ਉਨ੍ਹਾਂ ਕਿਹਾ ਕਿ ਸਿੱਖ ਮਸਲਿਆਂ ਬਾਰੇ ਸਰਕਾਰਾਂ ਕਦੀ ਵੀ ਗੰਭੀਰ ਨਹੀ ਹੋਈਆਂ। ਸਿੱਖਾਂ ਦੀ ਜਾਨ ਦੀ ਕੋਈ ਕੀਮਤ ਨਹੀ। ਸਿੱਖ ਕੌਮ ਨੂੰ ਇਨਾ ਘਟਨਾਵਾਂ ਤੋ ਬਾਅਦ ਗੰਭੀਰਤਾ ਨਾਲ ਵਿਚਾਰ ਕਰਕੇ ਸ਼ਪੱਸ਼ਟ ਤੋਰ 'ਤੇ ਅਪਣੀ ਖੁਦਮੁਖਤਿਆਰੀ ਲਈ ਸੰਘਰਸ਼ ਤੇਜ ਕਰ ਦੇਣਾ ਚਾਹੀਦਾ ਹੈ। ਮੀਟਿੰਗ ਵਿੱਚ ਬਹਾਦਰ ਸਿੰਘ ਰੁੜਕਾ ਨੂੰ ਜਲੰਧਰ ਇਕਾਈ ਦਾ ਜ਼ਿਲ੍ਹਾ ਪ੍ਰਧਾਨ ਅਤੇ ਅੰਗਰੇਜ਼ ਸਿੰਘ ਅੱਟਾ ਨੂੰ ਜਨਰਲ ਸਕੱਤਰ ਥਾਪਿਆ ਗਿਆ। ਮਨਜਿੰਦਰ ਸਿੰਘ ਸੋਹਲ ਅਤੇ ਸਤਨਾਮ ਸਿੰਘ ਰੁੜਕਾ ਨੂੰ ਸਲਾਹਕਾਰ ਨਿਯੁਕਤ ਕੀਤਾ ਗਿਆ। ਮੀਟਿੰਗ ਵਿੱਚ ਦਲ ਖਾਲਸਾ ਦੇ ਆਗੂ ਗੁਰਪ੍ਰੀਤ ਸਿੰਘ ਖੁੱਡਾ, ਮਹਿੰਦਰ ਸਿੰਘ, ਸਤਨਾਮ ਸਿੰਘ ਸੰਧੂ, ਜਸਵੀਰ ਸਿੰਘ ਤਖਾਣਮਾਜਰਾ, ਕੁਲਵਿੰਦਰ ਸਿੰਘ, ਜੋਗਾ ਸਿੰਘ ਪਾਸਲਾ, ਸੰਦੀਪ ਸਿੰਘ, ਅਮਰੀਕ ਸਿੰਘ, ਜਤਿੰਦਰ ਸਿੰਘ, ਇੰਦਰਪਾਲ ਸਿੰਘ, ਹਰਜੋਤ ਸਿੰਘ, ਜਸਪ੍ਰੀਤ ਸਿੰਘ, ਗੁਰਮੇਲ ਸਿੰਘ ਆਦਿ ਹਾਜ਼ਿਰ ਸਨ।




॥ ਗੁਰਬਰ ਅਕਾਲ ॥

*"Gurbar Akaal - God is Most Powerful and Immortal"*
**- Guru Gobind Singh Ji, Jaap Sahib**

BAISAKHI 2018
CELEBRATION
KEERTAN DARBAR & NAGAR KEERTAN



PLEASE ATTEND WITH YOUR FAMILY AND FRIENDS!
ALL ARE WELCOME

**Sunday, April 8, 2018 • 7:00 am - 6:00 pm**
**Los Angeles Convention Center**
1201 S. FIGUEROA STREET, LOS ANGELES, CA 90015

AMRIT VELA PROGRAM
GURU RAM DAS ASHRAM
1620 Preuss Rd., Los Angeles, CA 90035
3:30 am Asa di Var Program
6:30 am Grand Motorcade Procession of Siri Guru Granth Sahib Ji to the Convention Center

KEERTAN DARBAR PROGRAM
Convention Center, Concourse Hall
7:00 am Prakash of Siri Guru Granth Sahib Ji, followed by Children's Jethas from Southern CA Gurudwaras, Ragi Jethas from Southern CA Gurudwaras, Guest Ragi Jethas & Honored Guests
*Children's Activities Room • Baisakhi Bazaar*
*Langar served all day*
3:00 pm Grand Procession of Siri Guru Granth Sahib Ji to the Guru's Nagar Keertan Float

NAGAR KEERTAN PROGRAM
Gilbert Lindsey Plaza and Downtown Los Angeles
*Gatka Demonstrations*
*Delicious snacks served after the parade*
3:00 pm - 6:00 pm

AMRIT SANCHAR
April 7, at Guru Ram Das Ashram

**Please call: (310) 201-0954**
*For more Baisakhi Celebration information, visit*
www.gururamdasashram.org

47434

ਆਪ ਜੀ ਸਾਰੇ ਪਰਿਵਾਰ ਸਮੇਤ ਸੇਵਾ ਵਿੱਚ ਸ਼ਾਮਿਲ ਹੋਵੋ, ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ



ਅੰਮ੍ਰਿਤਸਰ ਟਾਈਮਜ਼
Weekly Punjabi Newspaper

**Corporate Office**
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਕੈਨੇਡਾ ਦੇ ਉੱਘੇ ਅਖ਼ਬਾਰ ਵੈਨਕੂਵਰ ਸਨ ਵਲੋਂ ਸਿੱਖ ਵਿਰੋਧੀ ਖ਼ਬਰਾਂ ਛਾਇਆ ਕਰਨ ਸਬੰਧੀ ਉੱਘੇ ਸਿੱਖ ਅਮਰੀਕਨ ਆਗੂ ਭਾਈ ਰਾਮ ਸਿੰਘ ਵਲੋਂ ਅਖ਼ਬਾਰ ਦੇ ਮਾਲਕ ਸੰਪਾਦਕ ਡੌਗਲਸ ਟੌਡ ਨੂੰ ਲਿਖੇ ਪੱਤਰ ਦਾ ਮੂਲ:

# ਕੈਨੇਡੀਅਨ ਸਿੱਖਾਂ ਬਾਰੇ ਕੂੜ ਪ੍ਰਚਾਰ

**24 ਮਾਰਚ 2018**

**ਮਿਸਟਰ ਟੌਡ,**

ਇਹ ਬੜੇ ਦੁੱਖ ਵਾਲੀ ਗੱਲ ਹੈ ਕਿ ਦੂਸਰੇ ਕੈਨੇਡੀਅਨ ਮੀਡੀਏ ਵਾਂਗ ਤੁਸੀਂ ਵੀ ਕੈਨੇਡਾ ਤੇ ਭਾਰਤ ਦੇ ਮਸਲਿਆਂ ਦੇ ਸਬੰਧ ਵਿੱਚ ਸਿੱਖਾਂ ਨੂੰ ਦੋਸ਼ੀ ਠਹਿਰਾਅ ਰਹੇ ਹੋ।

ਬਹੁਤ ਹੀ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਮੀਡੀਆ ਨੇ ਕਦੇ ਇਹ ਜਾਣਨ ਦੀ ਲੋੜ ਹੀ ਨਹੀਂ ਸਮਝੀ ਕਿ ਲੱਗਭਗ 7 ਦਹਾਕਿਆਂ ਦੌਰਾਨ ਭਾਰਤ ’ਚ ਸਿੱਖਾਂ ਨਾਲ ਕਿੰਨੀਆਂ ਵਧੀਕੀਆਂ ਅਤੇ ਨਾਇਨਸਾਫ਼ੀ ਕੀਤੀ ਗਈ ਹੈ। ਹਿੰਦੂ ਕੱਟੜਵਾਦੀਆਂ ਦੀ ਭਾਰਤੀ ਜਨਤਾ ਪਾਰਟੀ ਦੇ ਰਾਜ ਦੌਰਾਨ ਭਾਰਤ ’ਚ ਸਿੱਖਾਂ ਨੂੰ ਅਪਣੀ ਆਜ਼ਾਦ ਹਸਤੀ ਬਰਕਰਾਰ ਰੱਖਣ ਦੀ ਵੀ ਇਜ਼ਾਜ਼ਤ ਨਹੀਂ ਦਿੱਤੀ ਜਾ ਰਹੀ। ਭਾਰਤ ਦੇ ਆਜ਼ਾਦ ਹੋਣ ਤੋਂ ਲੈ ਕੇ ਅੱਜ ਤੱਕ ਫੈਡਰਲ ਸਰਕਾਰ ਨੇ ਸਿੱਖ ਬਹੁਗਿਣਤੀ ਵਾਲੇ ਸੂਬੇ ਪੰਜਾਬ ਦੇ ਪਾਣੀਆਂ ਅਤੇ ਦੂਸਰੇ ਕੁਦਰਤੀ ਸਾਧਨਾਂ ਦੀ ਲੁੱਟ ਕਰਕੇ ਹੋਰਨਾਂ ਸੂਬਿਆਂ ਨੂੰ ਦੇਣ ਅਤੇ ਕੇਂਦਰ ਸਰਕਾਰ ਦੀਆਂ ਨੌਕਰੀਆਂ ਵਿੱਚ ਸਿੱਖਾਂ ਨੂੰ ਭਰਤੀ ਤੋਂ ਵਾਂਝਿਆਂ ਰੱਖਣ ਦਾ ਸਿਲਸਿਲਾ ਬੇਰੋਕ ਜਾਰੀ ਰੱਖਿਆ ਹੋਇਆ ਹੈ। 80ਵਿਆਂ ਵਿੱਚ ਅਪਣੇ ਹੱਕਾਂ ਦੀ ਮੰਗ ਕਰਦਿਆਂ ਸਿੱਖਾਂ ਵਲੋਂ ਕੀਤੇ ਸਮੂਹਕ ਰੋਸ ਮੁਜ਼ਾਹਰਿਆਂ ਉੱਤੇ ਨੀਮ ਫੌਜੀ ਦਲਾਂ ਨੇ ਕਹਿਰ ਢਾਹੇ। ਇੱਥੇ ਹੀ ਬੱਸ ਨਹੀਂ ਭਾਰਤੀ ਫੌਜ ਨੇ ਜੂਨ 1984 ਵਿੱਚ ਸਿੱਖਾਂ ਦੇ ਸਰਬ ਉੱਚ ਧਾਰਮਿਕ ਸਥਾਨ ਸ੍ਰੀ ਹਰਿਮੰਦਰ ਸਾਹਿਬ ਉੱਤੇ ਹਮਲਾ ਕਰਕੇ ਹਜ਼ਾਰਾਂ ਬੇਕਸੂਰ ਸਿੱਖਾਂ ਨੂੰ ਮਾਰ ਮੁਕਾਇਆ। ਉਸਤੋਂ ਬਾਅਦ ਨਵੰਬਰ 1984 ਵਿੱਚ ਭਾਰਤ ਦੀ ਰਾਜਧਾਨੀ ਵਾਲੇ ਸ਼ਹਿਰ ਦਿੱਲੀ ਸਮੇਤ ਦੇਸ ਦੇ ਵੱਖ ਵੱਖ ਭਾਗਾਂ ਵਿੱਚ ਬੜੀ ਸੋਝੀ ਸਮਝੀ ਸਕੀਮ ਹੇਠ ਸਿੱਖਾਂ ਦਾ ਕਅਤਲੇਆਮ ਕੀਤਾ ਗਿਆ। ਸਿੱਖ ਨਸਲਕੁਸ਼ੀ ਦੇ ਪੀੜਤ ਪਿਛਲੇ ਲਗਭਗ 33 ਸਾਲਾਂ ਤੋਂ ਇਨਸਾਫ਼ ਦੀ ਭੀਖ ਮੰਗਦੇ ਆ ਰਹੇ ਹਨ। ਅਮਰੀਕਾ, ਕੈਨੇਡਾ ਤੇ ਹੋਰਨਾਂ ਮੁਲਕਾਂ ਵਿੱਚ ਵਸੇ ਸਿੱਖਾਂ ਵਿਚੋਂ ਬਹੁਤੇ ਸਿੱਖ ਭਾਰਤ ਵਿੱਚ ਸਿੱਖਾਂ ਉੱਤੇ ਢਾਹੇ ਜਾਂਦੇ ਹਕੂਮਤੀ ਜੁਲਮਾਂ ਅਤੇ ਬਹੁਗਿਣਤੀ ਹਿੰਦੂਆਂ ਵਲੋਂ ਕੀਤੀ ਬੇਇੱਜ਼ਤੀ ਦੇ ਸਤਾਏ ਇਧਰ ਆ ਕੇ ਵਸਣ ਲਈ ਮਜਬੂਰ ਹੋਏ। ਹੈਰਾਨੀ ਦੀ ਗੱਲ ਹੈ ਬਿਪਤਾ ਦੇ ਮਾਰੇ ਇਨ੍ਹਾਂ ਸਿੱਖਾਂ ਨੂੰ ਕਿਹਾ ਜਾ ਰਿਹੈ ਕਿ ਉਨ੍ਹਾਂ ਵਲੋਂ ਭਾਰਤ ਵਿੱਚਲੇ ਅਪਣੇ ਭੈਣਾਂ/ਭਰਾਵਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਨਾ ਅਤੇ ਆਵਾਜ਼ ਬੁਲੰਦ ਕਰਨਾ ਠੀਕ ਨਹੀਂ।





ਭਾਰਤੀ ਹਕੂਮਤ ਦੇ ਜ਼ੁਲਮਾਂ ਵਿਰੁਧ ਇਨਸਾਫ਼ ਦੀ ਪੁਕਾਰ ਕਰਦੇ ਸਿੱਖਾਂ ਨੂੰ ਅੱਜ ਤੱਕ ਇਨਸਾਫ਼ ਨਹੀਂ ਮਿਲਿਆ।

ਸਿੱਖਾਂ ਦਾ ਕਸੂਰ ਸਿਰਫ਼ ਇੰਨਾ ਹੈ ਕਿ ਕੈਨੇਡੀਅਨ ਸਿੱਖ ਨੁਮਾਇੰਦਿਆਂ ਨੇ ਭਾਰਤ ਵਿੱਚ ਸਿੱਖਾਂ ਨਾਲ ਨਾਇਨਸਾਫ਼ੀ ਦਾ ਮੁੱਦਾ ਕੈਨੇਡੀਅਨ ਪਾਰਲੀਮੈਂਟ ਵਿੱਚ ਉਠਾਇਆ। ਸਾਰੇ ਮਸਲੇ ਦੀ ਜੜ੍ਹ ਇਹੋ ਹੈ ਕਿ ਜਦੋਂ ਪਰਵਾਸੀ ਸਿੱਖ ਭਾਰਤ ਵਿਚਲੇ ਅਪਣੇ ਭੈਣਾਂ/ਭਰਾਵਾਂ ਦੇ ਹੱਕ ਵਿੱਚ ਗੱਲ ਕਰਦੇ ਹਨ, ਤਾਂ ਭਾਰਤ ਸਰਕਾਰ ਦਾ ਢਿੱਡ ਦੁੱਖਣ ਲੱਗ ਜਾਂਦਾ ਹੈ। ਭਾਰਤ ਦੇ ਹਾਕਮ ਚਾਹੁੰਦੇ ਹਨ ਕਿ ਵਿਦੇਸ਼ਾਂ ਵਿੱਚ ਸਿੱਖਾਂ ਨਾਲ ਉਹੋ ਜਿਹਾ ਸਲੂਕ ਕੀਤਾ ਜਾਵੇ ਜਿਹੋ ਜਿਹਾ ਭਾਰਤ ਵਿੱਚ ਘੱਟ-ਗਿਣਤੀਆਂ, ਦਲਿਤਾਂ ਤੇ ਹੋਰਨਾਂ ਦੱਬੇ ਕੁਚਲੇ ਲੋਕਾਂ ਨਾਲ ਕੀਤਾ ਜਾਂਦਾ ਹੈ। ਕੈਨੇਡੀਅਨ ਸਿੱਖਾਂ ਦੀ ਆਲੋਚਨਾ ਕਰਨ ਵਾਲੇ ਵਿਰੋਧੀ ਅਨਸਰ ਚਾਹੁੰਦੇ ਹਨ ਕਿ ਸਿੱਖ ਕੌਮਾਂਤਰੀ ਕਾਨੂੰਨਾਂ ਅਧੀਨ ਪ੍ਰਾਪਤ ਅਪਣੇ ਮੁਢਲੇ ਹੱਕਾਂ ਦੀ ਗੱਲ ਤੱਕ ਨਾ ਕਰਨ। ਇਸ ਕਿਧਰ ਦਾ ਇਨਸਾਫ਼ ਹੈ ?

ਅਸਲੀਅਤ ਤਾਂ ਇਹ ਹੈ ਕਿ ਪਿਛਲੇ 30 ਸਾਲਾਂ ਤੋਂ ਪੰਜਾਬ ਵਿੱਚ ਕੋਈ ਵੱਡੀ ਘਟਨਾ ਨਹੀਂ ਵਾਪਰੀ। ਪਰ ਜੇ ਤੁਸੀਂ ਭਾਰਤੀ ਸਰਕਾਰ ਵਲੋਂ ਭਰਮਾਏ ਵਿਦੇਸ਼ੀ ਮੀਡੀਆ ਦੀ ਸੁਣੋ ਤਾਂ ਕੈਨੇਡਾ ਵਿਚਲੇ ਸਿੱਖ, ਖਾਲਿਸਤਾਨੀ ਅਤੇ ਅਤਿਵਾਦੀਆਂ ਦੇ ਹਮਦਰਦ ਹਨ। ਪਿਛਲੇ ਮਹੀਨੇ ਤੋਂ ਭਾਰਤ ਸਰਕਾਰ ਨੇ ਕੈਨੇਡਾ ਦੇ ਸਾਰੇ ਉੱਘੇ ਸਿੱਖ ਆਗੂਆਂ ਨੂੰ ਭਾਰਤ ਵਿਰੋਧੀ ਸਾਜ਼ਿਸ਼ ’ਚ ਭਾਈਵਾਲ ਹੋਣ ਦੇ ਦੋਸ਼ੀ ਸਿੱਧ ਕਰਨ ਲਈ ਅੱਡੀ-ਚੋਟੀ ਦਾ ਜੋਰ ਲਾਇਆ ਹੋਇਆ ਹੈ। ਪਰ ਜਨਾਬ ਕੋਈ ਸਬੂਤ ਤਾਂ ਵਿਖਾਉਣ। ਕੈਨੇਡੀਅਨ ਅਦਾਲਤਾਂ ਨੇ ਸੰਨ 1985 ਦੀਆਂ ਵਾਰਦਾਤਾਂ ਵਿੱਚ ਸ਼ਮੂਲੀਅਤ ਦੇ ਸਬੰਧ ਵਿੱਚ ਜਿਨ੍ਹਾਂ ਸਿੱਖਾਂ ਨੂੰ ਗ੍ਰਿਫਤਾਰ ਕਰਕੇ ਮੁਕਦਮੇ ਚਲਾਏ, ਸਬੂਤਾਂ ਦੀ ਅਣਹੋਂਦ ਕਾਰਨ ਅਦਾਲਤਾਂ ਨੇ ਉਨ੍ਹਾਂ ਨੂੰ ਬਰੀ ਕਰਦਿਆਂ ਅਪਣੇ ਫੈਸਲਿਆਂ ਵਿੱਚ ਪੁਲੀਸ ਤੇ ਹੋਰਨਾਂ ਏਜੰਸੀਆਂ ਖਿਲਾਫ਼ ਸਖ਼ਤ ਟਿਪਣੀਆਂ ਦਰਜ ਕੀਤੀਆਂ।

ਅਦਾਲਤੀ ਕੇਸਾਂ ’ਚੋਂ ਰਿਹਾਅ ਹੋਣ ਦੇ ਲਗਭਗ 20 ਵਰ੍ਹਿਆਂ ਬਾਅਦ ਵੀ ਕੈਨੇਡੀਅਨ ਮੀਡੀਆ ਅਤੇ ਹਿੰਦਆੂਂ ਵਲੋਂ ਸਿੱਖਾਂ ਨੂੰ ਅਜੇ ਵੀ ਦੋਸ਼ੀ ਠਹਿਰਾਇਆ ਜਾਣਾ ਜਾਰੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤ ਦੇ ਮੁਕਾਬਲੇ ਕੈਨੇਡਾ ਦਾ ਮੀਡੀਆ ਕਿਤੇ ਵੱਧ ਆਜ਼ਾਦ ਅਤੇ ਨਿਰਪੱਖ ਹੈ। ਇਸ ਲਈ ਬਣਦਾ ਇਹੋ ਹੈ ਕਿ ਇਸ ਮਸਲੇ ਦੇ ਸਾਰੇ ਪਹਿਲੂਆਂ ਸਬੰਧੀ ਡੂੰਘੀ ਘੋਖ ਕਰਕੇ ਸੱਚਾਈ ਸਾਹਮਣੇ ਲਿਆਂਦੀ ਜਾਵੇ।

ਵੇਖਿਆ ਜਾਵੇ ਤਾਂ ਅਸਲ ਵਿੱਚ ਹਿੰਦੂਆਂ ਦੇ ਸਿੱਖਾਂ ਹੱਥੋਂ ਸਤਾਏ ਜਾਣ ਦੀ ਮਿਸਾਲ ਤੁਹਾਨੂੰ ਕੈਨੇਡਾ ਵਿੱਚ ਕਿਧਰੇ ਵੀ ਵੇਖਣ ਨੂੰ ਨਹੀਂ ਮਿਲੇਗੀ। ਮਿਸ ਨਾਇਡੂ ਦਾ ਬਿਆਨ ਵਿੱਚ ਅਸਲ ਵਿੱਚ ਇਸਦੀ ਪੁਸ਼ਟੀ ਹੀ ਕਰਦਾ ਹੈ।

ਕ੍ਰਿਪਾ ਕਰਕੇ ਕੈਨੇਡੀਅਨ ਸਿੱਖਾਂ, ਜਿਹੜੇ ਬੜੇ ਮਾਣ ਨਾਲ ਅਪਣੇ ਮੁਲਕ ਦੀ ਸੇਵਾ ਨੂੰ ਸਮਰਪਿਤ ਹਨ, ਨੂੰ ਉਨ੍ਹਾਂ ਦੇ ਮੁੱਢਲੇ ਰਾਜਸੀ ਅਧਿਕਾਰਾਂ ਤੋਂ ਵਾਂਝਿਆਂ ਕਰਨ/ਰੱਖਣ ਵਾਲੀ ਗੱਲ ਨਾ ਕਰੋ।

ਸੁਹਿਰਦਤਾ ਨਾਲ

**ਰਾਮ ਸਿੰਘ**

ਈਮੇਲ ਸੰਪਰਕ :

sing1944@hotmail.com

## ਲੰਗਾਹ ਵਲੋਂ ਅਕਾਲ ਤਖ਼ਤ ’ਤੇ ਪੇਸ਼ ਹੋਣ ਦੇ ਯਤਨ

### *ਸਤਿਕਾਰ ਕਮੇਟੀ ਨੇ ਸੁੱਚਾ ਸਿੰਘ ਲੰਗਾਹ ਵਿਰੁੱਧ ਮੋਰਚਾ ਖੋਲ੍ਹਿਆ*

**ਗੁਰਦਾਸਪੁਰ/ਬਿਊਰੋ ਨਿਊਜ਼:**

ਜਬਰ ਜਨਾਹ ਕੇਸ ਵਿਚ ਹਾਈ ਕੋਰਟ ਤੋਂ ਜ਼ਮਾਨਤ ਮਿਲਣ ਪਿੱਛੋਂ ਗੁਰਦਾਸਪੁਰ ਦੇ ਵਧੀਕ ਸੈਸ਼ਨ ਜੱਜ ਦੀ ਅਦਾਲਤ ਵਿਚ ਪੇਸ਼ੀ ਭੁਗਤਣ ਆਇਆ ਸੁੱਚਾ ਸਿੰਘ ਲੰਗਾਹ ਅਦਾਲਤ ਤੋਂ ਬਾਹਰ ਆਉਣ ਪਿੱਛੋਂ ਸਮਰਥਕਾਂ ਨੂੰ ਦੇਖ ਕੇ ਉਤਸ਼ਾਹ ਵਿਚ ਨਜ਼ਰ ਆ ਰਿਹਾ ਸੀ। ਹਾਲਾਂ ਕਿ ਇਸੇ ਦੌਰਾਨ ਲੰਗਾਹ ਦਾ ਤਿੱਖਾ ਵਿਰੋਧ ਕਰਦੇ ਆ ਰਹੇ ਸਤਿਕਾਰ ਕਮੇਟੀ ਦੇ ਮੈਂਬਰ ਪਹੁੰਚੇ ਹੋਏ ਸਨ। ਇਸ ਮੌਕੇ ਲੰਗਾਹ ਨੇ ਕਿਹਾ ਕਿ ਉਨ੍ਹਾਂ ਵਿਰੁੱਧ ਝੂਠੇ ਦੋਸ਼ ਲਾਏ ਗਏ ਸਾਰੇ ਦੋਸ਼ ਝੂਠੇ ਹਨ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਉਹ ਅਕਾਲ ਤਖ਼ਤ ਸਾਹਿਬ ਅੱਗੇ ਪੇਸ਼ ਹੋਣ ਜਾ ਰਹੇ ਹਨ ਤਾਂ ਉਨ੍ਹਾਂ ਕਿਹਾ ਕਿ ਉਹ ਪਹਿਲਾਂ ਅਰਜ਼ੀ ਦੇਣਗੇ ਤੇ ਜਦੋਂ ਸੱਦਣਗੇ, ਤਾਂ ਉਦੋਂ ਦੇਖਾਂਗੇ। ਦੱਸਣਯੋਗ ਹੈ ਕਿ ਲੰਗਾਹ ਵਿਰੁੱਧ ਜਬਰ ਜਨਾਹ ਦਾ ਮਾਮਲਾ ਦਰਜ ਹੋਣ ਪਿੱਛੋਂ ਜਿੱਥੇ ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਨੂੰ ਪਾਰਟੀ ਵਿਚੋਂ ਬਰਖ਼ਾਸਤ ਕਰ ਦਿੱਤਾ ਸੀ, ਉੱਥੇ ਅਕਾਲ ਤਖ਼ਤ ਸਾਹਿਬ ਨੇ ਵੀ ਪੰਥ ਵਿੱਚੋਂ ਛੇਕ ਦਿੱਤਾ ਸੀ।

ਦੂਜੇ ਪਾਸੇ ਸਤਿਕਾਰ ਕਮੇਟੀ ਦੇ ਏਰੀਆ ਮੈਂਬਰ ਲਖਬੀਰ ਸਿੰਘ ਆਦੀਆ ਨੇ ਕਿਹਾ ਕਿ ਲੰਗਾਹ ਵਿਰੁੱਧ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਮਾਮਲਾ ਅਜੇ ਕਾਇਮ ਹੈ। ਇਸ ਲਈ ਅਕਾਲ ਤਖ਼ਤ ਤੋਂ ਮਾਫੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਅਕਾਲੀ, ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਨੂੰ ਟਿੱਚ ਜਾਣਦੇ ਹਨ ਤੇ ਅਕਾਲ ਤਖ਼ਤ ਸਾਹਿਬ ਨੂੰ ਚਾਹੀਦਾ ਹੈ ਕਿ ਉਹ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਲੰਗਾਹ ਖ਼ਿਲਾਫ਼ ਕਾਰਵਾਈ ਕਰਨ।



# ਪਵਿੱਤਰ ਬਾਸੀ ਦੇ ਕਤਲ ਦੇ ਦੋਸ਼ 'ਚ ਦੋ ਪੰਜਾਬੀ ਮੁੰਡੇ ਪੁਲੀਸ ਵਲੋਂ ਕਾਬੂ

**ਟੋਰਾਂਟੋ/ਨਿਊਜ਼ ਬਿਊਰੋ:** ਬਰੈਂਪਟਨ ਦੇ ਨੌਜਵਾਨ ਪਵਿੱਤਰ ਬਾਸੀ (21 ਸਾਲ) ਨੂੰ ਬੀਤੇ ਸੋਮਵਾਰ ਡਾਂਗਾਂ ਨਾਲ ਬੇਰਹਿਮੀ ਨਾਲ ਕੁੱਟ-ਕੁੱਟ ਕੇ ਮਾਰ ਮੁਕਾਉਣ ਦੇ ਕੇਸ ਦੀ ਪੈੜ ਨੱਪਦਿਆਂ ਪੁਲੀਸ ਨੇ ਦੋ ਪੰਜਾਬੀ ਮੁੰਡਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਕਰਨਵੀਰ ਬਾਸੀ (22 ਸਾਲ) ਅਤੇ ਗੁਰਯੋਧ ਖੱਟੜਾ (22ਸਾਲ ) ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਖ਼ਿਲਾਫ਼ ਪਹਿਲੇ ਦਰਜੇ ਦੇ ਕੇਸ ਦਰਜ ਕੀਤੇ ਹਨ। ਪੁਲੀਸ ਮੁਤਾਬਕ ਕਰਨਵੀਰ ਬਾਸੀ ਦਾ ਭਾਵੇਂ ਪਵਿੱਤਰ ਬਾਸੀ ਨਾਲ ਗੋਤ ਰਲਦਾ ਹੈ ਪਰ ਦੋਹਾਂ ਦੀ ਆਪਸ ਵਿੱਚ ਕੋਈ ਰਿਸ਼ਤੇਦਾਰੀ ਨਹੀਂ ਹੈ। ਸੋਮਵਾਰ ਦੀ ਸ਼ਾਮ 6 ਕੁ ਵਜੇ ਬਰੈਂਪਟਨ ਦੇ ਸਪਰਿੰਗਡੇਲ ਇਲਾਕੇ ਵਿੱਚ ਸੈਂਡਲਵੁੱਡ ਸੈਕੰਡਰੀ ਸਕੂਲ ਨੇੜੇ ਪਵਿੱਤਰ ਬਾਸੀ 'ਤੇ ਸੋਚੀ-ਸਮਝੀ ਸਾਜ਼ਿਸ਼ ਤਹਿਤ ਡਾਂਗਾਂ-ਸੋਟੀਆਂ ਨਾਲ ਹਮਲਾ ਕੀਤਾ ਗਿਆ ਪਰ ਪੁਲੀਸ ਦੇ ਮੌਕੇ 'ਤੇ ਪਹੁੰਚਣ ਤੋਂ ਪਹਿਲਾਂ ਹੀ ਹਮਲਾਵਰ ਕਾਰ ਵਿੱਚ ਫਰਾਰ ਹੋ ਗਏ ਸਨ। ਘਟਨਾ ਵਾਲੀ ਜਗ੍ਹਾ ਤੋਂ ਮ੍ਰਿਤਕ ਦੇ ਘਰ ਦਾ ਫਾਸਲਾ ਕਿਲੋਮੀਟਰ ਦਾ ਹੀ ਹੈ। ਪੀੜਤ ਨੂੰ ਗੰਭੀਰ ਹਾਲਤ ਵਿੱਚ ਟੋਰਾਂਟੋ ਦੇ ਟਰੌਮਾ ਸੈਂਟਰ ਵਿੱਚ ਲਿਜਾਇਆ ਗਿਆ ਪਰ ਮੰਗਲਵਾਰ ਦੀ ਸਵੇਰ ਅੰਦਰੂਨੀ ਸੱਟਾਂ ਦੀ ਤਾਬ ਨਾ ਝੱਲਦਿਆਂ ਉਹ ਹਸਪਤਾਲ ਵਿੱਚ ਦਮ ਤੋੜ ਗਿਆ। ਪਵਿੱਤਰ ਕੈਨੇਡਾ ਦਾ ਹੀ ਜੰਮਪਲ ਸੀ। ਪੁਲੀਸ ਵੱਲੋਂ ਮਾਮਲੇ ਦੀ ਅਜੇ ਹੋਰ ਜਾਂਚ ਕੀਤੀ ਜਾ ਰਹੀ ਹੈ। ਇਸ ਲੜਾਈ ਦੇ ਕਾਰਨਾਂ ਦਾ ਹਾਲੇ ਤੱਕ ਪਤਾ ਨਹੀਂ ਲੱਗਿਆ ਪਰ ਇਸ ਘਟਨਾ ਕਾਰਨ ਸਮੁੱਚਾ ਪੰਜਾਬੀ ਭਾਈਚਾਰਾ ਚਿੰਤਤ ਹੈ।



# ਅਪਾਹਜ ਵਿਅਕਤੀ ਦੀ ਕੁੱਟ ਮਾਰ ਕਰਨ ਵਾਲੇ ਤਿੰਨ ਪੰਜਾਬੀਆਂ ਦੀ ਪੁਲਿਸ ਵਲੋਂ ਪਛਾਣ

**ਟੋਰਾਂਟੋ/ਮਿਊਜ਼ ਬਿਊਰੋ:** ਭਰਵੀਂ ਪੰਜਾਬੀ ਵਸੋਂ ਵਾਲੇ ਇੱਥੋਂ ਨੇੜਲੇ ਸ਼ਹਿਰ ਮਿਸੀਸਾਗਾ ਦੇ ਬੱਸ ਸਟੇਸ਼ਨ ਵਿੱਚ ਇੱਕ ਮੰਦਬੁੱਧੀ ਵਿਅਕਤੀ ਦੀ ਕੁੱਟਮਾਰ ਕਰਨ ਵਾਲੇ ਪੰਜਾਬੀ ਮੁੰਡਿਆਂ ਦੇ ਪੂਰੇ ਕੈਨੇਡਾ ਵਿੱਚ ਵਾਰੰਟ ਜਾਰੀ ਹੋਏ ਹਨ। 25 ਸਾਲਾ ਰਣਜੋਤ ਸਿੰਘ ਧਾਮੀ ਅਤੇ ਉਸਦੇ ਦੋਸਤਾਂ ਦੀ ਕੁੱਟਮਾਰ ਵਾਲੀ ਵੀਡੀਓ ਪਿਛਲੇ ਦਿਨੀਂ ਜਨਤਕ ਹੋਣ ਮਗਰੋਂ ਪੁਲੀਸ ਨੇ ਉਨ੍ਹਾਂ ਦੇ ਵਾਰੰਟ ਕੱਢੇ ਹਨ। ਪੁਲੀਸ ਨੇ ਉਸਦੇ ਦੂਜੇ ਸਾਥੀ ਪਰਮਵੀਰ ਚਾਹਲ (21 ਸਾਲ) ਦੀ ਵੀ ਪਛਾਣ ਜਾਰੀ ਕਰ ਦਿੱਤੀ ਹੈ। ਸੂਤਰਾਂ ਮੁਤਾਬਕ ਸਰੀ (ਬ੍ਰਿਟਿਸ਼ ਕੋਲੰਬੀਆ) ਦਾ ਰਹਿਣ ਵਾਲਾ ਰਣਜੋਤ ਟੋਰਾਂਟੋ ਘੁੰਮਣ ਫਿਰਨ ਲਈ ਆਇਆ ਹੋਇਆ ਹੈ। ਪੁਲੀਸ ਨੇ ਦੱਸਿਆ ਕਿ ਧਾਮੀ ਅਤੇ ਉਸ ਦੇ ਦੋ ਹੋਰ ਸਾਥੀ ਅਜੇ ਟੋਰਾਂਟੋ ਇਲਾਕੇ ਵਿੱਚ ਹੀ ਹੋ ਸਕਦੇ ਹਨ। ਤੀਜੇ ਮੁੰਡੇ ਦੀ ਪਛਾਣ ਅਜੇ ਜਨਤਕ ਨਹੀਂ ਕੀਤੀ ਗਈ। ਦੱਸਣਯੋਗ ਹੈ ਕਿ ਪਿਛਲੇ ਹਫ਼ਤੇ ਇਨ੍ਹਾਂ ਤਿੰਨ ਮੁੰਡਿਆਂ ਨੇ ਬੱਸ ਸਟੇਸ਼ਨ ਦੀਆਂ ਪੌੜੀਆਂ ਵਿੱਚ ਬੈਠੇ ਮੰਦਬੁੱਧੀ ਵਿਅਕਤੀ ਨੂੰ ਬਿਨਾਂ ਕਿਸੇ ਗੱਲ ਤੋਂ ਠੁੱਡੇ ਮਾਰੇ ਅਤੇ ਮੁੱਕਿਆਂ ਨਾਲ ਕੁੱਟਿਆ ਸੀ ਅਤੇ ਇਹ ਸਭ ਕੁਝ ਸੀਸੀਟੀਵੀ ਕੈਮਰੇ ਵਿੱਚ ਰਿਕਾਰਡ ਹੋ ਗਿਆ ਸੀ।



# ਆਸਟਰੇਲੀਆ ਵੱਲੋਂ ਸਬ ਕਲਾਸ 457 ਵੀਜ਼ਾ ਪ੍ਰੋਗਰਾਮ ਬੰਦ ਕਰਨ ਨਾਲ ਭਾਰਤੀਆਂ ਲਈ ਮੁਸ਼ਕਲਾਂ ਵਧੀਆਂ

**ਮੈਲਬਰਨ/ਨਿਊਜ਼ ਬਿਊਰੋ:** ਆਸਟਰੇਲੀਆ ਨੇ ਪਰਵਾਸੀਆਂ ਕਾਮਿਆਂ ਵਿੱਚ ਮਕਬੂਲ ਰੁਜ਼ਗਾਰਦਾਤਾ ਸਪਾਂਸਰਸ਼ਿਪ ਵਾਲੇ ਸਬ ਕਲਾਸ 457 ਵੀਜ਼ਾ ਪ੍ਰੋਗਰਾਮ ਨੂੰ ਬੰਦ ਕਰ ਦਿੱਤਾ ਹੈ, ਜਿਸ ਦੀ ਭਾਰਤੀਆਂ ਵੱਲੋਂ ਆਸਟਰੇਲੀਆ ਜਾਣ ਲਈ ਵੱਡੇ ਪੱਧਰ 'ਤੇ ਵਰਤੋਂ ਕੀਤੀ ਜਾ ਰਹੀ ਸੀ। ਇਸ ਦੀ ਥਾਂ ਨਵਾਂ ਤੇ ਸਖ਼ਤ ਪ੍ਰੋਗਰਾਮ ਆਇਦ ਕੀਤਾ ਗਿਆ ਹੈ, ਜਿਸ ਵਿੱਚ ਅੰਗਰੇਜ਼ੀ ਜ਼ੁਬਾਨ ਵੀ ਵਧੇਰੇ ਮੁਹਾਰਤ ਅਤੇ ਵੱਧ ਕਿਰਤ ਹੁਨਰਮੰਦੀ ਦੀ ਲੋੜ ਹੋਵੇਗੀ। ਆਸਟਰੇਲੀਆ ਦੇ 457 ਵੀਜ਼ਾ ਪ੍ਰੋਗਰਾਮ ਦਾ ਇਸਤੇਮਾਲ 95 ਹਜ਼ਾਰ ਤੋਂ ਵੱਧ ਵਿਦੇਸ਼ੀ ਕਾਮਿਆਂ ਵੱਲੋਂ ਕੀਤਾ ਗਿਆ, ਜਿਨ੍ਹਾਂ ਵਿੱਚ ਵਧੇਰੇ ਭਾਰਤੀ ਸਨ। ਇਸ ਪ੍ਰੋਗਰਾਮ ਨੂੰ ਬੀਤੀ 18 ਮਾਰਚ ਨੂੰ ਬੰਦ ਕਰ ਕੇ ਇਸ ਦੀ ਥਾਂ ਟੈਂਪਰੇਰੀ ਸਕਿੱਲਜ਼ ਸ਼ੌਰਟੇਜ (ਹੁਨਰ ਦੀ ਆਰਜ਼ੀ ਘਾਟ) ਵੀਜ਼ਾ ਪ੍ਰੋਗਰਾਮ ਲਾਗੂ ਕੀਤਾ ਹੈ। ਗ਼ੌਰਤਲਬ ਹੈ ਕਿ 457 ਵੀਜ਼ਾ ਪ੍ਰੋਗਰਾਮ ਤਹਿਤ ਆਸਟਰੇਲੀਅਨ ਰੁਜ਼ਗਾਰਦਾਤੇ ਉਨ੍ਹਾਂ ਹੁਨਰਮੰਦੀ ਵਾਲੀਆਂ ਨੌਕਰੀਆਂ ਉਤੇ ਵਿਦੇਸ਼ੀ ਕਾਮਿਆਂ ਨੂੰ ਚਾਰ ਸਾਲ ਲਈ ਰੱਖ ਸਕਦੇ ਸਨ, ਜਿਥੇ ਆਸਟਰੇਲੀਅਨ ਕਾਮਿਆਂ ਦੀ ਘਾਟ ਹੁੰਦੀ ਸੀ। ਇਸ ਵਰਗ ਤਹਿਤ ਆਸਟਰੇਲੀਆ ਵਿੱਚ ਸਭ ਤੋਂ ਵੱਧ ਕਰੀਬ 25 ਫ਼ੀਸਦੀ ਭਾਰਤੀ ਕਾਮੇ ਕੰਮ ਕਰ ਰਹੇ ਹਨ, ਜਿਸ ਤੋਂ ਬਾਅਦ 19.5 ਫ਼ੀਸਦੀ ਬਰਤਾਨੀਆ ਤੇ 5.8 ਫ਼ੀਸਦੀ ਚੀਨ ਨਾਲ ਸਬੰਧਤ ਹਨ।
ਬੀਤੇ ਸਾਲ ਅਪਰੈਲ ਵਿੱਚ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਮੈਲਕਮ ਟਰਨਬੁੱਲ ਨੇ ਮੁਲਕ ਵਿੱਚ ਬੇਰੁਜ਼ਗਾਰੀ ਵਧਣ ਦੇ ਹਵਾਲੇ ਨਾਲ 457 ਵੀਜ਼ਾ ਪ੍ਰੋਗਰਾਮ ਬੰਦ ਕਰਨ ਦੀ ਗੱਲ ਆਖੀ ਸੀ।

## *ਨਿਆਂ ਵਿਭਾਗ ਦਾ ਪੱਤਰ ਜਾਰੀ ਹੋਣ ਦੇ ਇਕ ਸਾਲ ਬਾਅਦ ਅ.ਫਸਰਸ਼ਾਹੀ ਨੇ ਸ਼ੁਰੂ ਕੀਤੀ ਰਜਿਸਟਰੇਸ਼ਨ*

# ਪੰਜਾਬ 'ਚ ਅਨੰਦ ਕਾਰਜ ਐਕਟ ਬਾਰੇ ਸਿੱਖਾਂ ਨੂੰ ਪਤਾ ਨਹੀਂ

**ਫਤਹਿਗੜ੍ਹ/ਬਿਊਰੋ ਨਿਊਜ਼:** ਪੰਜਾਬ ਵਿਚ ਅਨੰਦ ਮੈਰਿਜ ਐਕਟ ਲਾਗੂ ਹੋਣ ਬਾਰੇ ਆਮ ਸਿੱਖਾਂ ਨੂੰ ਜਾਣਕਾਰੀ ਨਹੀਂ। ਨਿਆਂ ਵਿਭਾਗ ਵਲੋਂ ਇਸ ਸਬੰਧੀ ਇੱਕ ਪੱਤਰ ਜਾਰੀ ਕੀਤੇ ਜਾਣ ਤੋਂ ਸਾਲ ਬਾਅਦ ਅਫਸਰਸ਼ਾਹੀ ਨੇ ਇਸ ਐਕਟ ਦੇ ਤਹਿਤ ਲਿਖਿਆ ਕਿ ਰੀਤੀ ਰਿਵਾਜ਼ ਨਾਲ ਹੋਏ ਵਿਆਹ ਨੂੰ ਰਜਿਸਟਰੇਸ਼ਨ ਦਾ ਕੰਮ ਸ਼ੁਰੂ ਕਰ ਦਿੱਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਤੇ ਸਾਬਕਾ ਖੇਤੀਬਾੜੀ ਮੰਤਰੀ ਜਥੇਦਾਰ ਤੋਤਾ ਸਿੰਘ ਨੇ ਕਿਹਾ ਕਿ ਸਿੱਖਾਂ ਦੀ ਬੜੇ ਲੰਮੇ ਸਮੇਂ ਤੋਂ ਮੰਗ ਸੀ ਕਿ ਉਨ੍ਹਾਂ ਨੂੰ ਹਿੰਦੂ ਮੈਰਿਜ ਐਕਟ ਤੋਂ ਅਲੱਗ ਕੀਤਾ ਜਾਵੇ। ਉਹ ਵਿਆਹ ਤਾਂ ਭਾਵੇਂ ਸਿੱਖ ਰੀਤੀ ਰਿਵਾਜ਼ ਨਾਲ ਕਰਦੇ ਸਨ, ਪਰ ਵਿਆਹ ਦੀ ਰਜਿਸਟਰੇਸ਼ਨ ਹਿੰਦੂ ਮੈਰਿਜ ਐਕਟ ਅਧੀਨ ਹੁੰਦੀ ਸੀ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਸਮੇਂ ਸਾਰੇ ਨਿਯਮ ਬਣਾ ਕੇ 19 ਦਸੰਬਰ 2016 ਦੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਸੀ। ਸਾਲ 2012 ਵਿਚ ਡਾ. ਮਨਮੋਹਨ ਸਿੰਘ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਸਮੇਂ ਸੰਸਦ ਨੇ ਸਿੱਖਾਂ ਦੇ ਵਿਆਹ ਅਨੰਦ ਮੈਰਿਜ ਐਕਟ ਅਧੀਨ ਰਜਿਸਟਰੇਸ਼ਨ ਕਰਨ ਦੇ ਲਈ ਰਸਤਾ ਸਾਫ਼ ਕੀਤਾ ਸੀ। ਸੁਪਰੀਮ ਕੋਰਟ ਨੇ 2006 ਦੌਰਾਨ ਆਪਣੇ ਫੈਸਲੇ ਵਿਚ ਨਿਰਦੇਸ਼ਾਂ ਦੇ ਬਾਅਦ ਰਾਜ ਨੂੰ ਵਿਆਹ ਸੰਬੰਧੀ ਜ਼ਰੂਰੀ ਰਜਿਸਟਰੇਸ਼ਨ ਕਰਨ ਬਾਰੇ ਕਾਨੂੰਨੀ ਤੌਰ 'ਤੇ ਕਿਹਾ ਗਿਆ ਸੀ। ਸਾਲ 2006 ਵਿਚ ਵਿਆਹ ਦੀ ਰਜਿਸਟਰੇਸ਼ਨ ਜ਼ਰੂਰੀ ਹੋਣ ਤੋਂ ਬਾਅਦ ਵਿਚ ਸਿੱਖ ਰੀਤੀ ਰਿਵਾਜ਼ ਨਾਲ ਹੋਏ ਵਿਆਹ ਵੀ ਹਿੰਦੂ ਐਕਟ ਅਧੀਨ ਰਜਿਸਟਰੇਸ਼ਨ ਵਿਚ ਕਰਾਉਣੇ ਪੈ ਰਹੇ ਹਨ। ਇਸ ਦਾ ਕਾਰਨ 1909 ਵਿਚ ਲਾਗੂ ਹੋਏ ਅਨੰਦ ਕਾਰਜ ਐਕਟ ਵਿਚ ਵਿਆਹ ਰਜਿਸਟਰੇਸ਼ਨ ਕਰਾਉਣ ਦੀ ਮਦ ਦਾ ਸ਼ਾਮਲ ਨਾ ਹੋਣਾ ਸੀ। ਭਾਵੇਂ 1909 ਵਾਲਾ ਅਨੰਦ ਮੈਰਿਜ ਐਕਟ ਕਦੀ ਵੀ ਖਤਮ ਨਹੀਂ ਹੋਇਆ ਤੇ ਇਹ ਐਕਟ ਅਨੰਦ ਕਾਰਜ ਹੋਏ ਵਿਆਹ ਨੂੰ ਮਾਨਤਾ ਦਿੰਦਾ ਆ ਰਿਹਾ ਸੀ। ਪਰ ਇਸ ਵਿਚ ਰਜਿਸਟਰੇਸ਼ਨ ਦੀ ਮਦ ਨਾ ਹੋਣ ਦੇ ਕਾਰਨ ਮਜ਼ਬੂਰੀਵਸ ਸਿੱਖਾਂ ਨੂੰ ਵਿਆਹ ਦੀ ਰਜਿਸਟਰੇਸ਼ਨ ਹਿੰਦੂ ਮੈਰਿਜ ਐਕਟ ਅਧੀਨ ਕਰਵਾਉਣੀ ਪੈਂਦੀ ਸੀ। ਇਸ ਐਕਟ ਮੁਤਾਬਕ ਜਿਸ ਸਥਾਨ, ਪਿੰਡ (ਸ਼ਹਿਰ) ਵਿਚ ਅਨੰਦ ਕਾਰਜ ਦੀ ਰਸਮ ਹੋਈ ਤਾਂ ਉਸ ਖੇਤਰ ਦੇ ਅਧਿਕਾਰੀ ਦੇ ਕੋਲ ਹੀ ਪੰਜਾਬ ਅਨੰਦ ਮੈਰਿਜ ਰਜਿਸਟਰੇਸ਼ਨ ਰੂਲਜ਼ 2016 ਤਹਿਤ ਅਰਜ਼ੀ ਦਿੱਤੀ ਜਾ ਸਕਦੀ ਸੀ। ਰਾਜ ਸਰਕਾਰ ਦੇ ਨਿਆਂ ਵਿਭਾਗ ਨੇ 3 ਅਪ੍ਰੈਲ 2017 ਨੂੰ ਰਜਿਸਟਰਾਰ ਜਨਰਲ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਚੰਡੀਗੜ੍ਹ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਾਂ ਦੇ ਰਾਜ ਦੇ ਕਾਨੂੰਨੀ ਸਲਾਹਕਾਰ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਪੰਜਾਬ ਅਨੰਦ ਕਾਰਜ ਐਕਟ ਰਜਿਸਟਰੇਸ਼ਨ ਰੂਲਜ਼ 2016 ਬਾਰੇ ਹਦਾਇਤਾਂ ਦਿੱਤੀਆਂ। ਪਰ ਅ.ਫਸਰਸ਼ਾਹੀ ਨੇ ਇਸ ਪੱਤਰ ਤੋਂ ਸਾਲ ਬਾਅਦ ਅਮਲ ਸ਼ੁਰੂ ਕਰਦੇ ਹੁਣ ਇਸ ਐਕਟ ਤਹਿਤ ਸਿੱਖ ਰੀਤੀ ਨਾਲ ਹੋਏ ਵਿਆਹ ਦੀ ਰਜਿਸਟਰੇਸ਼ਨ ਦਾ ਕੰਮ ਸ਼ੁਰੂ ਕੀਤਾ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਸਿੱਖਾਂ ਨੂੰ ਜਾਣਕਾਰੀ ਨਹੀਂ। ਇੱਥੇ ਜ਼ਿਕਰਯੋਗ ਹੈ ਕਿ 2012 ਵਿਚ ਪੰਜਾਬ ਕੰਪਲਸਰੀ ਰਜਿਸਟਰੇਸ਼ਨ ਆਫ਼ ਮੈਰਿਜ ਐਕਟ-2012 (ਪੰਜਾਬ ਐਕਟ ਨੰਬਰ 1, 2013) ਪਾਸ ਕੀਤਾ ਗਿਆ। ਇਸ ਦੇ ਬਾਅਦ ਹੁਣ ਤੱਕ ਪੰਜਾਬ ਕੰਪਲਸਰੀ ਰਜਿਸਟਰੇਸ਼ਨ ਆਫ਼ ਮੈਰਿਜ ਰੂਲਜ਼ 2013 ਤਹਿਤ ਵਿਆਹ ਰਜਿਸਟਰ ਕੀਤੇ ਜਾ ਰਹੇ ਹਨ।





## ਅੰਮ੍ਰਿਤਸਰ ਹਵਾਈ ਅੱਡੇ ਨੇ ਭਾਰਤ ਦੇ 34 ਹਵਾਈ ਅੱਡਿਆਂ ਨੂੰ ਪਛਾੜਿਆ

**ਅੰਮ੍ਰਿਤਸਰ/ਬਿਊਰੋ ਨਿਊਜ਼:** ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਨੇ ਵਿੱਤੀ ਸਾਲ 2017-18 ਦੇ ਪਹਿਲੇ 10 ਮਹੀਨਿਆਂ ਵਿਚ ਯਾਤਰੀਆਂ ਤੇ ਹਵਾਈ ਜਹਾਜ਼ਾਂ ਦੀ ਆਵਾਜਾਈ ਵਿਚ ਭਾਰਤ ਦੇ 34 ਅੰਤਰਰਾਸ਼ਟਰੀ ਹਵਾਈ ਅੱਡਿਆਂ ਨੂੰ ਪਿੱਛੇ ਛੱਡ ਦਿੱਤਾ ਹੈ। ਏਅਰ ਪੋਰਟ ਅਥਾਰਟੀ ਆਫ ਇੰਡੀਆ ਵੱਲੋਂ ਮੁਲਕ ਦੇ ਸਾਰੇ ਹਵਾਈ ਅੱਡਿਆਂ ਦੇ ਜਨਵਰੀ 2018 ਦੇ ਜਾਰੀ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਗੁਰੂ ਕੀ ਨਗਰੀ ਸਥਿਤ ਇਸ ਹਵਾਈ ਅੱਡੇ ਤੇ ਘਰੇਲੂ ਅਤੇ ਅੰਤਰਰਾਸ਼ਟਰੀ ਯਾਤਰੀਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।

ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਨੇ ਵਿੱਤੀ ਸਾਲ 2017-18 ਦੇ ਪਹਿਲੇ 10 ਮਹੀਨਿਆਂ ਵਿਚ ਯਾਤਰੀਆਂ ਅਤੇ ਹਵਾਈ ਜਹਾਜ਼ਾਂ ਦੀ ਆਵਾਜਾਈ ਵਿਚ ਭਾਰਤ ਦੇ 34 ਅੰਤਰਰਾਸ਼ਟਰੀ ਹਵਾਈ ਅੱਡਿਆਂ ਨੂੰ ਪਿੱਛੇ ਛੱਡ ਦਿੱਤਾ ਹੈ। ਏਅਰਪੋਰਟ ਅਥਾਰਟੀ ਆਫ ਇੰਡੀਆ ਵੱਲੋਂ ਮੁਲਕ ਦੇ ਸਾਰੇ ਹਵਾਈ ਅੱਡਿਆਂ ਦੇ ਜਨਵਰੀ 2018 ਦੇ ਜਾਰੀ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਦਾ ਹੈ ਕਿ ਗੁਰੂ ਕੀ ਨਗਰੀ ਸਥਿਤ ਇਸ ਹਵਾਈ ਅੱਡੇ ਤੇ ਘਰੇਲੂ ਅਤੇ ਅੰਤਰਰਾਸ਼ਟਰੀ ਯਾਤਰੀਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਅੰਮ੍ਰਿਤਸਰ ਵਿਕਾਸ ਮੰਚ ਦੇ ਓਵਰਸੀਜ਼ ਸੈਕਟਰੀ ਸਮੀਪ ਸਿੰਘ ਗੁਮਟਾਲਾ ਅਨੁਸਾਰ ਵਿੱਤੀ ਸਾਲ 2017-18 ਦੇ ਅਪਰੈਲ ਤੋਂ ਜਨਵਰੀ ਤੱਕ ਦੇ 10 ਮਹੀਨਿਆਂ ਵਿਚ ਇਥੋਂ ਘਰੇਲੂ ਯਾਤਰੀਆਂ ਦੀ ਗਿਣਤੀ ਵਿਚ ਪਿਛਲੇ ਸਾਲ ਦੇ 10 ਮਹੀਨਿਆਂ ਦੇ ਮੁਕਾਬਲੇ 61 ਫ਼ੀਸਦੀ ਵਾਧਾ ਹੋਇਆ ਹੈ, ਜੋ ਦੇਸ਼ ਵਿਚ ਸਭ ਤੋਂ ਜ਼ਿਆਦਾ ਸੀ। ਉਨ੍ਹਾਂ ਕਿਹਾ ਕਿ ਹਵਾਈ ਜਹਾਜ਼ਾਂ ਦੀ ਆਵਾਜਾਈ ਵਿਚ ਵੀ ਭਾਰਤ ਦੇ ਬਾਕੀ ਅੰਤਰਰਾਸ਼ਟਰੀ ਹਵਾਈ ਅੱਡਿਆਂ ਨੂੰ ਵੀ ਮਾਤ ਪਾ ਦਿੱਤੀ ਗਈ ਹੈ।

# ਫਿਰਕੂ ਹਿੰਸਾ ਤੋਂ ਬਾਅਦ ਬਿਹਾਰ, ਪੱਛਮੀ ਬੰਗਾਲ 'ਚ ਤਣਾਅ

### *ਔਰੰਗਾਬਾਦ 'ਚ ਸ਼ੋਭਾ ਯਾਤਰਾ 'ਤੇ ਪੱਥਰਬਾਜ਼ੀ ਤੋਂ ਬਾਅਦ ਭੀੜ ਨੇ ਫੂਕੀਆਂ 50 ਦੁਕਾਨਾਂ*

**ਪਟਨਾ/ਬਿਊਰੋ ਨਿਊਜ਼:** ਰਾਮਨੌਮੀ ਦੇ ਦੂਜੇ ਦਿਨ ਸੋਮਵਾਰ ਨੂੰ ਵੀ ਬਿਹਾਰ ਵਿਚ ਕਈ ਥਾਂ 'ਤੇ ਹਿੰਸਾ ਹੋਈ। ਔਰੰਗਾਬਾਦ ਜ਼ਿਲ੍ਹਾ ਸਭ ਤੋਂ ਵੱਧ ਪ੍ਰਭਾਵਿਤ ਰਿਹਾ। ਇੱਥੇ ਰਾਮਨੌਮੀ ਦੀ ਸ਼ੋਭਾ ਯਾਤਰਾ 'ਤੇ ਹੋਏ ਕਥਿਤ ਪਥਰਾਅ ਤੋਂ ਬਾਅਦ ਲੋਕ ਭੜਕ ਉੱਠੇ। ਗੁੱਸੇ 'ਚ ਆਈ ਭੀੜ ਨੇ ਤਕਰੀਬਨ 50 ਦੁਕਾਨਾਂ ਨੂੰ ਅੱਗ ਲਗਾ ਦਿੱਤੀ। ਪੱਥਰਬਾਜ਼ੀ ਵਿਚ 20 ਪੁਲੀਸ ਮੁਲਾਜ਼ਮਾਂ ਸਮੇਤ 60 ਤੋਂ ਵੱਧ ਲੋਕਾਂ ਦੇ ਜ਼ਖ਼ਮੀ ਹੋਏ ਹਨ।

ਦੋਵਾਂ ਧੜਿਆਂ ਦੀ ਝੜਪ ਨਾਲ ਭੜਕੀ ਹਿੰਸਾ ਤੋਂ ਬਾਅਦ ਜ਼ਿਲ੍ਹਾ ਅਧਿਕਾਰੀ ਰਾਹੁਲ ਰੰਜਨ ਮਹੀਵਾਲ ਨੇ ਜ਼ਿਲ੍ਹੇ ਵਿਚ ਕਰਫਿਊ ਲਗਾ ਦਿੱਤਾ ਹੈ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਗੁੰਡਾ ਅਨਸਰਾਂ ਨੂੰ ਦੇਖਦੇ ਹੀ ਗੋਲੀ ਮਾਰਨ ਦਾ ਹੁਕਮ ਦਿੱਤਾ ਗਿਆ ਹੈ। ਸਥਿਤੀ ਤਣਾਅਪੂਰਨ ਪਰ ਕੰਟਰੋਲ ਵਿਚ ਹੈ। ਪੂਰੇ ਸ਼ਹਿਰ ਨੂੰ ਛਾਉਣੀ ਵਿਚ ਤਬਦੀਲ ਕਰ ਦਿੱਤਾ ਗਿਆ ਹੈ ਤੇ ਕਮਿਸ਼ਨਰ ਤੇ ਡੀਆਈਜੀ ਵੀ ਪਹੁੰਚ ਚੁੱਕੇ ਹਨ। ਦੱਸਿਆ ਜਾ ਰਿਹਾ ਹੈ ਕਿ ਹਿੰਸਾ ਉਦੋਂ ਸ਼ੁਰੂ ਹੋਈ ਜਦੋਂ ਨਵਾਡੀਹ ਇਲਾਕੇ ਵਿਚ ਕੱਢੀ ਜਾ ਰਹੀ ਰਾਮਨੌਮੀ ਦੀ ਸ਼ੋਭਾ ਯਾਤਰਾ 'ਤੇ ਕੁਝ ਲੋਕਾਂ ਨੇ ਪੱਥਰਬਾਜ਼ੀ ਕਰ ਦਿੱਤੀ। ਰਿਪੋਰਟ ਮੁਤਾਬਕ ਦੁਪਹਿਰੇ ਤਕਰੀਬਨ ਦੋ ਵਜੇ ਵੱਖ-ਵੱਖ ਅਖਾੜਿਆਂ ਦੇ ਲੋਕ ਸ਼ੋਭਾ ਯਾਤਰਾ ਲਈ ਜੁੜਨ ਲੱਗੇ ਸਨ। ਜਿਵੇਂ ਹੀ ਠਾਕੁਰਬਾੜੀ ਵੱਲੋਂ ਸ਼ੋਭਾ ਯਾਤਰਾ ਨੇ ਬਜ਼ਾਰ ਵਿਚ ਪ੍ਰਵੇਸ਼ ਕੀਤਾ। ਉਸੇ ਵੇਲੇ ਅਚਾਨਕ ਪਥਰਾਅ ਸ਼ੁਰੂ ਹੋ ਗਿਆ। ਇਸ ਤੋਂ ਬਾਅਦ ਦੂਜੇ ਸਿਰੇ 'ਤੇ ਖੜ੍ਹੇ ਲੋਕ ਭੜਕ ਗਏ ਅਤੇ ਦੁਕਾਨਾਂ ਨੂੰ ਅੱਗ ਲਗਾਉਣ ਲੱਗੇ। ਡੀਐੱਮ ਤੇ ਐੱਸਪੀ ਨੇ ਭੀੜ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਤਕਰੀਬਨ ਚਾਰ ਵਜੇ ਗੁੰਡਾ ਅਨਸਰ ਸ਼ਾਂਤ ਹੋਏ।



### *ਮਾਮਲਾ ਬਜਰੰਗ ਦਲ ਵੱਲੋਂ ਸਮਾਗਮ 'ਚ ਹਥਿਆਰ ਲਹਿਰਾਉਣ ਦਾ*

## ਕੀ ਭਗਵਾਨ ਰਾਮ ਨੂੰ ਕਿਸੇ ਨੇ ਬੰਦੂਕ ਫੜੀ ਦੇਖਿਐ : ਮਮਤਾ

**ਕੋਲਕਾਤਾ/ਬਿਊਰੋ ਨਿਊਜ਼:** ਪੱਛਮੀ ਬੰਗਾਲ ਵਿਚ ਬੀਤੇ ਦਿਨੀਂ ਰਾਮਨੌਮੀ ਦੇ ਤਿਉਹਾਰ ਦੇ ਮੌਕੇ 'ਤੇ ਬਜਰੰਗ ਦਲ ਵੱਲੋਂ ਇੱਕ ਸਮਾਗਮ ਵਿਚ ਹਥਿਆਰ ਲਹਿਰਾਏ ਜਾਣ ਪਿੱਛੋਂ ਵਿਵਾਦ ਵਧ ਗਿਆ ਹੈ। ਸੂਬੇ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਬੀਤੇ ਦਿਨੀਂ ਭਾਜਪਾ ਤੇ ਆਰ ਐਸ ਐਸ 'ਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਹਥਿਆਰਾਂ 'ਤੇ ਪਾਬੰਦੀ ਲਗਾਏ ਜਾਣ ਦੇ ਬਾਵਜੂਦ ਇਨ੍ਹਾਂ ਨੂੰ ਲਿਆਂਦਾ ਗਿਆ। ਉਨ੍ਹਾਂ ਪੁੱਛਿਆ ਕਿ ਕਦੇ ਕਿਸੇ ਨੇ ਭਗਵਾਨ ਰਾਮ ਨੂੰ ਹੱਥ ਵਿਚ ਬੰਦੂਕ ਫੜੀ ਦੇਖਿਆ ਹੈ ? ਮਮਤਾ ਨੇ ਕਿਹਾ ਕਿ ਇਹ ਸਭ ਕਾਨੂੰਨ ਦੀ ਉਲੰਘਣਾ ਕੀਤੀ ਗਈ। ਉਨ੍ਹਾਂ ਕਿਹਾ ਕਿ ਰਾਮਨੌਮੀ ਵਰਗੇ ਪਵਿੱਤਰ ਤਿਉਹਾਰ ਦੇ ਮੌਕੇ 'ਤੇ ਕਿਸੇ ਤਰ੍ਹਾਂ ਦੀ ਬਦਅਮਨੀ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਮਮਤਾ ਬੈਨਰਜੀ ਨੇ ਸਖ਼ਤ ਤਾੜਨਾ ਕਰਦਿਆਂ ਕਿਹਾ ਕਿ ਉਹ ਕਿਸੇ ਭਗਵੇਂਵਾਦੀ ਦੀ ਪ੍ਰਵਾਹ ਨਹੀਂ ਕਰਦੀ ਤੇ ਕਾਨੂੰਨ ਸਭ ਦੇ ਲਈ ਬਰਾਬਰ ਹੈ। ਆਰ ਐਸ ਐਸ ਤੇ ਭਾਜਪਾ ਇਹ ਨਾ ਸਮਝੇ ਕਿ ਉਹ ਹਿੰਸਾ ਫੈਲਾ ਕੇ ਬੰਗਾਲ ਕਬਜ਼ੇ ਵਿਚ ਲੈ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਬੰਗਾਲ ਬੰਗਾਲੀਆਂ ਤੇ ਉਨ੍ਹਾਂ ਦੀ ਦੀਦੀ ਮਮਤਾ ਬੈਨਰਜੀ ਦਾ ਹੈ ਤੇ ਜੋ ਬੰਗਾਲੀਆਂ ਵਿਚ ਫੁੱਟ ਪਾਉਣ ਦਾ ਯਤਨ ਕਰੇਗਾ, ਉਸ ਨੂੰ ਉਸੇ ਭਾਸ਼ਾ ਵਿਚ ਜਵਾਬ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਰ ਐਸ ਐਸ ਤੇ ਭਾਜਪਾ ਬੰਗਾਲੀਆਂ ਦੀ ਏਕਤਾ ਵਿਚ ਫੁੱਟ ਨਹੀਂ ਪਾ ਸਕਣਗੇ।



## ਪੁਰੂਲੀਆ ਹਿੰਸਾ ਵਿਚ ਇਕ ਦੀ ਮੌਤ, 5 ਜ਼ਖ਼ਮੀ

ਰਾਮਨੌਮੀ ਦੇ ਮੌਕੇ 'ਤੇ ਹਥਿਆਰਾਂ ਦੇ ਨਾਲ ਜਲੂਸ ਕੱਢਣ ਦੀ ਘਟਨਾ 'ਤੇ ਪੱਛਮ ਬੰਗਾਲ ਵਿਚ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਤੇ ਭਾਜਪਾ ਵਿਚਾਲੇ ਸਿਆਸਤ ਭਖ ਗਈ ਹੈ। ਪੁਰੂਲੀਆ ਜ਼ਿਲ੍ਹੇ ਵਿਚ ਐਤਵਾਰ ਨੂੰ ਪਾਬੰਦੀ ਦੇ ਬਾਵਜੂਦ ਹਥਿਆਰਾਂ ਦੇ ਨਾਲ ਕੱਢੀ ਇਕ ਰੈਲੀ ਦੌਰਾਨ ਦੋ ਧੜਿਆਂ ਵਿਚਾਲੇ ਹੋਈ ਹਿੰਸਕ ਝੜਪ ਵਿਚਾਲੇ ਇਕ ਵਿਅਕਤੀ ਦੀ ਮੌਤ ਹੋ ਗਈ ਤੇ ਪੰਜ ਪੁਲੀਸ ਵਾਲੇ ਜ਼ਖ਼ਮੀ ਹੋ ਗਏ। ਇਸ ਦੌਰਾਨ, ਪੁਲੀਸ ਨੇ ਹੱਥਾਂ ਵਿਚ ਤ੍ਰਿਸ਼ੂਲ ਲੈ ਕੇ ਜਲੂਸ ਵਿਚ ਸ਼ਾਮਲ ਹੋਣ ਦੇ ਦੋਸ਼ ਵਿਚ ਭਾਜਪਾ ਮਹਿਲਾ ਮੋਰਚਾ ਦੀ ਪ੍ਰਧਾਨ ਲੌਕੇਟ ਚਟਰਜੀ ਦੇ ਖ਼ਿਲਾਫ਼ ਹਥਿਆਰ ਕਾਨੂੰਨ ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਪੁਰੂਲੀਆ ਦੇ ਪੁਲੀਸ ਸੁਪਰਡੈਂਟ ਦਯ ਵਿਸ਼ਵਾਸ ਨੇ ਦੱਸਿਆ ਕਿ ਇਹ ਘਟਨਾ ਉਦੋਂ ਹੋਈ ਜਦੋਂ ਪੁਲੀਸ ਨੇ ਬਜਰੰਗ ਦਲ ਵੱਲੋਂ ਅਰਸਾ ਥਾਣਾ ਇਲਾਕੇ ਵਿਚ ਇਕ ਜਲੂਸ ਵਿਚ ਹਥਿਆਰ ਲੈ ਕੇ ਸ਼ਾਮਲ ਲੋਕਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਇਸ 'ਤੇ ਰੈਲੀ ਵਿਚ ਸ਼ਾਮਲ ਲੋਕਾਂ ਦੇ ਨਾਲ ਪੁਲੀਸ ਦੀ ਝੜਪ ਹੋ ਗਈ। ਇਸ ਦੌਰਾਨ ਦੋ ਧੜਿਆਂ ਵਿਚ ਹੋਏ ਝਗੜੇ ਵਿਚ ਇਕ ਵਿਅਕਤੀ ਗੰਭੀਰ ਰੂਪ ਨਾਲ ਜ਼ਖ਼ਮੀ ਹੋ ਗਿਆ, ਜਿਸ ਦੀ ਬਾਅਦ ਵਿਚ ਮੌਤ ਹੋ ਗਈ।








# ਮੌੜ ਬੰਬ ਕਾਂਡ ’ਚ ਆਇਆ ਨਵਾਂ ਮੋੜ

## - ਤਫ਼ਤੀਸ਼ੀ ਅਫ਼ਸਰ ਦਾ ਅਚਨਚੇਤ ਤਬਾਦਲਾ
## - ਡੇਰਾ ਸਿਰਸਾ ਨੂੰ ਬਚਾਉਣ ਦੇ ਹੋਣ ਲੱਗੇ ਯਤਨ

**ਬਠਿੰਡਾ/ਬਿਊਰੋ ਨਿਊਜ਼:**
ਪੰਜਾਬ ਪੁਲੀਸ ਦੇ ਮੁਖੀ ਵੱਲੋਂ ਮੌੜ ਬੰਬ ਧਮਾਕੇ ਦੀ ਜਾਂਚ ਕਰ ਰਹੇ ਤਫ਼ਤੀਸ਼ੀ ਅਫ਼ਸਰ ਦੇ ਅਚਨਚੇਤੀ ਕੀਤੇ ਤਬਾਦਲੇ ਨੇ ਨਵੀਂ ਚੁੰਝ ਚਰਚਾ ਛੇੜ ਦਿੱਤੀ ਹੈ। ਉਧਰ, ਪੁਲੀਸ ਨੇ ਕਰੀਬ ਇੱਕ ਮਹੀਨੇ ਦੇ ਵਕਫ਼ੇ ਮਗਰੋਂ ਮਾਮਲੇ ਦੀ ਜਾਂਚ ਨੂੰ ਮੁੜ ਲੀਹ ’ਤੇ ਪਾਇਆ ਹੈ।
ਪੰਜਾਬ ਪੁਲੀਸ ਦੇ ਮੁਖੀ ਸੁਰੇਸ਼ ਅਰੋੜਾ ਵੱਲੋਂ ਕੁਝ ਅਰਸਾ ਪਹਿਲਾਂ ਇੰਸਪੈਕਟਰ ਦਲਬੀਰ ਸਿੰਘ ਨੂੰ ਮੌੜ ਧਮਾਕੇ ਦੀ ਜਾਂਚ ਦਾ ਤਫ਼ਤੀਸ਼ੀ ਅਫ਼ਸਰ ਨਿਯੁਕਤ ਕੀਤਾ ਗਿਆ ਸੀ। ਜਾਂਚ ਦਾ ਕੰਮ ਏਨੀ ਤੇਜ਼ੀ ਨਾਲ ਚੱਲਿਆ ਕਿ ਪੁਲੀਸ ਤਿੰਨ ਮੁਲਜ਼ਮਾਂ ਨੂੰ ਨਾਮਜ਼ਦ ਕਰਨ ਮਗਰੋਂ ਡੇਰਾ ਸਿਰਸਾ ਦੇ ਗੇਟ ਤੱਕ ਪੁੱਜ ਗਈ। ਪਰ ਫਿਰ ਅਚਨਚੇਤੀ ਜਾਂਚ ਨੂੰ ਬਰੇਕ ਲੱਗ ਗਈ ਅਤੇ ਪੁਲੀਸ ਨੇ ਵਾਪਸ ਮੋੜਾ ਕੱਟ ਲਿਆ। ਸੂਤਰਾਂ ਮੁਤਾਬਕ ਇਸ ਯੂ-ਟਰਨ ਦੀ ਵਜ੍ਹਾ ਕੋਈ ਵੱਡਾ ਸਿਆਸੀ ਕਾਰਨ ਹੈ। ਪੰਜਾਬ ਪੁਲੀਸ ਦੇ ਮੁਖੀ ਵੱਲੋਂ ਥਾਣਾ ਦਿਆਲਪੁਰਾ ਦੇ ਮੁੱਖ ਥਾਣਾ ਅਫ਼ਸਰ ਦਲਬੀਰ ਸਿੰਘ ਦਾ ਤਬਾਦਲਾ ਹੁਣ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਵਿੱਚ ਕਰ ਦਿੱਤਾ ਗਿਆ ਹੈ। ਇੰਸਪੈਕਟਰ ਦਲਬੀਰ ਸਿੰਘ ਨੇ ਦੋ ਦਿਨ ਪਹਿਲਾਂ ਦਿਆਲਪੁਰਾ ਥਾਣੇ ਵਿੱਚੋਂ ਰਿਲੀਵ ਹੋ ਕੇ ਸੀਆਈਏ ਸਟਾਫ਼ ਸਰਹਿੰਦ ਵਿਖੇ ਬਤੌਰ ਇੰਚਾਰਜ ਜੁਆਇਨ ਕਰ ਲਿਆ ਹੈ। ਸੂਤਰਾਂ ਦੀ ਮੰਨੀਏ ਤਾਂ ਸਰਕਾਰ ਹੁਣ ਮੌੜ ਧਮਾਕੇ ਦੀ ਜਾਂਚ ਨੂੰ ਠੰਢੇ ਬਸਤੇ ਵਿਚ ਰੱਖ ਕੇ, ਆਗਾਮੀ ਚੋਣਾਂ ਮੌਕੇ ਇਸ ਦਾ ਸਿਆਸੀ ਲਾਹਾ ਲੈਣ ਦੇ ਰੌਂਅ ਵਿਚ ਹੈ।
ਦੂਜੇ ਪਾਸੇ ਮੌੜ ਬੰਬ ਧਮਾਕੇ ਦੀ ਜਾਂਚ ਦਾ ਤਫ਼ਤੀਸ਼ੀ ਅਫ਼ਸਰ ਬਦਲੀ ਦੇ ਬਾਵਜੂਦ ਦਲਬੀਰ ਸਿੰਘ ਨੂੰ ਰੱਖਿਆ ਗਿਆ ਹੈ। ਇਕ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਇੰਸਪੈਕਟਰ ਦਲਬੀਰ ਸਿੰਘ ਨੂੰ ਨਵਾਂ ਟਾਸਕ ਦਿੱਤਾ ਗਿਆ ਹੈ, ਜਿਸ ਵਾਸਤੇ ਉਨ੍ਹਾਂ ਦਾ ਤਬਾਦਲਾ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦਾ ਕੀਤਾ ਗਿਆ ਹੈ। ਉਂਜ ਇਹ ਚਰਚਾ ਵੀ ਜ਼ੋਰਾਂ ’ਤੇ ਹੈ ਕਿ ਮੌੜ ਧਮਾਕੇ ਦਾ ਮੁੱਖ ਮੁਲਜ਼ਮ ਗੁਰਤੇਜ ਕਾਲਾ ਆਤਮ ਸਮਰਪਣ ਕਰ ਸਕਦਾ ਹੈ।
ਫ਼ਰਵਰੀ ਮਹੀਨੇ ਵਿੱਚ ਤਾਂ ਕਈ ਪੁਲੀਸ ਅਫ਼ਸਰਾਂ ਵਿੱਚ ਮੌੜ ਧਮਾਕੇ ਨੂੰ ਲੈ ਕੇ ਦੌੜ ਵੀ ਲੱਗ ਗਈ ਸੀ। ਉਦੋਂ ਹਰ ਕੋਈ ਇਸ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਦੇ ਆਹਰ ਵਿੱਚ ਸੀ। ਉਸ ਮਗਰੋਂ ਸਰਕਾਰ ਨੇ ਇਨ੍ਹਾਂ ਦੌੜਾਕਾਂ ਨੂੰ ਬਰੇਕ ਲਾ ਦਿੱਤੀ।
ਯਾਦ ਰਹੇ ਕਿ ਪੁਲੀਸ ਨੇ ਮੌੜ ਧਮਾਕੇ ਦੇ ਮਾਮਲੇ ਵਿੱਚ ਗੁਰਤੇਜ ਕਾਲਾ, ਅਮਰੀਕ ਸਿੰਘ ਅਤੇ ਅਵਤਾਰ ਸਿੰਘ ਨੂੰ ਨਾਮਜ਼ਦ ਕੀਤਾ ਹੋਇਆ ਹੈ। ਇਨ੍ਹਾਂ ਦੇ ਗ੍ਰਿਫ਼ਤਾਰੀ ਵਰੰਟ ਤਲਵੰਡੀ ਸਾਬੋ ਅਦਾਲਤ ਵੱਲੋਂ ਜਾਰੀ ਹੋ ਚੁੱਕੇ ਸਨ। ਮੌੜ ਧਮਾਕੇ ਦੇ ਤਫ਼ਤੀਸ਼ੀ ਅਫ਼ਸਰ ਦਲਬੀਰ ਸਿੰਘ ਨੇ ਫ਼ਤਿਹਗੜ੍ਹ ਸਾਹਿਬ ਵਿੱਚ ਹੋਏ ਤਬਾਦਲੇ ਨੂੰ ਰੁਟੀਨ ਦੀ ਕਾਰਵਾਈ ਕਰਾਰ ਦਿੱਤਾ ਹੈ। ਉਨ੍ਹਾਂ ਸਾਫ਼ ਕਰ ਦਿੱਤਾ ਕਿ ਤਬਾਦਲਾ ਕਿਸੇ ਖਾਸ ਕਾਰਨਾਂ ਕਰਕੇ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਉਹ ਤਬਾਦਲੇ ਦੇ ਬਾਵਜੂਦ ਇਸ ਕੇਸ ਵਿੱਚ ਤਫ਼ਤੀਸ਼ੀ ਅਫ਼ਸਰ ਵਜੋਂ ਕੰਮ ਕਰਦੇ ਰਹਿਣਗੇ। ਉਨ੍ਹਾਂ ਦੱਸਿਆ ਕਿ ਕੇਸ ਦੀ ਜਾਂਚ ਦਾ ਕੰਮ ਜਾਰੀ ਹੈ ਅਤੇ ਅਦਾਲਤ ਵਿੱਚੋਂ ਮੁੜ ਨਾਮਜ਼ਦ ਕੀਤੇ ਮੁਲਜ਼ਮਾਂ ਦੇ ਗ੍ਰਿਫ਼ਤਾਰੀ ਵਰੰਟ ਲਏ ਜਾ ਰਹੇ ਹਨ।

*‘ਵੁਈ ਆਰ ਸਿੱਖਜ਼’*

## ਸਿੱਖ ਪਛਾਣ ਬਾਰੇ ਚੇਤਨਾ ਫੈਲਾਉਣ ਵਾਲੀ ਮੁਹਿੰਮ ਨੂੰ ਮਿਲਿਆ ਪੀਆਰਵੀਕ ਯੂਐਸ ਐਵਾਰਡ 2018

ਵਾਸ਼ਿੰਗਟਨ/ਸਿੱਖ ਸਿਆਸਤ ਬਿਊਰੋ: ਅਮਰੀਕਾ ਦੇ ਸਿੱਖਾਂ ਵੱਲੋਂ ਦੇਸ਼ ਦੇ ਇਸ ਘੱਟਗਿਣਤੀ ਭਾਈਚਾਰੇ ਬਾਰੇ ਚੇਤਨਾ ਫੈਲਾਉਣ ਦੀ ਇਕ ਦੇਸ਼ ਵਿਆਪੀ ਮੁਹਿੰਮ ਨੂੰ ਜਨਤਕ ਹਿੱਤ ਖਾਤਰ ਲੋਕ ਸੰਪਰਕ ਪ੍ਰੋਗਰਾਮ ਦਾ ਸਰਬੋਤਮ ਅਮਰੀਕੀ ਪੁਰਸਕਾਰ ਦਿੱਤਾ ਗਿਆ ਹੈ। ਅਪਰੈਲ ਮਹੀਨੇ ਗੈਰ ਮੁਨਾਫ਼ਾ ਸਮਾਜ ਸੇਵੀ ਸੰਸਥਾ ਨੈਸ਼ਨਲ ਸਿੱਖ ਕੰਪੇਨ ਐਨਐਸਸੀ ਵਲੋਂ ਦੇਸ਼ ਭਰ ਵਿੱਚ ਘੱਟਗਿਣਤੀਆਂ ’ਤੇ ਹੋਣ ਵਾਲੇ ਨਫ਼ਰਤੀ ਹਮਲਿਆਂ ਦੇ ਮੱਦੇਨਜ਼ਰ ਆਪਣੇ ਧਰਮ ਪ੍ਰਤੀ ਚੇਤਨਾ ਫੈਲਾਉਣ ਲਈ ਇਕ ਵਿਗਿਆਪਨ ਮੁਹਿੰਮ ਵੁਈ ਆਰ ਸਿੱਖਜ਼’ ਵਿੱਢੀ ਗਈ ਸੀ। ਇਸ ਮੁਹਿੰਮ ਨੂੰ ਐਫਪੀ1 ਸਟ੍ਰੈਟਿਜੀਜ਼ ਵੱਲੋਂ ਨੇਪਰੇ ਚਾੜ੍ਹਿਆ ਗਿਆ ਸੀ ਜਿਸ ਨੇ ਸਿੱਖਾਂ ਨੂੰ ਇਕ ਆਮ ਗੁਆਂਢੀ ਤੇ ਆਮ ਅਮਰੀਕੀ ਦੀ ਤਰ੍ਹਾਂ ਅਸਰਦਾਰ ਢੰਗ ਨਾਲ ਪੇਸ਼ ਕੀਤਾ ਸੀ ਜਿਨ੍ਹਾਂ ਬਾਰੇ ਦੂਜੇ ਲੋਕਾਂ ਨੂੰ ਉਨ੍ਹਾਂ ਦੇ ਧਰਮ ਦੀ ਜਾਣਕਾਰੀ ਨਾ ਹੋਣ ਕਾਰਨ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਮੁਹਿੰਮ ਨੂੰ ਪੀਆਰਵੀਕ ਯੂਐਸ ਐਵਾਰਡ 2018 ਨਾਲ ਸਨਮਾਨਤ ਕੀਤਾ ਗਿਆ ਹੈ। ਦੂਜੇ ਸ਼ਬਦਾਂ ਵਿੱਚ ਇਸ ਪੁਰਸਕਾਰ ਨੂੰ ਜਨਤਕ ਹਿੱਤ ਦੇ ਖੇਤਰ ਵਿੱਚ ਲੋਕ ਸੰਪਰਕ ਸਨਅਤ ਦਾ ਆਸਕਰ ਵੀ ਆਖਿਆ ਜਾਂਦਾ ਹੈ। ਐਨਐਸਸੀ ਦੇ ਬਾਨੀ ਤੇ ਸੀਨੀਅਰ ਸਲਾਹਕਾਰ ਰਾਜਵੰਤ ਸਿੰਘ ਨੇ ਕਿਹਾ “ਇਹ ਅਮਰੀਕਾ ਦੇ ਸਿੱਖਾਂ ਦੀ ਵੱਡੀ ਪ੍ਰਾਪਤੀ ਹੈ। ਮੈਂ ਹਰ ਉਸ ਸ਼ਖ਼ਸ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਸ ਨੇ ਇਸ ਮੁਹਿੰਮ ਨੂੰ ਸਫ਼ਲ ਬਣਾਉਣ ਵਿੱਚ ਯੋਗਦਾਨ ਪਾਇਆ ਹੈ।” ਉਨ੍ਹਾਂ ਕਿਹਾ ਕਿ ਅਮਰੀਕਾ ਵਿੱਚ ਬਹੁਤ ਸਾਰੇ ਸਿੱਖਾਂ ਨੂੰ ਉਨ੍ਹਾਂ ਦੇ ਧਰਮ ਤੇ ਕਦਰਾਂ ਕੀਮਤਾਂ ਪ੍ਰਤੀ ਲੋਕ ਚੇਤਨਾ ਨਾ ਹੋਣ ਕਾਰਨ ਧੱਕੇ ਧੋੜਿਆਂ, ਵਿਤਕਰੇ ਤੇ ਨਫ਼ਰਤੀ ਹਮਲਿਆਂ ਦਾ ਸ਼ਿਕਾਰ ਹੋਣਾ ਪੈਂਦਾ ਹੈ।” ਇਸ ਮੁਹਿੰਮ ਲਈ 13 ਲੱਖ ਡਾਲਰ ਜੁਟਾਏ ਗਏ ਸਨ ਜਿਸ ਵਿੱਚ ਬਹੁਤਾ ਯੋਗਦਾਨ ਸਿੱਖਾਂ ਦਾ ਸੀ।

# ਬਾਲ.ਗ ਜੋੜਿਆਂ ਨੂੰ ਅਪਣੀ ਮਰਜ਼ੀ ਅਨੁਸਾਰ ਵਿਆਹ ਕਰਾਉਣ ਦਾ ਹੱਕ

## ਸੁਪਰੀਮ ਕੋਰਟ ਵਲੋਂ ਖਾਪ ਦੀ ‘ਖੱਪ’ .ਗੈਰਕਾਨੂੰਨੀ ਕਰਾਰ

**ਨਵੀਂ ਦਿੱਲੀ/ਬਿਊਰੋ ਨਿਊਜ਼:**
ਸੁਪਰੀਮ ਕੋਰਟ ਨੇ ਅੰਤਰ-ਜਾਤੀ, ਅੰਤਰ-ਧਾਰਮਿਕ ਜਾਂ ਕਿਸੇ ਵੀ ਤਰ੍ਹਾਂ ਵਿਆਹੁਤਾ ਬੰਧਨ ਵਿੱਚ ਬੱਝਣ ਵਾਲੇ ਬਾਲ.ਗਾਂ ਦੇ ਵਿਆਹ ਵਿੱਚ ਖਾਪ ਪੰਚਾਇਤਾਂ ਵਰਗੇ ‘.ਗੈਰਕਾਨੂੰਨੀ’ ਸਮੂਹਾਂ ਦੇ ਦਖ਼ਲ ਨੂੰ ‘ਬਿਲਕੁਲ .ਗੈਰਕਾਨੂੰਨੀ’ ਕਰਾਰ ਦਿੱਤਾ ਹੈ। ਆਪਣੇ ਵਿਆਹੁਤਾ ਰਿਸ਼ਤੇ ਕਾਰਨ ਖ਼ਤਰੇ ਦਾ ਸਾਹਮਣਾ ਕਰਨ ਵਾਲੇ ਅਜਿਹੇ ਜੋੜਿਆਂ ਨੂੰ ਭਾਰੀ ਰਾਹਤ ਦਿੰਦਿਆਂ ਸੁਪਰੀਮ ਕੋਰਟ ਨੇ ਆਪਣੇ .ਫੈਸਲੇ ਵਿੱਚ ਅਜਿਹੀਆਂ ਦਖ਼ਲਅੰਦਜ਼ੀਆਂ ਰੋਕਣ ਲਈ ਕੁਝ ਸੇਧਾਂ ਵੀ ਤੈਅ ਕੀਤੀਆਂ ਹਨ।
ਇਹ .ਫੈਸਲਾ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਦੀਪਕ ਮਿਸ਼ਰਾ, ਜਸਟਿਸ ਏ.ਐਮ. ਖਾਨਵਿਲਕਰ ਅਤੇ ਜਸਟਿਸ ਡੀ.ਵਾਈ. ਚੰਦਰਚੂੜ ਦੇ ਬੈਂਚ ਨੇ ਸੁਣਾਇਆ। ਬੈਂਚ ਨੇ ਆਪਣੇ ਹੁਕਮਾਂ ਵਿੱਚ ਕਿਹਾ ਕਿ ਇਸ ਵੱਲੋਂ ਤੈਅ ਸੇਧਾਂ ਇਸ ਸਬੰਧੀ ਅਦਾਲਤ ਵੱਲੋਂ ਢੁਕਵਾਂ ਕਾਨੂੰਨ ਬਣਾਏ ਜਾਣ ਤੱਕ ਅਮਲ ਵਿੱਚ ਰਹਿਣਗੀਆਂ। ਸੁਪਰੀਮ ਕੋਰਟ ਦਾ ਇਹ .ਫੈਸਲਾ ਐਨਜੀਓ ਸ਼ਕਤੀ ਵਾਹਿਨੀ ਵੱਲੋਂ ਦਾਇਰ ਲੋਕ ਹਿੱਤ ਪਟੀਸ਼ਨ ਉਤੇ ਆਇਆ ਹੈ, ਜਿਸ ਨੇ ਸੰਨ 2010 ਵਿੱਚ ਜੋੜਿਆਂ ਦੇ ‘ਅਣਖ਼ ਲਈ ਕਤਲਾਂ’ ਖ਼ਿਲਾਫ਼ ਅਦਾਲਤ ਦੀ ਬੂਹਾ ਖੜਕਾਇਆ ਸੀ।
ਬੈਂਚ ਨੇ ਇਸੇ ਮਹੀਨੇ ਪਟੀਸ਼ਨ ‘ਤੇ ਸੁਣਵਾਈ



ਮੁਕੰਮਲ ਕਰਦਿਆਂ .ਫੈਸਲਾ ਰਾਖਵਾਂ ਰੱਖ ਲਿਆ ਸੀ। ਅਦਾਲਤ ਨੇ ਕਿਹਾ ਸੀ ਕਿ ਜਦੋਂ ਦੋ ਬਾਲ.ਗ ਆਪਸੀ ਸਹਿਮਤੀ ਨਾਲ ਵਿਆਹ ਕਰਾਉਂਦੇ ਹਨ ਤਾਂ ਕਿਸੇ ਰਿਸ਼ਤੇਦਾਰ ਜਾਂ ਹੋਰ ਤੀਜੀ ਧਿਰ ਨੂੰ ਇਸ ਵਿੱਚ ਦਖ਼ਲ ਜਾਂ ਧਮਕੀਆਂ ਦੇਣ ਜਾਂ ਹਿੰਸਾ ਕਰਨ ਦਾ ਕੋਈ ਹੱਕ ਨਹੀਂ ਹੈ। ਸੁਣਵਾਈ ਦੌਰਾਨ ਕੇਂਦਰ ਸਰਕਾਰ ਨੇ ਵੀ ਅਦਾਲਤ ਨੂੰ ਕਿਹਾ ਸੀ ਕਿ ਅਜਿਹੇ ਖ਼ਤਰੇ ਦਾ ਸਾਹਮਣਾ ਕਰਨ ਵਾਲੇ ਜੋੜਿਆਂ ਨੂੰ ਰਾਜ ਸਰਕਾਰਾਂ ਨੇ ਸੁਰੱਖਿਆ ਮੁਹੱਈਆ ਕਰਾਉਣੀ ਚਾਹੀਦੀ ਹੈ। ਅਦਾਲਤ ਨੇ ਇਹ ਵੀ ਸਾਫ਼ ਸੰਕੇਤ ਦਿੱਤਾ ਕਿ ‘ਖਾਪ ਪੰਚਾਇਤਾਂ’ ਨੂੰ ਕੋਈ ਮਾਨਤਾ ਨਹੀਂ ਦਿੱਤੀ ਜਾਵੇਗੀ ਅਤੇ ਉਨ੍ਹਾਂ ਨੂੰ ਮਹਿਜ਼ ਲੋਕਾਂ ਜਾਂ ਭਾਈਚਾਰੇ ਦੇ ਗਰੁੱਪਾਂ ਵਜੋਂ ਹੀ ਦੇਖਿਆ ਜਾਵੇਗਾ। ਅਣਖ਼ ਲਈ ਕਤਲਾਂ ਨੂੰ ਸਮਾਜ ਲਈ ‘ਭਿਆਨਕ’ ਕਰਾਰ ਦਿੰਦਿਆਂ ਸੁਪਰੀਮ ਕੋਰਟ ਨੇ ਇਸ ਸਬੰਧੀ ਰੋਕੂ, ਸੁਧਾਰਕ ਤੇ ਸਜ਼ਾਮੁਖੀ ਸੇਧਾਂ ਜਾਰੀ ਕੀਤੀਆਂ ਹਨ, ਜਿਨ੍ਹਾਂ ਵਿੱਚ ਖਾਪ ਪੰਚਾਇਤਾਂ ਦੀ ਅਜਿਹੇ ਮਾਮਲਿਆਂ ਵਿੱਚ .ਗੈਰਕਾਨੂੰਨੀ ਇਕੱਤਰਤਾ ਨੂੰ ਵੀ ਠੱਲ੍ਹ ਪਾਉਣ ਦੀ ਗੱਲ ਕਹੀ ਗਈ ਹੈ। ਨਾਲ ਹੀ ਸਬੰਧਤ ਜੋੜਿਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੁਰੱਖਿਆ ਮੁਹੱਈਆ ਕਰਾਉਣ ਅਤੇ ਦੋਸ਼ੀਆਂ ਖ਼ਿਲਾਫ਼ ਐਫ਼ਆਈਆਰ ਦਰਜ ਕਰਨ ਪਿੱਛੋਂ ਸਜ਼ਾ ਦਿੱਤੇ ਜਾਣ ‘ਤੇ ਵੀ ਜ਼ੋਰ ਦਿੱਤਾ ਗਿਆ ਹੈ। ਬੈਂਚ ਨੇ ਕਿਹਾ ਹੈ ਕਿ ਜਿਹੜੇ ਸਰਕਾਰੀ ਅਧਿਕਾਰੀ ਇਨ੍ਹਾਂ ਸੇਧਾਂ ਦਾ ਪਾਲਣ ਨਹੀਂ ਕਰਨਗੇ ਤੇ ਅਜਿਹੀਆਂ ਘਟਨਾਵਾਂ ਨੂੰ ਅਣਡਿੱਠ ਕਰਨਗੇ, ਉਨ੍ਹਾਂ ਖ਼ਿਲਾਫ਼ ਸਖ਼ਤ ਵਿਭਾਗੀ ਕਾਰਵਾਈ ਕੀਤੀ ਜਾਵੇ।
ਇਸ ਸਬੰਧੀ ਹਰੇਕ ਜ਼ਿਲ੍ਹੇ ਵਿੱਚ ਵਿਸ਼ੇਸ਼ ਸੈੱਲ ਬਣਾਉਣ ਲਈ ਵੀ ਕਿਹਾ ਗਿਆ ਹੈ, ਜੋ ਖ਼ਤਰੇ ਦਾ ਸਾਹਮਣਾ ਕਰ ਰਹੇ ਜੋੜੇ ਦੀਆਂ ਸ਼ਿਕਾਇਤਾਂ ਦਾ ਨਿਬੇੜਾ ਕਰਨਗੇ। ਨਾਲ ਹੀ ਇਨ੍ਹਾਂ ਮਾਮਲਿਆਂ ‘ਚ ਫਾਸਟ ਟਰੈਕ ਅਦਾਲਤਾਂ ਕਾਇਮ ਕਰਨ ਦਾ ਵੀ ਹੁਕਮ ਦਿੱਤਾ ਗਿਆ ਹੈ। ਅਦਾਲਤ ਨੇ ਕਿਹਾ ਹੈ, “ਵਿਸ਼ੇਸ਼ ਅਦਾਲਤਾਂ ਲਾਜ਼ਮੀ ਰੋਜ਼ਾਨਾ ਆਧਾਰ ਉਤੇ ਸੁਣਵਾਈ ਕਰਨਗੀਆਂ ਤਾਂ ਕਿ ਕੇਸ ਦੀ ਸੁਣਵਾਈ ਸੰਭਵ ਤੌਰ ‘ਤੇ ਛੇ ਮਹੀਨਿਆਂ ਵਿੱਚ ਪੂਰੀ ਹੋ ਜਾਵੇ।“ ਬੈਂਚ ਨੇ ਸੂਬਾਈ ਸਰਕਾਰਾਂ ਨੂੰ ਇਨ੍ਹਾਂ ਸੇਧਾਂ ਉਤੇ ਅਮਲ ਯਕੀਨੀ ਬਣਾਉਣ ਲਈ ਛੇ ਹਫ਼ਤਿਆਂ ਦਾ ਸਮਾਂ ਦਿੱਤਾ ਹੈ।

## ਸਾਇਬੇਰੀਆ ਦੇ ਸ਼ਾਪਿੰਗ ਮਾਲ ’ਚ ਅੱਗ ਨਾਲ 64 ਲੋਕ ਮਾਰੇ ਗਏ

**ਮਾਸਕੋ/ਬਿਊਰੋ ਨਿਊਜ਼:** ਸਾਇਬੇਰੀਆ ਦੇ ਸ਼ਹਿਰ ਕੇਮੇਰੋਵੋ ਦੇ ਵਿੰਟਰ ਚੈਰੀ ਮਾਲ ‘ਚ ਐਤਵਾਰ ਨੂੰ ਅੱਗ ਲੱਗਣ ਕਾਰਨ 64 ਵਿਅਕਤੀ ਮਾਰੇ ਗਏ। ਮਾਲ ‘ਚ ਅੱਗ ਦੀ ਜਾਣਕਾਰੀ ਦੇਣ ਵਾਲੇ ਅਲਾਰਮ ਨਹੀਂ ਵੱਜੇ ਅਤੇ ਹੰਗਾਮੀ ਹਾਲਾਤ ਵੇਲੇ ਉਥੋਂ ਦਾ ਅਮਲਾ ਵੀ ਕਿਤੇ ਦਿਖਾਈ ਨਹੀਂ ਦਿੱਤਾ।ਸਕੂਲਾਂ ਦੀਆਂ ਛੁੱਟੀਆਂ ਹੋਣ ਅਤੇ ਹਫ਼ਤੇ ਦਾ ਅਖੀਰਲਾ ਦਿਨ ਹੋਣ ਕਰਕੇ ਸ਼ਾਪਿੰਗ ਮਾਲ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨਾਲ ਭਰਿਆ ਹੋਇਆ ਸੀ। ਅੱਗ ਬੁਝਾਊ ਅਮਲੇ ਵੱਲੋਂ ਪੂਰੀ ਰਾਤ ਦੀ ਮਿਹਨਤ ਮਗਰੋਂ ਅੱਗ ‘ਤੇ ਅੱਜ ਸਵੇਰੇ ਕਾਬੂ ਪਾਇਆ ਗਿਆ। ਇਮਾਰਤ ਅਜੇ ਵੀ ਸੁਲਗ ਰਹੀ ਹੈ ਅਤੇ ਕੁਝ ਲੋਕ ਸਿਨਮਾ ਹਾਲ ਅੰਦਰ ਮਰੇ ਹੋਏ ਮਿਲੇ। ਮਾਲ ਦੀਆਂ ਚਾਰ ਮੰਜ਼ਿਲਾਂ ਦੀ ਛਾਣ-ਬੀਣ ਕਰਨ ਮਗਰੋਂ 64 ਮੌਤਾਂ ਦੀ ਪੁਸ਼ਟੀ ਹੋਈ ਹੈ। ਐਮਰਜੈਂਸੀ ਹਾਲਾਤ ਬਾਰੇ ਮੰਤਰੀ ਵਲਾਦੀਮੀਰ ਪੁਚਕੋਵ ਨੇ ਮ੍ਰਿਤਕ ਬੱਚਿਆਂ ਦੀ ਗਿਣਤੀ ਨਹੀਂ ਦੱਸੀ। ਛੇ ਵਿਅਕਤੀਆਂ ਨੂੰ ਹਸਪਤਾਲ ‘ਚ ਦਾਖ਼ਲ ਕਰਵਾਇਆ ਗਿਆ ਹੈ। ਸਿਹਤ ਮੰਤਰੀ ਵੇਰੋਨਿਕਾ ਸਕਵੋਰਤਸੋਵਾ ਨੇ ਦੱਸਿਆ ਕਿ 11 ਵਰ੍ਹਿਆਂ ਦੇ ਬੱਚੇ ਨੇ ਚੌਥੀ ਮੰਜ਼ਿਲ ਤੋਂ ਛਾਲ ਮਾਰ ਦਿੱਤੀ ਸੀ ਅਤੇ ਉਹ ਗੰਭੀਰ ਰੂਪ ‘ਚ ਜ਼ਖ਼ਮੀ ਹੈ ਜਦਕਿ ਉਸ ਦੇ ਮਾਪੇ ਅਤੇ ਛੋਟਾ ਭਰਾ ਅੱਗ ‘ਚ ਮਾਰੇ ਗਏ ਹਨ। ਜਾਂਚ ਕਮੇਟੀ ਨੇ ਚਾਰ ਵਿਅਕਤੀਆਂ ਨੂੰ ਹਿਰਾਸਤ ‘ਚ ਲਿਆ ਹੈ ਜਿਨ੍ਹਾਂ ਤੋਂ ਅੱਗ ਦੇ ਕਾਰਨਾਂ ਬਾਰੇ ਪੁੱਛ-ਗਿੱਛ ਕੀਤੀ ਜਾ ਰਹੀ ਹੈ।

## ਗੁਰਦੁਆਰਾ ਸਾਹਿਬ ਰੋਜ਼ਵਿਲ ਵਿਖੇ ਹੋਲਾ ਮਹੱਲਾ ਤੇ ਕਬੱਡੀ ਮੁਕਾਬਲੇ



**ਰੋਜ਼ਵਿਲ/ਹੁਸਨ ਲੜੋਆ ਬੰਗਾ:** ਗੁਰਦੁਆਰਾ ਸਾਹਿਬ ਰੋਜ਼ਵਿਲ, ਕੈਲੀਫੋਰਨੀਆ ਦੀ ਪ੍ਰਬੰਧਕ ਕਮੇਟੀ ਵਲੋਂ ਹੋਲਾ ਮਹੱਲਾ ਦਾ ਤਿਓਹਾਰ ਮਨਾਇਆ ਗਿਆ ਅਤੇ ਇਸਦੇ ਨਾਲ ਹੀ ਕਬੱਡੀ ਮੈਚ ਦੀ ਕਰਵਾਇਆ ਗਿਆ। ਹੋਲੇ ਮਹੱਲੇ ਦੌਰਾਨ ਐਤਵਾਰ ਨੂੰ ਸਜੇ ਦਿਵਾਨਾਂ ਵਿਚ ਕੀਰਤਨੀਏ, ਕਵੀਸ਼ਰ ਅਤੇ ਢਾਡੀ ਜਥਿਆਂ ਨੇ ਮਨੋਹਰ ਗੁਰਬਾਣੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ ਵਲੋਂ ਵੱਖ ਵੱਖ ਤਰ੍ਹਾਂ ਦੇ ਲੰਗਰ ਜਿਵੇਂ ਗੰਨੇ ਦਾ ਰਸ, ਜਲੇਬੀਆਂ ਅਤੇ ਮੁਫ਼ਤ ਧਾਰਮਿਕ ਸਾਹਿਤ ਵੰਡਿਆ ਗਿਆ। ਗੁਰਦੁਆਰਾ ਸਾਹਿਬ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਦੀਆਂ ਨਾਲ ਲਗਦੀਆਂ ਖੇਡ ਗਰਾਊਂਡਾਂ ਵਿਚ ਕਬੱਡੀ ਦੇ ਮੈਚ ਕਰਵਾਏ ਗਏ ਜਿਸ ਵਿਚ ਅੰਡਰ 25 ਅਤੇ ਓਪਨ ਮੈਚ ਹੋਏ। ਸੈਕਰਾਮੈਂਟੋ ਕਿੰਗਜ਼ ਨੇ ਸੈਨਹੋਜ਼ੇ ਦੀ ਟੀਮ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ। ਓਪਨ ਵਿਚ ਰੋਜ਼ਵਿਲ ਸਪੋਰਟਸ ਕਲੱਬ ਦੀ ਟੀਮ ਨੇ ਯੂਬਾ ਸਿਟੀ ਦੀ ਟੀਮ ਨੂੰ ਸਿਰਫ਼ ਡੇਢ ਪੁਆਇੰਟ ’ਤੇ ਕਰੜੇ ਮੁਕਾਬਲੇ ਦੌਰਾਨ ਹਰਾਇਆ। ਇਸ ਧਾਰਮਿਕ ਸਮਾਗਮ ਅਤੇ ਕਬੱਡੀ ਮੈਚਾਂ ਦਾ ਪ੍ਰਬੰਧ ਕਰਤਾ ਬਲਜੀਤ ਸਿੰਘ ਬਾਸੀ ਅਤੇ ਜਸਵਿੰਦਰ ਸਿੰਘ ਰਾਏ ਨੇ ਪਹੁੰਚੀਆਂ ਸੰਗਤਾਂ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ। ਦੋਵੇਂ ਸਮਾਗਮ ਸ਼ਾਂਤੀ ਪੂਰਵਕ ਨੇਪਰੇ ਚੜ੍ਹੇ ਅਤੇ ਇਸ ਕਾਰਜ ਲਈ ‘ਚੜ੍ਹਦਾ ਪੰਜਾਬ ਕਲੱਬ’ ਰੋਜ਼ਵਿਲ ਨੇ ਵੀ ਸਹਿਯੋਗ ਦਿੱਤਾ। ਜੇਤੂ ਟੀਮ ਨੂੰ ਪ੍ਰਬੰਧਕਾਂ ਤੋਂ ਇਲਾਵਾ ਬੋਪਾਰਾਏ ਬ੍ਰਦਰਜ਼ ਨੇ ਟਰਾਫ਼ੀਆਂ ਦੇ ਕੇ ਸਨਮਾਨਿਤ ਕੀਤਾ।


JESSIE TAX SERVICES
We Provide Comprehensive Tax Services



JASWANT S. JESSIE
Enrolled Agent (EA), NTPI Fellow

Specializing in:
- Comprehensive Tax Return Preparation (including international income)
- Individual & All Business Tax Returns (Multiple States)
- Creation of Partnership, LLC & Corporation
- F-BAR, OVDPI & Streamline Filings
- Book keeping, Payroll & Sales Tax
- Audit Representations to IRS, Franchise Tax Board, EDD & Sales Tax

1491 S. Wolfe Road, Sunnyvale, CA 94087 | By Appointment Only
Phone (408) 736-2451 | Fax (408) 736-8626
Email: jessie@jessietax.com
www.jessietax.com

# ਸੰਤ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵਲੋਂ ਸਮਾਗਮ ਰੱਦ ਕਰ ਦੇਣ ਬਾਅਦ ਮਾਹੌਲ ਸ਼ਾਂਤ

**ਤਰਨ ਤਾਰਨ/ਬਿਊਰੋ ਨਿਊਜ਼**

ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਵੱਲੋਂ ਇਲਾਕੇ ਦੇ ਕਸਬਾ ਚੋਹਲਾ ਸਾਹਿਬ ਵਿੱਚ ਕੀਤੇ ਜਾਣ ਵਾਲੇ ਤਿੰਨ ਰੋਜ਼ਾ 'ਗੁਰੂ ਮਾਨਿਓਂ ਗ੍ਰੰਥ ਚੇਤਨਾ ਸਮਾਗਮਾਂ' ਨੂੰ ਰੱਦ ਕੀਤੇ ਜਾਣ 'ਤੇ ਪ੍ਰਸ਼ਾਸਨ ਨੇ ਸੁੱਖ ਦਾ ਸਾਹ ਲਿਆ ਹੈ। ਇਨ੍ਹਾਂ ਸਮਾਗਮਾਂ ਦਾ ਵਿਰੋਧ ਕਰ ਰਹੀਆਂ ਗਰਮਖਿਆਲੀ ਸਿੱਖ ਜਥੇਬੰਦੀਆਂ ਨੇ ਵੀ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ।

ਦੂਜੇ ਪਾਸੇ, ਇਨ੍ਹਾਂ ਸਮਾਗਮਾਂ ਲਈ ਪ੍ਰਬੰਧ ਕਰਨ ਵਾਲੀ ਸੰਸਥਾ ਗੁਰਦੁਆਰਾ ਪਰਮੇਸ਼ਵਰ ਦਵਾਰ ਗੁਰਮਤਿ ਪ੍ਰਚਾਰ ਸੇਵਾ ਦਲ, ਚੋਹਲਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਅਤੇ ਉਨ੍ਹਾਂ ਦੇ ਕਈ ਹਮਾਇਤੀਆਂ ਨੇ ਇੱਥੇ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਉਨ੍ਹਾਂ ਨੂੰ ਇਹ ਸਮਾਗਮ ਰੱਦ ਕਰਨ ਲਈ ਮਜਬੂਰ ਕਰਨ ਪਿੱਛੇ ਖ਼ਾਲਿਸਤਾਨੀ ਜਥੇਬੰਦੀਆਂ ਦੇ ਨਾਲ-ਨਾਲ ਅਕਾਲ ਤਖ਼ਤ ਦੇ ਜਥੇਦਾਰ ਨੂੰ ਜ਼ਿੰਮੇਵਾਰ ਦੱਸਿਆ ਹੈ। ਜਾਣਕਾਰੀ ਅਨੁਸਾਰ ਇਨ੍ਹਾਂ ਸਮਾਗਮਾਂ ਸਬੰਧੀ ਬੀਤੇ ਕਈ ਦਿਨਾਂ ਤੋਂ ਇਲਾਕੇ ਵਿੱਚ ਤਣਾਅ ਵਾਲੀ ਸਥਿਤੀ ਬਣੀ ਹੋਈ ਸੀ। ਸਿੱਖ ਜਥੇਬੰਦੀਆਂ ਵੱਲੋਂ ਕੀਤੇ ਜਾ ਰਹੇ ਵਿਰੋਧ ਕਰਕੇ ਪ੍ਰਸ਼ਾਸਨ ਨੇ ਸਮਾਗਮ ਲਈ ਤਿੰਨ ਦਿਨਾਂ ਦੀ ਥਾਂ 26 ਅਤੇ 27 ਮਾਰਚ ਲਈ ਦੋ ਦਿਨਾਂ ਲਈ ਇਜਾਜ਼ਤ ਦਿੱਤੀ ਸੀ। ਇਹ ਸਮਾਗਮ ਐਤਵਾਰ ਸ਼ੁਰੂ ਹੋਣੇ ਸਨ। ਸਮਾਗਮ ਸਬੰਧੀ ਪ੍ਰਬੰਧ ਕਰ ਰਹੇ ਭਾਈ ਰਾਮ ਸਿੰਘ ਨੇ ਇੱਥੇ ਦੱਸਿਆ ਕਿ ਉਨ੍ਹਾਂ ਨੇ ਸੰਗਤ ਦੇ ਬੈਠਣ ਲਈ ਕਰੀਬ 100 ਏਕੜ ਜਗ੍ਹਾ ਦਾ ਪ੍ਰਬੰਧ ਕੀਤਾ ਸੀ ਅਤੇ ਰਾਸ਼ਨ ਪਾਣੀ ਸਮੇਤ ਸਾਰੇ ਬੰਦੋਬਸਤ ਕੀਤੇ ਸਨ। ਇਨ੍ਹਾਂ ਸਮਾਗਮਾਂ ਸਬੰਧੀ ਪ੍ਰਸ਼ਾਸਨ ਨੇ ਦੋਹਾਂ ਧਿਰਾਂ ਦੀਆਂ ਮੀਟਿੰਗਾਂ ਵੀ ਬੁਲਾਈਆਂ ਸਨ, ਪਰ ਦੋਵੇਂ ਧਿਰਾਂ ਆਪਸ ਵਿੱਚ ਸਹਿਮਤ ਨਹੀਂ ਹੋ ਰਹੀਆਂ ਸਨ। ਅਜੇ ਬੀਤੇ ਕੱਲ੍ਹ ਹੀ ਅਕਾਲ ਤਖ਼ਤ ਦੇ ਜਥੇਦਾਰ ਭਾਈ ਗੁਰਬਚਨ ਸਿੰਘ ਨੇ ਭਾਈ ਢੱਡਰੀਆਂ ਵਾਲੇ ਨੂੰ ਸਿੱਖ ਜਥੇਬੰਦੀਆਂ ਵੱਲੋਂ ਕੀਤੇ ਜਾ ਰਹੇ ਵਿਰੋਧ ਕਰਕੇ ਇਨ੍ਹਾਂ ਸਮਾਗਮਾਂ ਨੂੰ ਰੱਦ ਕੀਤੇ ਜਾਣ ਦੀ ਅਪੀਲ ਕੀਤੀ ਸੀ। ਇਨ੍ਹਾਂ ਸਮਾਗਮਾਂ ਦਾ ਵਿਰੋਧ ਕਰਨ ਵਾਲੀਆਂ ਸਿੱਖ ਜਥੇਬੰਦੀਆਂ ਦੇ ਆਗੂਆਂ ਵਿੱਚ ਭਾਈ ਅਮਰੀਕ ਸਿੰਘ ਅਜਨਾਲਾ (ਦਮਦਮੀ ਟਕਸਾਲ), ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਆਗੂ ਭਾਈ ਸੂਬਾ ਸਿੰਘ ਰਾਮ ਰੌਣੀ, ਗਰਮਖਿਆਲੀ ਸਿੱਖ ਜਥੇਬੰਦੀਆਂ ਦੇ ਆਗੂ ਭਾਈ ਬਲਵੰਤ ਸਿੰਘ ਗੋਪਾਲਾ, ਹਰਜਿੰਦਰ ਸਿੰਘ ਪੰਜਵੜ ਅਤੇ ਯੂਨਾਈਟਿਡ ਅਕਾਲੀ ਦਲ ਦੇ ਭਾਈ ਸਤਨਾਮ ਸਿੰਘ ਮਨਾਵਾਂ ਸ਼ਾਮਲ ਸਨ। ਵਿਰੋਧ ਨੂੰ ਧਿਆਨ ਵਿੱਚ ਰਖਦਿਆਂ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਖ਼ੁਦ ਹੀ ਇਨ੍ਹਾਂ ਸਮਾਗਮਾਂ ਨੂੰ ਰੱਦ ਕੀਤੇ ਜਾਣ ਦਾ ਐਲਾਨ ਕਰ ਦਿੱਤਾ ਹੈ।

## ਜਥੇਦਾਰ ਜੀ ਡੇਰਾ ਸਿਰਸਾ ਨੂੰ ਮੁਆਫ਼ੀ ਦਾ ਸੱਚ ਵੀ ਸੰਗਤਾਂ ਨੂੰ ਦੱਸੋ-ਸੰਤ ਢੱਡਰੀਆਂ ਵਾਲੇ

**ਮਾਛੀਵਾੜਾ/ਬਿਊਰੋ ਨਿਊਜ਼:** ਤਰਨ ਤਾਰਨ ਨੇੜੇ ਗੁਰਦੁਆਰਾ ਚੋਹਲਾ ਸਾਹਿਬ ਵਿਖੇ ਭਾਈ ਰਣਜੀਤ ਸਿੰਘ ਢੱਡਰੀਆਂ ਦੇ ਸਮਾਗਮਾਂ ਨੂੰ ਰੱਦ ਕਰਨ ਦੇ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਦਿੱਤੇ ਮਸ਼ਵਰੇ ਤੋਂ ਬਾਅਦ ਭਾਈ ਰਣਜੀਤ ਸਿੰਘ ਨੇ ਵੀ ਜਥੇਦਾਰ ਨੂੰ ਕਈ ਤਿੱਖੇ ਸਵਾਲ ਕਰਕੇ ਜਵਾਬ ਮੰਗੇ ਹਨ। ਇਸ ਬਾਰੇ ਵੀਡੀਓ ਵਾਇਰਲ ਹੋਈ ਹੈ।



ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ 'ਤੇ ਤਿੱਖਾ ਹਮਲਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਤਾਂ ਭਾਈ ਸਾਹਿਬ ਦਾ ਮਸ਼ਵਰਾ ਮੰਨ ਕੇ ਸਿੱਖ ਕੌਮ ਵਿਚਕਾਰ ਵਧ ਰਹੇ ਟਕਰਾਅ ਦੇ ਮੱਦੇਨਜ਼ਰ ਇਹ ਦੀਵਾਨ ਰੱਦ ਕਰ ਦਿੱਤੇ ਹਨ, ਪਰ ਹੁਣ ਉਹ ਵੀ ਸਲਾਹ ਦਿੰਦੇ ਹਨ ਕਿ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਦੀ ਮੁਆਫ਼ੀ ਦੀ ਅਸਲੀਅਤ ਲੋਕਾਂ ਸਾਹਮਣੇ ਆਉਣ ਅਤੇ ਸਿੱਖ ਕੌਮ ਵੱਲੋਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਪੂਰੀ ਤਰ੍ਹਾਂ ਨਕਾਰਨ ਦੇ ਸੰਦਰਭ 'ਚ ਉਹ ਵੀ ਹੁਣ ਆਪਣੇ ਅਹੁਦੇ ਨੂੰ ਛੱਡ ਕੇ ਘਰ ਬੈਠਣ। ਭਾਈ ਰਣਜੀਤ ਸਿੰਘ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਸਵਾਲ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਗੁਰਮਤਿ ਪ੍ਰਚਾਰ ਦੇ ਸਮਾਗਮਾਂ ਨੂੰ ਰੋਕਣ ਲਈ ਸਾਰੀਆਂ ਧਿਰਾਂ ਇਕੱਠੀਆਂ ਹੋ ਜਾਂਦੀਆਂ ਹਨ, ਪਰ ਉਨ੍ਹਾਂ ਦੇ ਇੱਕ ਸਾਥੀ ਨੂੰ ਮਾਰ ਮੁਕਾਉਣ ਵਾਲਿਆਂ ਬਾਰੇ ਕੁਝ ਨਹੀਂ ਕਿਹਾ ਜਾਂਦਾ। ਉਨ੍ਹਾਂ ਕਿਹਾ ਕਿ ਜੋ ਸੰਪਰਦਾਵਾਂ ਸਿੱਖ ਮਰਿਆਦਾ ਦੇ ਉਲਟ ਜਾ ਕੇ ਸਿੱਖ ਕੌਮ ਨੂੰ ਨੁਕਸਾਨ ਪਹੁੰਚਾ ਰਹੀਆਂ ਹਨ, ਉਨ੍ਹਾਂ ਦੇ ਸਮਾਗਮਾਂ ਵਿੱਚ ਜਾ ਕੇ ਲਿਫਾਫੇ ਲੈਣ ਦੀ ਬਜਾਏ ਉਨ੍ਹਾਂ ਨੂੰ ਰੋਕਿਆ ਜਾਵੇ। ਭਾਈ ਰਣਜੀਤ ਸਿੰਘ ਨੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਸਿੱਖ ਪੰਥ 'ਚੋਂ ਛੇਕਣ ਲਈ ਬਹਾਨੇ ਲੱਭੇ ਜਾ ਰਹੇ ਹਨ, ਪਰ ਉਨ੍ਹਾਂ ਨੂੰ ਕੋਈ ਠੋਸ ਗੱਲ ਨਹੀਂ ਲੱਭ ਰਹੀ। ਭਾਈ ਰਣਜੀਤ ਸਿੰਘ ਨੇ ਕਿਹਾ ਕਿ ਉਹ ਆਪਣਾ ਗੁਰਮਤਿ ਪ੍ਰਚਾਰ ਜਾਰੀ ਰੱਖਣਗੇ, ਸਿਰਫ਼ ਟਕਰਾਅ ਦੇ ਮੱਦੇਨਜ਼ਰ ਉਨ੍ਹਾਂ ਨੇ ਸਮਾਗਮ ਰੱਦ ਕੀਤੇ ਹਨ।

### ਬਰਤਾਨਵੀ ਸਾਂਸਦ ਵਰਿੰਦਰ ਦੀ ਮੰਗ

# ਜਲ੍ਹਿਆਂਵਾਲਾ ਬਾਗ ਹੱਤਿਆ ਕਾਂਡ ਸਕੂਲੀ ਸਿਲੇਬਸ 'ਚ ਕੀਤਾ ਜਾਵੇ ਸ਼ਾਮਲ

**ਲੰਡਨ/ਬਿਊਰੋ ਨਿਊਜ਼:** ਬਰਤਾਨਵੀ ਲੇਬਰ ਪਾਰਟੀ ਦੇ ਸਾਂਸਦ ਤੇ ਭਾਰਤੀ ਮੂਲ ਦੇ ਵਰਿੰਦਰ ਸ਼ਰਮਾ ਨੇ ਬ੍ਰਿਟੇਨ ਦੇ ਸਿਲੇਬਸ ਵਿਚ ਜਲ੍ਹਿਆਂਵਾਲਾ ਬਾਗ ਕਤਲੇਆਮ ਕਾਂਡ ਨੂੰ ਸ਼ਾਮਲ ਕਰਨ ਦੀ ਮੰਗ ਕੀਤੀ ਹੈ। ਇਸ ਸਬੰਧੀ ਸਾਂਸਦ ਨੇ ਪ੍ਰਧਾਨ ਮੰਤਰੀ ਥੈਰੇਸਾ ਮੇ ਨੂੰ ਪੱਤਰ ਵੀ ਲਿਖਿਆ ਹੈ। ਸ਼ਰਮਾ ਬ੍ਰਿਟੇਨ ਦੇ ਸਕੂਲਾਂ ਦੇ ਸਿਲੇਬਸ ਵਿਚ ਇਸ ਇਤਿਹਾਸਕ ਘਟਨਾ ਨੂੰ ਸ਼ਾਮਲ ਕੀਤੇ ਜਾਣ ਲਈ ਮੁਹਿੰਮ ਚਲਾ ਰਹੇ ਹਨ। ਉਨ੍ਹਾਂ ਨੇ ਹਾਊਸ ਆਫ ਕਾਮਨਜ਼ ਵਿਚ ਪ੍ਰਧਾਨ ਮੰਤਰੀ ਨਾਲ ਸਵਾਲ ਕਰਦੇ ਹੋਏ ਇਹ ਮੁੱਦਾ ਚੁੱਕਿਆ ਸੀ। ਇਸ 'ਤੇ ਥੈਰੇਸਾ ਮੇ ਨੇ ਉਨ੍ਹਾਂ ਨੂੰ ਲਿਖਤੀ ਜਵਾਬ ਦਾ ਭਰੋਸਾ ਦਿੱਤਾ ਸੀ। ਸ਼ਰਮਾ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਥੈਰੇਸਾ ਮੇ ਨੇ ਅੰਮ੍ਰਿਤਸਰ ਵਿਚ ਕਤਲੇਆਮ ਕਾਂਡ ਨੂੰ ਸਿਲੇਬਸ ਵਿਚ ਸ਼ਾਮਲ ਕੀਤੇ ਜਾਣ ਦੀ ਉਨ੍ਹਾਂ ਦੀ ਯੋਜਨਾ ਬਾਰੇ ਪੁੱਛਿਆ। ਥੈਰੇਸਾ ਨੇ ਇਹ ਵੀ ਭਰੋਸਾ ਦਿਵਾਇਆ ਕਿ ਉਹ ਇਸ ਮਾਮਲੇ 'ਤੇ ਧਿਆਨ ਦੇਵੇਗੀ।



70 ਸਾਲ ਦੇ ਸਾਂਸਦ ਵੀਰੇਂਦਰ ਸ਼ਰਮਾ ਦਾ ਕਹਿਣਾ ਹੈ ਕਿ 'ਬ੍ਰਿਟੇਨ ਵਿਚ ਹਰ ਕੋਈ ਇਸ ਦੇਸ ਦੀ ਇਤਿਹਾਸਕ ਵਿਰਾਸਤ ਤੋਂ ਜਾਣੂ ਹੈ। ਇੱਥੋਂ ਦੇ ਸਕੂਲੀ ਬੱਚਿਆਂ ਨੂੰ ਸਾਡੇ ਇਤਿਹਾਸ ਦੀਆਂ ਦਰਦਨਾਕ ਘਟਨਾਵਾਂ ਬਾਰੇ ਵੀ ਜਾਣਕਾਰੀ ਹੋਣੀ ਚਾਹੀਦੀ ਹੈ।' ਸ਼ਰਮਾ ਇਸ ਤੋਂ ਪਹਿਲਾਂ ਬ੍ਰਿਟਿਸ਼ ਸਰਕਾਰ ਤੋਂ ਮੰਗ ਕਰ ਚੁੱਕੇ ਹਨ ਕਿ ਉਹ 1919 ਵਿਚ ਹੋਈ ਇਸ ਜ਼ਾਲਮਾਨਾ ਘਟਨਾ ਲਈ ਮਾਫ਼ੀ ਮੰਗੇ। ਸ਼ਰਮਾ ਨੇ ਕਿਹਾ, 'ਅਗਲੇ ਮਹੀਨੇ ਇਸ ਹੱਤਿਆ ਕਾਂਡ ਨੂੰ 99 ਸਾਲ ਹੋ ਜਾਣਗੇ। ਅਜਿਹੇ ਵਿਚ ਇਹ ਘਟਨਾ ਸਕੂਲ ਵਿਚ ਇਤਿਹਾਸ ਵਿਚ ਦਰਜ ਹੋਣੀ ਹੀ ਚਾਹੀਦੀ ਹੈ।'

ਫਰਵਰੀ 2013 ਵਿਚ ਇੰਡੀਅਨ ਟਰੇਡ ਮਿਸ਼ਨ ਦੌਰਾਨ ਤੱਤਕਾਲੀਨ ਬ੍ਰਿਟਿਸ਼ ਪ੍ਰਧਾਨ ਮੰਤਰੀ ਡੇਵਿਡ ਕੈਮਰਨ ਨੇ ਜਲ੍ਹਿਆਂਵਾਲਾ ਬਾਗ ਦੀ ਘਟਨਾ 'ਤੇ ਮਾਫ਼ੀ ਮੰਗੀ ਸੀ। ਉਨ੍ਹਾਂ ਕਿਹਾ ਸੀ, 'ਬ੍ਰਿਟਿਸ਼ ਰਾਜ ਦੇ ਇਤਿਹਾਸ ਵਿਚ ਇਸ ਸ਼ਰਮਨਾਕ ਤੇ ਅਣਮਨੁੱਖੀ ਘਟਨਾ ਲਈ ਉਹ ਮਾਫੀ ਚਾਹੁੰਦੇ ਹਨ। ਇਸ ਨੂੰ ਭੁਲਾਇਆ ਨਹੀਂ ਜਾ ਸਕਦਾ ਹੈ। ਹੱਤਿਆ ਕਾਂਡ ਵਿਚ ਜਾਨ ਗਵਾਉਣ ਵਾਲਿਆਂ ਦੇ ਪ੍ਰਤੀ ਅਸੀਂ ਹਮਦਰਦੀ ਪ੍ਰਗਟਾਉਂਦੇ ਹਾਂ।' ਅਸਲ ਵਿਚ, 13 ਅਪ੍ਰੈਲ 1919 (ਵਿਸਾਖੀ ਦੇ ਦਿਨ) ਰੌਲਟ ਐਕਟ, ਅੰਗਰੇਜ਼ਾਂ ਦੀ ਦਮਨਕਾਰੀ ਨੀਤੀਆਂ ਤੇ ਦੋ ਨੇਤਾਵਾਂ ਸੱਤਪਾਲ ਤੇ ਸੈਫ਼ੂਦੀਨ ਕਿਚਲੂ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿਚ ਇਕ ਸਭਾ ਰੱਖੀ ਗਈ, ਜਿਸ ਵਿਚ ਕੁਝ ਨੇਤਾ ਭਾਸ਼ਣ ਦੇਣ ਵਾਲੇ ਸਨ। ਸ਼ਹਿਰ ਵਿਚ ਕਰਫਿਊ ਲੱਗਿਆ ਹੋਇਆ ਸੀ, ਫਿਰ ਵੀ ਇਸ ਵਿਚ ਸੈਂਕੜਾਂ ਲੋਕ ਸ਼ਾਮਲ ਹੋਏ ਸਨ, ਜਿਹੜੇ ਵਿਸਾਖੀ ਦੇ ਮੌਕੇ ਪਰਿਵਾਰ ਦੇ ਨਾਲ ਮੇਲਾ ਦੇਖਣ ਆਏ ਸਨ। ਅੰਗਰੇਜ਼ ਅਫਸਰ ਜਨਰਲ ਡਾਇਰ ਨੇ ਬਿਨਾਂ ਕਾਰਨ ਹੀ ਉਸ ਸਭਾ ਵਿਚ ਹਾਜ਼ਰ ਭੀੜ 'ਤੇ ਗੋਲੀਆਂ ਚਲਾਉਣ ਦਾ ਹੁਕਮ ਦਿੱਤਾ ਸੀ। ਉਦੋਂ ਫ਼ੌਜ ਨੇ ਕੁੱਲ 1,650 ਰੌਂਦ ਗੋਲੀਆਂ ਚਲਾਈਆਂ ਸਨ, ਜਿਸ ਵਿਚ 1000 ਤੋਂ ਵੱਧ ਲੋਕ ਮਾਰੇ ਗਏ। ਉੱਥੇ 2000 ਤੋਂ ਵੱਧ ਜ਼ਖ਼ਮੀ ਹੋ ਗਏ ਸਨ। ਇਸੇ ਕਾਂਡ ਦੀ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦਫ਼ਤਰ ਵਿਚ 484 ਸ਼ਹੀਦਾਂ ਦੀ ਸੂਚੀ ਹੈ, ਜਦ ਕਿ ਜਲ੍ਹਿਆਂਵਾਲਾ ਬਾਗ ਵਿਚ ਕੁਲ 388 ਸ਼ਹੀਦਾਂ ਦੀ ਸੂਚੀ ਹੈ।



# ਪੰਜਾਬ ਦੀ ਰਾਜਨੀਤੀ ਦਾ ਇਕ ਅੰਦਾਜਾ

**ਡਾ. ਸੇਵਕ ਸਿੰਘ**





ਪਿਛਲੇ ਦਹਾਕੇ ਵਿੱਚ ਜਦੋਂ ਸਭ ਤੋਂ ਸਾਊ ਭਾਰਤੀ ਸਿੱਖ ਨੇ ਰਾਜਸੀ ਢਾਂਚੇ ਦੇ ਨੁਮਾਇੰਦੇ ਵਜੋਂ ਸਿਖ ਕਤਲੇਆਮ ਦੀ 'ਜੇ' ਅਤੇ 'ਪਰ' ਲਾ ਲਾ ਕੇ ਰਾਜਨੀਤਕ ਮੁਆਫੀ ਮੰਗੀ ਤਾਂ ਓਹੀ ਦੌਰ ਸਾਹਮਣੇ ਆਇਆ ਜੋ 84 ਵੇਲੇ ਸ਼ੁਰੂ ਹੋਇਆ ਸੀ। ਉਸ ਦੌਰ ਵਿੱਚ ਕੁਝ ਅਫਸਰਾਂ ਨੇ ਆਪਣੇ ਅਹੁਦੇ ਛੱਡੇ ਸਨ। ਉਹਨਾਂ ਵਿਚੋਂ ਦੋ ਵਾਰ ਅਸਤੀਫਾ ਦੇਣ ਵਾਲਾ, ਦੂਜੀ ਵਾਰ ਪੰਜਾਬ ਦਾ ਮੁੱਖ ਮੰਤਰੀ ਗਿਆ ਹੈ।

ਹੁਣ ਇਕ ਵੱਖਰੀ ਕਿਸਮ ਦੇ ਅਸਤੀਫੇ ਮੁਆਫੀ ਦੀ ਚਰਚਾ ਹੈ ਜਿਸ ਨਾਲ ਰਾਜਨੀਤੀ ਦਾ ਨਵਾਂ ਗੇੜ ਸ਼ੁਰੂ ਹੁੰਦਾ ਜਾਪਦਾ ਹੈ। ਮਾਨੋ ਦਿੱਲੀ ਰਾਜੀਵ ਗਾਂਧੀ ਦੇ ਪੂਰਨ ਬਹੁਮਤ ਵਾਲੇ ਵੇਲੇ ਵਾਂਗ ਪੰਜਾਬ ਲਈ ਆਪਣੇ ਘੋੜੇ ਫਿਰ ਤੋਂ ਸਿੰਗਾਰ ਰਹੀ ਹੈ। ਨਵੇਂ ਚਿਹਰਿਆਂ ਜਾਂ ਪੁਰਾਣਿਆਂ-ਅਧੋਰਾਣਿਆਂ ਨੂੰ ਨਵੇਂ ਨਾਂ ਹੇਠ ਪੇਸ਼ ਕਰਨ ਦੀ ਕਸਰਤ ਪਹਿਲਾਂ ਵੀ ਕਈ ਵਾਰ ਕਈ ਰੂਪਾਂ ਵਿੱਚ ਹੋਈ ਹੈ, ਹਰ ਵਾਰ ਅਸਤੀਫੇ ਹੁੰਦੇ ਰਹੇ ਹਨ। ਭਾਰਤੀ ਰਾਜਨੀਤੀ ਦੇ ਨਵੇਂ ਰਾਜਸੀ ਦਲ ਦਾ ਭਵਿੱਖ ਮੁਆਫੀਨਾਮੇ ਕਰਕੇ ਪੰਜਾਬ ਵਿਚ ਫਿਰ ਤੋਂ ਪਰਾਲੀ ਦੇ ਧੂੰਏ ਵਾਂਗ ਚਰਚਾ ਵਿੱਚ ਹੈ। ਬਿਜਲ ਸੱਥ ਤੋਂ ਲੈ ਕੇ ਭਾਰਤ ਦੇ ਵੱਡੇ ਅਖਬਾਰਾਂ ਤੱਕ ਸਭ ਨੇ ਇਸ ਮੁਆਫੀਨਾਮੇ ਬਾਰੇ ਭਾਂਤ ਸੁਭਾਂਤੀ ਚਰਚਾ, ਆਪਣੇ ਆਪਣੇ ਹਿਸਾਬੇ ਕੀਤੀ ਹੈ। ਪੰਜਾਬ ਵਿੱਚ ਮੁਆਫੀ ਦਾ ਇਹ ਧੂੰਆ ਝੋਨੇ ਵਾਂਗ ਬੇਲੋੜੇ ਪਰ ਵਿਕਣਯੋਗ ਰਾਜਸੀ ਪਰਸੰਗ ਅਤੇ ਕੇਂਦਰੀ ਹਕੂਮਤ ਦੇ ਖਰੀਦਣ ਵਾਲੇ ਪਰਸੰਗ ਤੋਂ ਬਿਨਾ ਸਮਝ ਨਹੀਂ ਆ ਸਕਦਾ। ਪੰਜਾਬੀ ਸੂਬਾ ਬਣਨ ਤੋਂ ਬਾਅਦ ਇਹ ਪਹਿਲੀ ਵਾਰ ਹੈ ਕਿ ਪੰਜਾਬ ਦਾ ਸਭ ਤੋਂ ਵੱਡਾ, ਪੁਰਾਣਾ ਅਤੇ ਅਸਲੀ ਕਹਾਉਣ ਵਾਲਾ ਅਕਾਲੀ ਦਲ ਨਾ ਸੱਤਾਧਾਰੀ ਧਿਰ ਹੈ ਅਤੇ ਨਾ ਹੀ ਵਿਰੋਧੀ ਧਿਰ। ਸੱਤਾ ਦੀ ਸੱਥ ਵਿੱਚ ਤੀਜੀ ਜਾਂ ਆਖਰੀ ਥਾਂ ਉਹਨਾਂ ਨੂੰ ਨਾ ਹੀ ਹਾਜਮ ਆਈ ਅਤੇ ਨਾ ਹੀ ਸਮਝ ਆ ਰਹੀ ਹੈ। ਇਹੀ ਕਾਰਨ ਹੈ ਕਿ ਪੰਜਾਬ ਦੇ ਪੰਜ ਵਾਰ ਮੁਖ ਮੰਤਰੀ ਰਹੇ ਅਤੇ ਆਪਣੀ ਚੁੱਪ ਲਈ ਮਸ਼ਹੂਰ ਅਕਾਲੀ ਨੇਤਾ ਨੇ ਵੀ ਅਸਤੀਫਿਆਂ ਵਾਲੀ ਫੁੱਟ ਬਾਰੇ, ਖੁਸ਼ੀ ਦੇ ਬੋਲ ਬੋਲੇ ਹਨ। ਉਹਨਾਂ ਨੇ ਦੂਹਰੀ ਖੁਸ਼ੀ ਮਨਾਈ ਹੈ ਮੁਆਫੀ ਮੰਗਾਉਣ ਦੀ ਵੀ ਅਤੇ ਮੁਆਫੀ ਮੰਗਣ ਵਾਲਿਆਂ ਦੇ ਘਰ ਕਲੇਸ਼ ਪੈਣ ਦੀ ਵੀ। ਰਾਜਨੀਤੀ ਵਿੱਚ ਇਹੋ ਜਿਹੇ ਸਮੇਂ ਨਾਜ਼ੁਕ ਮੌਕੇ ਹੁੰਦੇ ਹਨ ਜਦੋਂ ਕਿਸੇ ਤੀਜੇ ਦੇ ਨੁਕਸਾਨ ਹੋਣ ਉੱਤੇ ਆਪਣੇ ਆਪ ਨੂੰ ਸਭ ਤੋਂ ਵੱਡੇ ਸਮਝਣ ਵਾਲੇ, ਲੋਕਾਂ ਵਿੱਚ ਖੁਸ਼ੀ ਜਾਹਰ ਕਰਦੇ ਹਨ। ਅਜਿਹੀ ਖੁਸ਼ੀ ਰਾਜਨੀਤਿਕ ਕੱਚਪੁਣਾ ਹੁੰਦੀ ਹੈ ਭਾਵੇਂ ਤਜਰਬੇ ਦੀ ਉਮਰ ਕਿੰਨੀ ਵੱਡੀ ਹੋਵੇ।

ਮੁਆਫੀ ਅਸਲ ਵਿੱਚ ਓਦੋਂ ਹੀ ਮੁਆਫੀ ਹੁੰਦੀ ਹੈ ਜਦੋਂ ਮੰਗਣ ਵਾਲਾ ਸਕੂਨ ਮਹਿਸੂਸ ਕਰੇ। ਇਹ ਮੁਆਫੀ ਨਿਰੋਲ਼ 'ਨੈਤਿਕ/ਧਾਰਮਿਕ' ਮਾਹੌਲ ਵਿੱਚ ਮੰਗੀ ਜਾਂਦੀ ਹੈ ਜਿਥੇ ਲੋਕ ਆਪਣੀ ਅੰਤਰ ਅਵਾਜ ਦੇ ਸਹਾਰੇ ਚਲਣ ਕਰਕੇ ਕਿਸੇ ਦੇ ਅਚੇਤ ਨੁਕਸਾਨ ਹੋਣ ਤੇ ਨਿਵ ਜਾਂਦੇ ਹਨ, ਜਿਸਨੂੰ ਪਛਤਾਵੇ ਵਜੋਂ ਬੋਝ ਤੋਂ ਮੁਕਤ ਹੋਣਾ ਮੰਨਿਆ ਜਾਂਦਾ ਹੈ। ਮਿਸਾਲ ਵਜੋਂ ਪੱਛਮੀ ਮੁਲਕਾਂ ਵਿੱਚ ਨਿੱਕੀ ਨਿੱਕੀ ਗੱਲ ਲਈ 'ਸੌਰੀ' ਕਹਿਣਾ ਬਹੁਤੇ ਲੋਕਾਂ ਦੇ ਅਚੇਤ ਵਿੱਚ ਹੀ ਵਸਿਆ ਹੁੰਦਾ ਹੈ। ਜਿਥੇ ਪਹਿਲਾ ਰਾਹ ਆਪ ਝੁਕ ਜਾਣ ਦਾ ਹੈ ਓਥੇ ਮੁਆਫੀ ਦਾ ਦੂਜਾ ਰਾਹ ਜੋਰ ਨਾਲ ਝੁਕਾਉਣ ਦਾ ਹੁੰਦਾ ਹੈ। ਕਿਸੇ ਨੂੰ ਅਣਚਾਹੇ ਤਰੀਕੇ ਨਾਲ ਮੁਆਫੀ ਮੰਗਣ ਲਈ ਤਿਆਰ ਕਰਨ ਨੂੰ ਬਦਮਾਸ਼ੀ ਵੀ ਕਹਿੰਦੇ ਹਨ ਅਤੇ ਰਾਜਨੀਤੀ ਵੀ। ਕਿਸੇ ਬਦਮਾਸ਼ ਦੀ ਧੌਂਸ ਓਨਾ ਚਿਰ ਨਹੀਂ ਜੰਮਦੀ ਜਿੰਨਾ ਚਿਰ ਲੋਕ ਨੂੰ ਉਸ ਨੂੰ ਬਦਮਾਸ਼ ਕਹਿੰਦੇ ਰਹਿੰਦੇ ਹਨ। ਜਦੋਂ ਉਹਦੇ ਜੋਰ ਦਾ ਡਰ ਪੱਕ ਜਾਂਦਾ ਹੈ ਤਾਂ ਉਹ ਸਤਿਕਾਰ ਦਾ ਪਾਤਰ ਬਣ ਜਾਂਦਾ ਹੈ ਤਾਂ ਹੀ ਉਹ ਅਸਲ ਬਦਮਾਸ਼ ਹੁੰਦਾ ਹੈ। ਮੁਆਫੀ ਮੰਗਾਉਣਾ ਧੌਂਸ ਜੰਮਾਉਣ ਦਾ ਇਕ ਅਹਿਮ ਹਿੱਸਾ ਹੁੰਦਾ ਹੈ। ਜੇ ਲੋਕ ਕਿਸੇ ਬਦਮਾਸ਼ ਸਾਹਵੇਂ ਛੋਟੀ ਜਿੰਨੀ ਕੁਤਾਹੀ ਦੀ ਲੰਮੇ ਪੈ ਕੇ ਮੁਆਫੀ ਨਹੀਂ ਮੰਗਦੇ ਤਾਂ ਉਹਦੀ ਬਦਮਾਸ਼ੀ ਦੀ ਤੂਤੀ ਨਹੀਂ ਬੋਲਦੀ।

ਚੋਣ ਰਾਜਨੀਤੀ ਵਿੱਚ ਗਠਜੋੜ ਕਰਨ, ਪਾਸਾ ਬਦਲਣ ਅਤੇ ਧੋਖੇ ਦਾ ਮੁੱਲ ਵਧੇਰੇ ਹੁੰਦਾ ਹੈ। ਚਾਲੂ ਰਾਜਨੀਤੀ ਵਿੱਚ ਕਿਸੇ ਦੀ ਭੰਡੀ ਕਰਨ ਜਾਂ ਨੁਕਸਾਨ ਕਰਨ ਮਗਰੋਂ ਮੁਆਫੀ ਮੰਗਣੀ ਉਸੇ ਦੀ ਦੂਹਰੀ ਬੇਇੱਜਤੀ ਕਰਨ ਦੀ ਕਲਾ ਗਿਣੀ ਜਾਂਦੀ ਹੈ। ਇਹ ਮੁਆਫੀ ਦਾ ਤੀਜਾ ਰਾਹ ਹੁੰਦਾ ਹੈ, ਜਿਥੇ ਕਿਸੇ ਭਵਿੱਖਮੁਖੀ ਨਫੇ ਨੁਕਸਾਨ ਨੂੰ ਰੱਖ ਕੇ ਕਿਸੇ ਨਾਲ ਦੋਸਤੀ ਦੁਸ਼ਮਣੀ ਕੀਤੀ ਜਾਂਦੀ ਹੈ।

ਅੱਜਕੱਲ੍ਹ ਚਰਚਿਤ ਮੁਆਫੀ ਨੂੰ ਪੰਜਾਬ ਦੇ ਬਹੁਤੇ ਲੋਕ ਗੀਦੀਪੁਣਾ, ਮੌਕਾਪ੍ਰਸਤੀ ਜਾਂ ਬੇਸਮਝੀ ਮੰਨ ਰਹੇ ਹਨ। ਇਹ ਰਾਜਨੀਤੀ ਬਾਰੇ ਭਾਵੁਕ ਪਰਗਟਾਵਾ ਹੈ ਕਿਉਂਕਿ ਉਹ ਇਸ ਗੱਲ ਨੂੰ ਅਣਖ ਨਾਲ ਜੋੜ ਰਹੇ ਹਨ ।ਅਣਖ ਦਾ ਸਵਾਲ ਕਿਸੇ ਸਭਿਆਚਾਰਕ ਜਾਂ ਧਾਰਮਿਕ ਘੇਰੇ ਵਿਚਲੇ ਪੱਕੇ ਯਕੀਨ ਨਾਲ ਜੁੜਿਆ ਹੁੰਦਾ ਹੈ, ਜੀਹਨੂੰ ਉਲ਼ੰਘਣਾ ਸੰਭਵ ਨਹੀਂ ਹੁੰਦਾ ਪਰ ਉਹਦੇ ਲਈ ਮਰਨਾ ਮਾਰਨਾ ਸੰਭਵ ਹੁੰਦਾ ਹੈ। ਅਣਖੀ ਬੰਦੇ ਆਪ ਤਾਂ ਕੀ ਦੂਜੇ ਤੋਂ ਵੀ ਮੁਆਫੀ ਮੰਗਾ ਕੇ ਰਾਜੀ ਨਹੀਂ ਹੁੰਦੇ। ਅਣਖ ਦਾ ਸਬੰਧ ਸਦਾ ਹੀ ਉਹਨਾਂ ਮਾਨਤਾਵਾਂ ਨਾਲ ਹੁੰਦਾ ਹੈ ਜਿਹੜੀਆਂ ਕਾਨੂੰਨ ਤੋਂ ਉਪਰ ਹੁੰਦੀਆਂ ਹਨ। ਚੋਣ ਰਾਜਨੀਤੀ ਹਮੇਸ਼ਾਂ ਹੀ ਕਾਨੂੰਨ ਨੂੰ ਪੱਕੇ ਕਰਨ ਜਾਂ ਉਹਦੀ ਮਾਨਤਾ ਵਿਖਾਉਣ ਵਿੱਚ ਹੁੰਦੀ ਹੈ। ਇਸ ਕਰਕੇ ਮੌਜੂਦਾ ਮੁਆਫੀ ਪਰਸੰਗ ਦੇ ਦੋਵੇਂ ਬੰਦੇ ਹੀ ਅਣਖ ਦੇ ਘੇਰੇ ਤੋਂ ਬਾਹਰ ਹਨ। ਵਿਖਾਵੇ ਮਾਤਰ ਅਜਾਦੀ ਵਾਲੇ ਮੁਲਕਾਂ ਵਿਚ ਅਣਖ ਵਰਗੀ ਮਾਨਤਾ ਰਾਜਸੀ ਲੋਕਾਂ ਲਈ ਹਾਸੇ ਠੱਠੇ ਦੀ ਸ਼ੈਅ ਹੁੰਦੀ ਹੈ। ਮੁਆਫੀ ਮੰਗਣੀ ਜਾਂ ਦੇਣੀ 'ਧਾਰਮਿਕ/ਸਭਿਆਚਾਰਕ' ਪਰਸੰਗ ਵਿਚ ਇਕ ਵੱਡਾ ਕਰਮ ਹੈ ਪਰ ਨਸ਼ੇ, ਬਦਮਾਸ਼ੀ ਅਤੇ ਭ੍ਰਿਸ਼ਟਾਚਾਰ ਵਰਗਿਆਂ ਮਾਮਲਿਆਂ ਵਿਚ ਲਿਬੜੇ ਜਾਂ ਉਹਨਾਂ ਉਤੇ ਰਾਜਨੀਤੀ ਕਰਨ ਵਾਲੇ ਲੋਕਾਂ ਲਈ ਇਹ ਗੱਲ ਦੂਜੇ ਤੀਜੇ ਦਰਜੇ ਦਾ (ਨੀਤੀ ਜਾਂ ਧੌਂਸ ਦਾ) ਰਾਹ ਹੀ ਹੋ ਸਕਦੀ ਹੈ।

ਅਸਤੀਫੇ ਅਤੇ ਮੁਆਫੀ ਆਪੋ ਵਿੱਚ ਜੁੜੇ ਤਾਂ ਸਭ ਨੂੰ ਦਿਸਦੇ ਹਨ ਪਰ ਇਹ ਪੰਜਾਬ ਦੀ ਆਉਣ ਵਾਲੀ ਰਾਜਨੀਤੀ ਨਾਲ ਕਿੰਨਾ ਕੁ ਜੁੜੇ ਹਨ ਇਹ ਨੂੰ ਸਮਝਣਾ ਹਰੇਕ ਦੀ ਆਪਣੀ ਸਮਝ ਤੇ ਨਿਰਭਰ ਕਰਦਾ ਹੈ। ਅਸਲ ਵਿੱਚ ਤਾਂ ਆਉਣ ਵਾਲੇ ਸਮੇਂ ਤੇ ਨਿਰਭਰ ਕਰਦਾ ਹੈ ਪਰ ਇਹਨਾਂ ਗੱਲਾਂ ਨਾਲ ਕਈ ਕੁਝ ਅਜਿਹਾ ਜੁੜਿਆ ਹੈ ਜਿਸ ਬਾਰੇ ਅੰਦਾਜੇ ਲਾਏ ਜਾ ਸਕਦੇ ਹਨ ਅਤੇ ਲਾਉਣੇ ਵੀ ਚਾਹੀਦੇ ਹਨ ।ਕੁਝ ਬੇਲੋੜੀਆਂ ਜਾਂ ਆਮ ਜਿਹੀਆਂ ਖਬਰਾਂ ਨੂੰ ਜੋੜ ਕੇ ਕੋਈ ਵੱਡੀ ਸਾਜਿਸ਼ ਮੰਨ ਲੈਣਾ ਆਮ ਰੁਝਾਨ ਹੈ ਪਰ ਇਹਨੂੰ ਬਿਮਾਰੀ ਮੰਨ ਕੇ ਹੀ ਲੋਕ ਕਈ ਵਾਰ ਬਹੁਤ ਅਹਿਮ ਜਾਂ ਵੱਡੀਆਂ ਗੱਲਾਂ ਨੂੰ ਵੀ ਵੇਖਣ ਤੋਂ ਵੀ ਰਹਿ ਜਾਂਦੇ ਹਨ। ਵਖਤੋਂ ਖੁੰਝਣ ਕਾਰਨ ਕਈ ਵਾਰ ਚਿਰਾਂ ਮਗਰੋਂ ਕੋਈ ਖੋਜ ਵਜੋਂ ਪੇਸ਼ ਕਰਦਾ ਹੈ ਕਿ ਇਹ, ਫਲਾਣੀ ਵੱਡੀ ਘਟਨਾ ਤੋਂ ਪਹਿਲਾਂ ਦੇ ਨਿਸ਼ਾਨ ਸਨ।

ਭਾਰਤ ਵਰਗੇ ਰਾਜਸੀ ਢਾਂਚੇ ਵਿੱਚ ਜਦੋਂ ਕੋਈ ਆਗੂ ਤਜਰਬੇ ਜਾਂ ਹਾਲਾਤ ਵਿਚਲਾ ਸੱਚ ਕਹਿੰਦਾ ਹੈ ਤਾਂ ਇਹ ਬਿਆਨਣਾ ਉਹਦੀ ਅੰਦਰਲੀ ਉਥਲ ਪੁਥਲ ਜਾਂ ਬਾਹਰਲੇ ਅਣਦਿਸਦੇ ਦਬਾਅ ਜਾਂ ਭਵਿੱਖਮੁਖੀ ਪੈਂਤੜੇਬਾਜੀ ਵੀ ਸਕਦੀ ਹੈ। ਕੁਝ ਦਿਨ ਪਹਿਲਾਂ ਪੰਜਾਬ ਦੇ ਖਜਾਨਾ ਮੰਤਰੀ ਨੇ ਪੰਜਾਬ ਦੇ ਮਾਲੀ ਹਾਲਾਤ ਬਾਰੇ ਫਿਰ ਓਹੋ ਸੱਚਾ ਬਿਆਨ ਦਿੱਤਾ ਜੋ ਅਕਾਲੀ ਦਲ ਦੀ ਸਰਕਾਰ ਵਿਚ ਖਜਾਨਾ ਮੰਤਰੀ ਹੁੰਦਿਆਂ ਦਿੱਤਾ ਸੀ। ਇਹ ਬਿਆਨ ਓਦੋਂ ਤਾਂ ਆਪਣੇ ਖਾਨਦਾਨੀ ਧੜੇ ਨੂੰ ਛੱਡਣ ਲਈ ਸੀ ਪਰ ਹੁਣ ਇਹ ਬਿਆਨ ਕਾਹਦੇ ਲਈ ਏ ? ਖਜਾਨਾ ਮੰਤਰੀ ਜੀ ਇਕ ਵਾਰ ਸੁੱਧ ਭਾਰਤੀ ਲੀਹਾਂ ਉੱਤੇ ਪੰਜਾਬ ਦੀ ਰਾਜਨੀਤੀ ਨੂੰ ਬਦਲਣ ਦੀ ਜੋਰ ਅਜਮਾਈ ਕਰ ਚੁੱਕੇ ਹਨ। ਕੀ ਇਹ ਬਿਆਨ ਫਿਰ ਤੋਂ ਅਗਲੇ ਬਦਲ ਲਈ ਜਮੀਨ ਤਿਆਰ ਕਰ ਰਿਹਾ ਹੈ ਜਾਂ ਸਿਰਫ ਤਤਕਾਲੀ ਦਬਾਅ ਹੀ ਏ ?

ਹਰਿਆਣੇ ਦੇ ਮੌਜੂਦਾ ਮੁੱਖ ਮੰਤਰੀ, ਜੋ ਭਗਵੇ ਸੰਘ ਦੀ ਸੇਵਾ ਵਜੋਂ ਗੱਦੀ ਬੈਠੇ ਹਨ ਉਹਨਾਂ ਨੇ ਵਿਵਾਦੀ ਨਹਿਰ ਲਈ ਸੌ ਕਰੋੜ ਰਾਖਵੇਂ ਰੱਖਣ ਦਾ ਬਿਆਨ ਦਿੱਤਾ। ਉਹਨਾਂ ਨੇ ਐਸ. ਵਾਈ. ਐਲ਼. ਦਾ ਅਰਥ 'ਸੱਤਾ ਯੂੰ ਲੂੰਗਾ' ਕਿਉਂ ਕੀਤੇ ਹਨ ? ਕੀ ਉਹ ਵੀ ਪੰਜਾਬ ਵਿੱਚ ਪਾਣੀ ਦਾ ਸਿਹਰਾ ਆਪਣੇ ਨਾਂ ਬੰਨ੍ਹਣ ਵਾਲੀ ਕਿਸੇ ਨਵੀਂ ਧਿਰ ਲਈ ਜਮੀਨ ਤਿਆਰੀ ਵਿੱਚ ਸਹਾਇਤਾ ਕਰ ਰਹੇ ਹਨ ਜਾਂ ਪੁਰਾਣੇ ਮੁਰਦਿਆਂ ਵਿਚ ਜਾਨ ਫੂਕਣ ਦੀ ਜੋਰ ਅਜਮਾਈ ਹੈ। ਏਦਾਂ ਦੇ ਟੁਟਵੇਂ ਟੁਟਵੇਂ ਬਿਆਨ ਕਈ ਵਾਰ ਰਾਜਨੀਤੀ ਦੇ ਧੁਰ ਅੰਦਰ ਉਬਲਦੇ ਲਾਵੇ ਦੇ ਚਿਣਗ ਹੁੰਦੇ ਹਨ ਜੋ ਬੰਨ੍ਹੇ ਹੋਏ ਘੇਰੇ ਤੋਂ ਬਾਹਰ ਜਾ ਡਿੱਗਦੇ ਹਨ। ਹਾਲਾਤ ਉਤੇ ਨਿਗਾ ਰੱਖਣੀ ਇਸ ਲਈ ਜਰੂਰੀ ਹੁੰਦੀ ਹੈ ਕਿਉਂਕਿ ਰਾਜਨੀਤੀ ਦਾ ਚਰਖ ਸਮੇਂ ਦੇ ਗੇੜ ਵਾਂਗ ਪੂਣੀ ਕਤਦਾ ਹੀ ਰਹਿੰਦਾ ਹੈ ਇਥੇ ਕੋਈ ਛੁੱਟੀ ਜਾਂ ਛੋਟ ਨਹੀਂ ਹੁੰਦੀ।

ਛੋਟੇ ਛੋਟੇ ਧਰਨਿਆਂ ਜਾਂ ਮੁੱਦਿਆਂ ਨਾਲ ਪੰਜਾਬ ਜਾਂ ਪੰਥ ਦੇ ਹਿੱਤਾਂ ਦੀ ਗੱਲ ਕਰਨ ਵਾਲੇ ਕਈ ਬੰਦੇ ਜਾਂ ਧੜੇ ਹਨ। ਇਹ ਲੋਕ ਪੰਜਾਬ ਵਿੱਚ ਪੁਰਾਣੇ ਦਲ ਦੀ ਡਿਗਦੀ ਸਾਖ ਨੂੰ ਵੇਖ ਕੇ ਆਪਣੀ ਸਮਰੱਥਾ ਨਾਲੋਂ ਮੌਕਾ ਲੱਗਣ ਦੀ ਮਾਨਤਾ ਤੇ ਵਧੇਰੇ ਯਕੀਨ ਕਰ ਰਹੇ ਹਨ। ਇਹਨਾਂ ਚ ਬਹੁਤੇ ਅਗਲਾ ਬਦਲ ਬਣਨ ਲਈ ਕੇਂਦਰ ਸਾਹਮਣੇ ਜਾਂ ਕੇਂਦਰ ਦੇ ਦਲਾਲ ਜਾਪਦੇ ਕਿਸੇ ਬੰਦੇ ਸਾਹਮਣੇ ਵੀ, ਸਿਰ ਭਾਰ ਹੋਣ ਲਈ ਤਿਆਰ ਹਨ। ਇਹਨਾਂ ਨੂੰ ਰਾਜਨੀਤੀ ਦੇ ਜੰਗਲ ਵਿੱਚ ਕਿਸੇ ਪੱਤੇ ਦੇ ਖੜਕਣ ਨਾਲ ਇਕ ਪਲ ਡਰ ਆਉਂਦਾ ਹੈ ਅਤੇ ਦੂਜੇ ਪਲ ਹੀ ਆਸਾਂ ਨੂੰ ਬੂਰ ਪੈਂਦਾ ਜਾਪਦਾ ਹੈ ।ਇਸ ਕਰਕੇ ਚਾਹੇ ਵਿਧਾਨ ਸਭਾ ਦੀ ਅਗੇਤੀ ਤਿਆਰੀ ਵਾਲੇ ਹੋਣ, ਚਾਹੇ ਗੁਰਦੁਆਰਾ ਚੋਣਾਂ ਦੀ ਚਿਰੋਕੀ ਉਡੀਕ ਵਾਲੇ ਹੋਣ ਜਾਂ ਪੁਰਾਣੇ ਲਾੜਿਆਂ ਦੇ ਨਵੇਂ ਸਰਬਾਲੇ ਬਣਨ ਵਾਲੇ ਹੋਣ, ਇਕ ਵਾਰ ਖੁਸ਼ੀ ਸਭ ਨੂੰ ਹੋਈ ਹੈ ਭਾਵੇਂ ਕਿਸੇ ਨੂੰ ਮੁਆਫੀ ਤੋਂ ਅਤੇ ਕਿਸੇ ਨੂੰ ਅਸਤੀਫਿਆਂ ਤੋਂ ਹੋਈ ਹੈ।

ਪੰਜਾਬ ਦੇ ਮਾਹੌਲ ਦਾ ਉਹ ਪਰਸੰਗ ਵੀ ਵੇਖਣਾ ਬਣਦਾ ਹੇ ਜੋ ਮੌਜੂਦਾ ਸਰਕਾਰ ਦੇ ਬਦਮਾਸ਼ਾਂ ਨੂੰ ਮਾਰਨ ਵਾਲੇ ਨਵੇਂ ਕਾਨੂੰਨ ਨਾਲ ਜੁੜਿਆ ਹੈ। ਇਹ ਸਭ ਨੂੰ ਪਤਾ ਹੈ ਕਿ ਮੁਆਫੀ ਮੰਗਣ ਦਾ ਪਰਸੰਗ ਵੀ ਨਸ਼ੇ ਅਤੇ ਬਦਮਾਸ਼ੀ ਨਾਲ ਜੁੜਿਆ ਹੋਇਆ ਹੈ। ਕਾਨੂੰਨ, ਰਾਜਨੀਤੀ ਅਤੇ ਸਮਾਜਕ ਮਾਨਤਾ ਵਿੱਚ ਬਦਮਾਸ਼ ਦੇ ਅਰਥ ਵੱਖ ਵੱਖ ਹੁੰਦੇ ਹਨ। ਜੇ ਕਾਨੂੰਨੀ ਪੱਖ ਵੇਖੀਏ ਤਾਂ ਫਰਵਰੀ 2018 ਵਿੱਚ ਯੂ.ਪੀ. ਪੁਲਸ ਦਾ 48 ਘੰਟਿਆਂ ਵਿਚ ਹੀ ਬਦਮਾਸ਼ਾਂ ਨਾਲ 15 ਥਾਈਂ ਮੁਕਾਬਲਾ ਹੋਇਆ ਅਤੇ ਸਿਰਫ ਇਕ ਬਦਮਾਸ਼ ਮਾਰਿਆ ਗਿਆ ਕਿਉਂਕਿ ਉਹਨਾਂ ਦੀ ਪਹਿਲ ਫੜਣ ਦੀ ਹੈ ਇਸ ਲਈ ਉਹਨਾਂ ਨੇ 24 ਬੰਦੇ ਫੜ ਲਏ। ਯੂ.ਪੀ. ਪੁਲਸ ਨੇ ਪਿਛਲੇ 10 ਮਹੀਨਿਆਂ ਵਿੱਚ 1100 ਤੋਂ ਵੱਧ ਮੁਕਾਬਲੇ ਕੀਤੇ ਅਤੇ ਕੁੱਲ 34 ਬੰਦੇ ਮਾਰੇ ਅਤੇ ਢਾਈ ਸੌ ਜਖਮੀ ਹੋਏ। ਪੁਲਸ ਮੁਕਾਬਲਿਆਂ ਰਾਹੀਂ 2700 ਤੋਂ ਵੱਧ ਬਦਮਾਸ਼ ਫੜੇ ਗਏ ਇਹਨਾਂ ਵਿਚੋਂ 1800 ਤੋਂ ਵੱਧ ਇਨਾਮੀ ਭਗੌੜੇ ਸਨ। ਯਾਦ ਰਹੇ ਕਿ ਭਾਰਤ ਵਿੱਚ ਸਭ ਤੋਂ ਵਧੇਰੇ ਕਤਲ ਅਤੇ ਨਾਜਾਇਜ ਹਥਿਆਰ ਉਤਰ ਪ੍ਰਦੇਸ਼ ਨਾਲ ਹੀ ਜੁੜੇ ਹੋਏ ਹਨ ਪੰਜਾਬ ਨਾਲ ਨਹੀਂ। ਏਨੇ ਸਭ ਕੁਝ ਦੇ ਬਾਵਜੂਦ ਯੂ.ਪੀ. ਦੀ ਸਰਕਾਰ ਨੇ ਬਦਮਾਸ਼ਾਂ ਨਾਲ ਨਜਿੱਠਣ ਦੇ ਨਾਂ ਹੇਠ ਕੋਈ ਵੱਖਰਾ ਕਾਨੂੰਨ ਨਹੀਂ ਬਣਾਇਆ ਕਿਉਂਕਿ ਹਾਲੇ ਤੱਕ ਬਦਮਾਸ਼ੀ ਉਹਨਾਂ ਲਈ ਕਾਨੂੰਨੀ ਮਸਲਾ ਹੀ ਹੇ। ਪੰਜਾਬ ਸਰਕਾਰ ਮਹਾਂਰਾਸਟਰ ਦੀ ਤਰਜ ਤੇ ਬਦਮਾਸ਼ਾਂ ਨੂੰ ਮਾਰਨ ਲਈ ਖਾਸ ਕਾਨੂੰਨ ਬਣਾ ਰਹੀ ਹੈ। ਮਹਾਂਰਾਸਟਰ ਦੇ ਬਦਨਾਮ ਕਾਨੂੰਨ ਦੀ ਵਜਹ ਬੰਬਈ ਦਾ ਦੁਨੀਆ ਵਿੱਚ ਮਸ਼ਹੂਰ ਅਪਰਾਧ ਜਗਤ ਸੀ ਜਿਸ ਕਰਕੇ ਉਹਨਾਂ ਦੀ ਕੋਈ ਦਲੀਲ ਬਣਦੀ ਸੀ ਭਾਵੇਂ ਮੰਨਣਯੋਗ ਨਾ ਹੀ ਸਹੀ। ਪੰਜਾਬ ਵਿੱਚ ਖਾਸ ਕਾਨੂੰਨ ਲਈ ਕਿਹੜੀ ਵਜਹ ਹੈ ਸਿਵਾਏ ਰਾਜਨੀਤੀ ਦੇ ? ਆਖਰ ਪੰਜਾਬ ਦਾ ਪੁਲਸ ਮਹਿਕਮਾ, ਬਦਮਾਸ਼ੀ ਰੋਕੂ ਕਾਨੂੰਨ ਦੇ ਨਾਂ ਹੇਠ 7000 ਬੰਦੇ ਜਾਸੂਸੀ ਅਤੇ ਛਾਣਬੀਣ ਲਈ, ਸਰਕਾਰੀ ਨੇਮਾਂ ਵਿਚ ਢਿੱਲ਼ ਵਰਤ ਕੇ ਕਿਉਂ ਭਰਤੀ ਕਰਨਾ ਚਾਹੁੰਦਾ ਹੇ ? ਕੀ ਸਚਮੁਚ ਪੰਜਾਬ ਦੇ ਹਾਲਤ ਏਨੇ ਮਾੜੇ ਹਨ ? ਪੰਜਾਬ ਪੁਲਸ ਯੂ.ਪੀ. ਅਤੇ ਮਹਾਂਰਾਸਟਰ ਦੇ ਮੁਕਾਬਲੇ ਹਰ ਮੁਕਾਬਲੇ ਵਿਚ ਔਸਤਨ ਇਕ ਤੋਂ ਵੱਧ ਬਦਮਾਸ਼ਾਂ ਨੂੰ ਮਾਰ ਰਹੀ ਹੈ। ਕੀ ਇਹ ਸਿਰਫ ਇਤਫਾਕ ਹੈ ਕਿ ਮੁਕਾਬਲੇ ਵਿੱਚ ਫੜੇ ਜਾਣ ਨਾਲੋਂ ਮਾਰੇ ਜਾਣ ਦੇ ਹਿਸਾਬ ਨਾਲ ਪੰਜਾਬ ਪੁਲਸ ਭਾਰਤ ਦੇ ਸਾਰੇ ਰਾਜਾਂ ਦੀ ਪੁਲਸ ਤੋਂ ਉਪਰ ਹੈ ? ਹਾਲਾਂਕਿ ਖਬਰਾਂ ਅਨੁਸਾਰ ਪਿਛਲੇ ਸਾਲਾਂ ਵਿੱਚ ਭਾਰਤ ਵਿੱਚ ਹੋਏ ਕੁੱਲ ਝੂਠੇ ਪੁਲਸ ਮੁਕਾਬਲਿਆਂ ਵਿਚੋਂ 40 ਫੀਸਦੀ ਤੋਂ ਵੱਧ ਯੂ.ਪੀ. ਵਿੱਚ ਹੋਏ ਹਨ। ਪੰਜਾਬ ਦੀ ਸਰਕਾਰ ਜਿਸ ਤਰੀਕੇ ਨਾਲ ਬਦਮਾਸ਼ਾਂ ਦਾ ਮਸਲਾ ਉਭਾਰ ਰਹੀ ਹੈ ਉਹ ਖਤਰੇ ਨੂੰ ਖਤਮ ਕਰਨ ਨਾਲੋਂ ਉਸ ਨੂੰ ਵੱਡਾ ਅਤੇ ਪੱਕਾ ਕਰਨ ਦਾ ਰਾਹ ਪੱਧਰਾ ਕਰ ਰਹੀ ਹੈ।

ਨਸ਼ੇ ਅਤੇ ਭ੍ਰਿਸ਼ਟਾਚਾਰ ਬਿਨਾ ਬਦਮਾਸ਼ੀ ਦੇ ਕੋਈ ਮਾਅਨੇ ਨਹੀਂ ਹਨ। ਨਸ਼ੇ ਦੇ ਚਲਣ ਲਈ ਬਦਮਾਸ਼ਾਂ ਅਤੇ ਨੇਤਾਵਾਂ ਦਾ ਗਠਜੋੜ ਜਰੂਰੀ ਹੁੰਦਾ ਹੈ। ਜੇ ਇਹ ਮੁੱਦੇ ਹੀ ਪੰਜਾਬ ਦੀ ਰਾਜਨੀਤੀ ਦੇ ਅਸਲੀ ਮੁੱਦੇ ਬਣਨਗੇ ਤਾਂ ਹੀ ਪੰਜਾਬ ਵਿਚ ਨਵੇਂ ਰਾਜਸੀ ਦਲ ਦੀ ਪੈਰ ਧਰਨ ਦੀ ਥਾਂ ਬਣੇਗੀ। ਦਿੱਲੀ ਦੇ ਮੁੱਖ ਮੰਤਰੀ ਨੇ ਪੰਜਾਬ ਦੇ ਇਕ ਬਦਨਾਮ ਅਕਾਲੀ ਤੋਂ ਮੁਆਫੀ ਮੰਗ ਕੇ ਇਸ ਗੱਲ ਤੇ ਦੂਹਰੀ ਮੋਹਰ ਲਾਈ ਹੈ ਕਿ ਬਦਮਾਸ਼ੀ ਦਾ ਸਵਾਲ ਪੰਜਾਬ ਵਿੱਚ ਨਵਾਂ ਮਸਲਾ ਬਣ ਰਿਹਾ ਹੈ। ਨਵੇਂ ਰਾਜਸੀ ਮੁੱਦੇ ਬਣਨ ਨਾਲ ਪੰਜਾਬ ਦੀਆਂ ਅਸਲ ਮੁਸ਼ਕਲਾਂ ਹੋਰ ਵਿਸਰ ਜਾਣਗੀਆਂ। ਜੋ ਪੰਜਾਬ ਦੀਆਂ ਮੁਸ਼ਕਲਾਂ ਹਨ ਉਹਨਾਂ ਦਾ ਅੱਜ ਕੇਂਦਰੀ ਜਾਂ ਸੂਬਾ ਰਾਜਨੀਤੀ ਵਿੱਚ ਕਿੰਨਾ ਮੁੱਲ ਹੈ ? ਕੀ ਉਹ ਮੁਸ਼ਕਲਾਂ ਪੁਲਸ ਨੂੰ ਪਹਿਲਾਂ ਵਾਂਗ ਕਾਨੂੰਨੀ ਖੁੱਲ ਮਿਲਣ ਨਾਲ ਠੀਕ ਹੋ ਜਾਣਗੀਆਂ ਜਾਂ ਕੀ ਇਹ ਮੁਸ਼ਕਲਾਂ ਭੀੜਾਂ ਸਾਹਮਣੇ ਕੀਤੀਆਂ ਤਕਰੀਰਾਂ ਰਾਹੀਂ ਦੂਜਿਆਂ ਨੂੰ ਦੋਸ਼ੀ ਕਹਿਣ ਨਾਲ ਠੀਕ ਹੋ ਜਾਣਗੀਆਂ ਜਾਂ ਨੇਤਾਵਾਂ ਦੇ ਇਕ ਦੂਜੇ ਤੋਂ ਮੁਆਫੀ ਮੰਗਣ ਮੰਗਾਉਣ ਨਾਲ ਠੀਕ ਹੋ ਜਾਣਗੀਆਂ ? ਮੁਆਫੀ ਅਤੇ ਅਸਤੀਫੇ ਅਸਲ ਮੁਸ਼ਕਲਾਂ ਨੂੰ ਲਾਂਭੇ ਕਰਕੇ ਨਵੀਆਂ ਮੁਸ਼ਕਲਾਂ ਪੇਸ਼ ਕਰਨ ਦਾ ਰਾਹ ਵੀ ਹਨ ਤਾਂਕਿ ਮੁੜ ਦਲ ਬਣਨ ਅਤੇ ਉਹਨਾਂ ਵਲੋਂ ਨਵੇਂ ਹੱਲ ਦੱਸੇ ਜਾ ਸਕਣ।

ਆਪਣੇ ਆਪ ਨੂੰ ਮਹਾਤਮਾ ਗਾਂਧੀ ਸਮਝਣ ਵਾਲੇ ਬੰਦੇ ਦਾ ਮੁਆਫੀ ਮੰਗਣਾ ਡਰ ਜਾਂ ਅਕੇਵੇਂ ਵਾਲੀ ਗੱਲ ਨਹੀਂ ਹੈ। ਭਾਰਤੀ ਰਾਜਨੀਤੀ ਦੇ ਪਿਛੇ ਵੱਲ ਵੇਖਣਾ ਚਾਹੀਦਾ ਹੈ ਕਿ ਕਿਹੜੇ ਬੰਦਿਆਂ ਨੇ ਕਿਸ ਵੇਲੇ ਕਿਸ ਤੋਂ ਮੁਆਫੀ ਮੰਗੀ। ਅਸਲ ਵਿੱਚ ਵੱਡੇ ਅਫਸਰਸ਼ਾਹਾਂ ਅਤੇ ਰਾਜਨੀਤਕਾਂ ਦੇ ਅਸਤੀਫੇ ਜਾਂ ਮੁਆਫੀਨਾਮੇ ਕਦੇ ਗੁੱਸੇ, ਡਰ ਜਾਂ ਮਨ ਕਰੇ ਦੇ ਅਨੁਸਾਰ ਨਹੀਂ ਹੁੰਦੇ ਸਗੋਂ ਇਹ ਡੂੰਘੀ ਰਾਜਨੀਤੀ ਹੁੰਦੇ ਹਨ। ਇਹ ਗੱਲ ਵੱਖਰੀ ਹੈ ਕਿ ਇਹ ਨੀਤੀ ਕਈ ਵਾਰ ਪੂਰਨ ਰੂਪ ਵਿੱਚ ਸਿਰੇ ਨਹੀਂ ਚੜ੍ਹਦੀ। ਜਿਵੇਂ ਮੁੱਖ ਮੰਤਰੀ, ਪ੍ਰਧਾਨ ਮੰਤਰੀ ਜਾਂ ਕਿਸੇ ਹੋਰ ਵੱਡੇ ਅਹੁਦੇ ਲਈ ਰੁਤਬਿਆਂ ਤੋਂ ਅਸਤੀਫਾ ਦੇ ਛੱਡਣਾ ਹਰ ਵਾਰ ਸਫਲ ਨਹੀਂ ਹੁੰਦਾ ਉਵੇਂ ਮੁਆਫੀ ਦੀ ਚਾਲ ਵੀ ਹਰ ਵਾਰ ਸਫਲ ਨਹੀਂ ਹੁੰਦੀ।

ਪੰਜਾਬ ਦੇ ਲੋਕ ਰਾਜਨੀਤੀਕ ਬੰਦਿਆਂ ਨੂੰ ਆਪਣੇ ਦਲ ਜਾਂ ਬਿਆਨ ਬਦਲਦੇ ਵੇਖ ਕੇ ਅਕਸਰ ਉਹਨਾਂ ਨੂੰ ਘਟੀਆ ਆਖਦੇ ਹਨ। ਇਹ ਭਾਵਨਾ ਉਹਨਾਂ ਦੀ ਰਾਜਨੀਤੀਕ ਸਮਝ ਨਹੀਂ ਹੁੰਦੀ ਸਗੋਂ ਆਪਣੇ ਮਨ ਅੰਦਰ ਸੱਚ ਜਾਣੀ ਕਿਸੇ ਮਾਨਤਾ ਦੇ ਟੁਟਣ ਦਾ ਆਪਣੇ ਆਪ ਨਾਲ ਗੁੱਸਾ ਹੁੰਦਾ ਹੈ। ਆਗੂ ਲਈ ਆਪਣਾ ਅਸਰ ਛੱਡਣਾ ਜਰੂਰੀ ਹੁੰਦਾ ਹੈ ਇਹ ਚਾਹੇ ਚੰਗਾ ਹੋਵੇ ਚਾਹੇ ਮਾੜਾ। ਇਹ ਗੱਲ ਹਰ ਆਗੂ ਜਾਣਦਾ ਹੁੰਦਾ ਏ ਕਿ ਲੋਕਾਂ ਦਾ ਚੇਤਾ ਬੜਾ ਕਮਜੋਰ ਹੁੰਦਾ ਹੈ ਅਤੇ ਉਹਨਾਂ ਦੀ ਰਾਇ ਬੜੀ ਭਾਵਕ ਕਿਸਮ ਦੀ ਹੁੰਦੀ ਹੈ। ਲੋਕ ਅਕਸਰ ਛੇਤੀ ਭੁਲਦੇ ਅਤੇ ਬਦਲਦੇ ਹਨ। ਜੇ ਲੋਕ ਭੁੱਲਦੇ ਅਤੇ ਬਦਲਦੇ ਨਾ ਹੋਣ ਤਾਂ ਕਿਸੇ ਆਗੂ ਦੀ ਹਿੰਮਤ ਨਹੀਂ ਹੋ ਸਕਦੀ ਕਿ ਉਹ ਗੱਲ ਗੱਲ ਤੇ ਮਹਾਤਮਾ ਗਾਂਧੀ ਵਾਂਗ ਬਦਲਦਾ ਰਹੇ। ਭਾਰਤੀ ਰਾਜਨੀਤੀ ਦੀ ਮੁੱਖਧਾਰਾ ਦੇ ਮੋਢੀ ਮਹਾਤਮਾ ਜੀ ਵਰਗਾ ਹੋਰ ਕੋਈ ਨਹੀਂ ਹੋ ਸਕਦਾ। ਉਹਨਾਂ ਨੇ ਸੈਂਕੜੇ ਹਜਾਰਾਂ ਗੱਲਾਂ ਤੇ ਆਪਣੀ ਰਾਇ ਪਰਗਟ ਕੀਤੀ ਅਤੇ ਅਣਗਿਣਤ ਵਾਰ ਉਹ ਆਪਣੀ ਗੱਲ ਤੋਂ ਬਦਲੇ। ਲੋਕਾਂ ਦੇ ਪੁੱਛਣ ਤੇ ਉਹਨਾਂ ਦਾ ਬੜਾ ਸਿੱਧਾ ਜਵਾਬ ਹੁੰਦਾ ਸੀ ਕਿ ਜਿਸ ਗੱਲ ਬਾਰੇ ਵੀ ਮੈਂ ਆਖਰੀ ਵਾਰ ਜੋ ਕੁਝ ਕਿਹਾ ਹੈ ਉਹਨੂੰ ਹੀ ਸਹੀ ਮੰਨੋ। ਅੱਜ ਭਾਰਤ ਵਿੱਚ ਬਹੁਤੇ ਨੇਤਾ ਇਸੇ ਚਲਣ ਦੇ ਹਨ ਕਿ ਉਹਨਾਂ ਦੀ ਆਖਰੀ ਵਾਰ ਕਹੀ ਗੱਲ ਨੂੰ ਹੀ ਮੰਨੋ ਜੇ ਉਹ ਕੱਲ ਨੂੰ ਫਿਰ ਬਦਲ ਜਾਣ ਤਾਂ ਕੱਲ ਵਾਲੀ ਗੱਲ ਹੀ ਸੱਚ ਹੋਏਗੀ। ਇਸ ਕਰਕੇ ਰਾਜਨੀਤੀ ਵਿੱਚ ਮੁਆਫੀ ਮੰਗਣਾ ਵੀ ਰਾਇ ਬਦਲਣ ਵਾਂਗ ਹੀ ਹੈ।

ਪੰਜਾਬ ਦੇ ਮਾਮਲੇ ਵਿੱਚ ਭਾਰਤੀ ਹਾਕਮ ਹੁਣ ਏਨੀ ਗੱਲ ਦਾ ਵੀ ਜਿਕਰ ਨਹੀਂ ਚਾਹੁੰਦੇ ਕਿ ਕਿਸੇ ਰਾਜਸੀ ਦਲ ਨੇ ਐਮਰਜੈਂਸੀ ਵੇਲੇ ਕੇਂਦਰੀ ਹਕੂਮਤ ਦਾ ਵਿਰੋਧ ਕੀਤਾ ਸੀ। ਉਹ ਵੱਖਰੀ ਪਛਾਣ ਦੇ ਹਰ ਮੁੱਦੇ ਨੂੰ ਖਿੱਚ ਕੇ ਦੇਸ਼ ਵਿਰੋਧੀ ਪਾਲ਼ੇ ਵਿਚ ਖੜ੍ਹਾ ਕਰਨ ਲੱਗੇ ਹੋਏ ਹਨ। ਨੋਟਬੰਦੀ ਦੇ ਕਾਰਨ ਅਤੇ ਅਸਰ ਜੋ ਮਰਜੀ ਰਹੇ ਹੋਣ ਪਰ ਕੇਂਦਰ ਸਰਕਾਰ ਨੇ ਉਹ ਕਰ ਲਿਆ ਹੈ ਜੋ ਐਮਰਜੈਂਸੀ ਵੇਲੇ ਵੀ ਨਹੀਂ ਹੋਇਆ ਸੀ। ਉਹਨਾਂ ਨੇ ਰੁਪਈਆਂ ਉੱਤੇ ਦੇਵਨਾਗਰੀ ਅੱਖਰ ਛਾਪ ਲਏ ਹਨ, ਪੰਜਾਬੀ ਦੇ ਕਿਸੇ ਮੁਦਈ ਨੇ ਭੋਰਾ ਵਿਰੋਧ ਨਹੀਂ ਕੀਤਾ। ਜੋ ਕੇਂਦਰੀ ਪੱਧਰ ਤੇ ਚੱਲ ਰਿਹਾ ਹੈ ਜੇ ਓਹੀ ਖੇਤਰੀ ਪੱਧਰ ਤੇ ਚੱਲੇ ਤਾਂ ਹਾਲਾਤ ਕਿੰਨੇ ਵੀ ਮਾੜੇ ਹੋਣ ਪਰ ਰਾਜਸੀ ਢਾਂਚਾ ਤਰੱਕੀ ਹੀ ਕਰਦਾ ਹੈ। ਮਿਸਾਲ ਵਜੋਂ ਜੇ ਲੋਕ ਸਭਾ ਵਿੱਚ ਬੈਠਣ ਵਾਲੇ ਬਦਮਾਸ਼ੀ ਅਤੇ ਭ੍ਰਿਸ਼ਟਾਚਾਰ ਲਈ ਬਦਨਾਮ ਹਨ ਅਤੇ ਜੇ ਇਹੋ ਮੁੱਦਾ ਪੰਜਾਬ ਵਿੱਚ ਭਾਰੂ ਹੈ ਤਾਂ ਇਹਦੇ ਨਾਲ ਪੰਜਾਬ ਦੀ ਵੱਖਰੀ ਪਛਾਣ ਬੇਮਾਅਨਾ ਹੁੰਦੀ ਹੈ। ਇਸ ਤਰ੍ਹਾਂ ਦੀ ਰਾਜਨੀਤੀ ਨਾਲ ਕੇਂਦਰੀ ਢਾਂਚਾ ਅਸਲ ਵਿੱਚ ਮਜਬੂਤ

**ਬਾਕੀ ਸਫ਼ਾ 32 'ਤੇ**

# ਨਵੀਂ 'ਸਿਰਜਣਾਤਮਕ ਤਬਾਹੀ' ਲਿਆਉਣ ਦਾ ਮੌਕਾ

**ਪ੍ਰੀਤਮ ਸਿੰਘ (ਪ੍ਰੋ.)×**



ਆਮ ਆਦਮੀ ਪਾਰਟੀ (ਆਪ) ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਵੱਲੋਂ ਮਾਣਹਾਨੀ ਕੇਸ ਦੇ ਖਾਤਮੇ ਲਈ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਪਾਸੋਂ ਮੰਗੀ ਗਈ ਮੁਆਫ਼ੀ ਤੋਂ ਜਦੋਂ 'ਆਪ' ਦੀ ਪੰਜਾਬ ਇਕਾਈ ਵਿੱਚ ਉਬਾਲ ਪੂਰੇ ਜ਼ੋਰ 'ਤੇ ਸੀ ਤਾਂ ਇਸ ਸਭ ਬਾਰੇ ਪੜ੍ਹਦਿਆਂ ਮੇਰੇ ਮਨ ਮਸਤਕ ਵਿੱਚ ਖਿਆਲ ਉਭਰਿਆ ਕਿ ਆਪ ਵਿੱਚ ਜੋ ਬਗ਼ਾਵਤ ਉੱਭਰੀ ਹੈ, ਉਹ 'ਸਿਰਜਣਾਤਮਕ ਤਬਾਹੀ' ਹੈ। ਅਜਿਹਾ ਖਿਆਲ ਆਪਣੇ ਆਪ ਵਿੱਚ ਅਜੀਬ ਜ਼ਰੂਰ ਜਾਪਦਾ ਹੈ, ਪਰ ਮੈਨੂੰ ਸਮੁੱਚੇ ਅਮਲ ਵਿੱਚੋਂ ਕੁਝ ਨਵਾਂ ਪੁੰਗਰਨ ਦੀ ਉਮੀਦ ਨਜ਼ਰ ਆਈ। ਮੇਰੀ ਇਸ ਸੋਚ ਦਾ ਪਿਛੋਕੜ ਅਤੇ 'ਸਿਰਜਣਾਤਮਕ ਤਬਾਹੀ' ਦੇ ਸੰਕਲਪ ਕੀ ਹਨ, ਇਸ ਦੀ ਇੱਥੇ ਵਿਆਖਿਆ ਕੀਤੀ ਜਾਣੀ ਜ਼ਰੂਰੀ ਜਾਪਦੀ ਹੈ। ਇਸ ਸੰਕਲਪ ਦਾ ਘਾੜਨਹਾਰਾ ਆਸਟ੍ਰੀਅਨ ਪਿਛੋਕੜ ਵਾਲਾ ਬਹੁਤ ਗਿਆਨਵਾਨ ਤੇ ਮਸ਼ਹੂਰ ਸਿਆਸੀ ਅਰਥ ਸ਼ਾਸਤਰੀ ਜੋਸੇਫ਼ ਸ਼ੂਮਪੀਟਰ (ਸੰਨ 1883-1950) ਸੀ ਜੋ ਹਾਰਵਰਡ ਯੂਨੀਵਰਸਿਟੀ (ਅਮਰੀਕਾ) ਤੋਂ ਅਰਥ ਸ਼ਾਸਤਰ ਦੇ ਪ੍ਰੋਫ਼ੈਸਰ ਵਜੋਂ ਸੇਵਾਮੁਕਤ ਹੋਇਆ। ਸ਼ੂਮਪੀਟਰ ਨੇ ਪੂੰਜੀਵਾਦੀ ਅਰਥਚਾਰੇ ਵਿੱਚ ਪ੍ਰਗਤੀ ਤੇ ਪਤਨ ਦੇ ਸੁਭਾਅ ਨੂੰ 'ਸਿਰਜਣਾਤਮਕ ਤਬਾਹੀ' ਦੇ ਸੰਕਲਪ ਰਾਹੀਂ ਸਮਝਾਉਣ ਦਾ ਯਤਨ ਕੀਤਾ। ਉਸ ਦੀ ਦਲੀਲ ਸੀ ਕਿ ਪੂੰਜੀਵਾਦੀ ਅਰਥਚਾਰਾ ਪੁਰਾਣੇ ਉਤਪਾਦਾਂ, ਤਕਨੀਕਾਂ, ਪੈਕੇਜਿੰਗ ਦੇ ਡਿਜ਼ਾਈਨਾਂ, ਖ਼ਪਤਕਾਰੀ ਆਦਤਾਂ ਅਤੇ ਮੰਡੀਆਂ ਆਦਿ ਨੂੰ ਲਗਾਤਾਰ ਤਬਾਹ ਕਰਕੇ ਅਤੇ ਉਨ੍ਹਾਂ ਦੀ ਥਾਂ ਨਵੇਂ ਉਤਪਾਦ, ਨਵੀਆਂ ਤਕਨੀਕਾਂ, ਨਵੀਆਂ ਖ਼ਪਤਕਾਰੀ ਸ਼ੈਲੀਆਂ ਤੇ ਰੁਝਾਨ ਅਤੇ ਨਵੀਆਂ ਮੰਡੀਆਂ ਪੈਦਾ ਕਰਕੇ ਫ਼ਲਦਾ-ਫੁਲਦਾ ਹੈ। ਉਸ ਨੇ ਪੁਰਾਣਿਆਂ ਦੀ ਨਵਿਆਂ ਰਾਹੀਂ ਤਬਾਹੀ ਨੂੰ ਸਿਰਜਣਾਤਮਕ ਅਮਲ ਵਜੋਂ ਸਲਾਹਿਆ। ਉਸ ਦਾ ਕਹਿਣਾ ਸੀ ਕਿ ਸਿਰਜਣਾਤਮਕ ਦੇ ਮੁਕਾਬਲੇ ਨਾਂਹਮੁਖੀ ਤਬਾਹੀ ਜਿੱਥੇ ਕਿਤੇ ਵੀ ਵਾਪਰਦੀ ਹੈ, ਇਹ ਅੱਗੋਂ ਤਬਾਹੀ ਦਾ ਅਮਲ ਵਧਾਉਂਦੀ ਚਲੀ ਜਾਂਦੀ ਹੈ ਜਿਸ ਦਾ ਅੰਤ ਮੁਕੰਮਲ ਵਿਨਾਸ਼ ਦੇ ਰੂਪ ਵਿੱਚ ਹੁੰਦਾ ਹੈ। ਉਸ ਨੇ ਇਹ ਵੀ ਕਿਹਾ ਕਿ ਸਿਰਜਣਾਤਮਕ ਤਬਾਹੀ ਦਾ ਅਮਲ ਬਹੁਤ ਵੱਡੀਆਂ ਅਜਾਰੇਦਾਰੀਆਂ ਪੈਦਾ ਕਰ ਸਕਦਾ ਹੈ ਜੋ ਆਪਣੇ ਵਿਆਪਕ ਆਰਥਿਕ ਸੋਮਿਆਂ ਦੀ ਵਰਤੋਂ ਨਵੇਂ ਉਤਪਾਦਾਂ ਤੇ ਨਵੀਆਂ ਤਕਨਾਲੋਜੀਆਂ ਦੀ ਖੋਜ ਤੇ ਵਿਕਾਸ ਲਈ ਕਰਦੀਆਂ ਹਨ, ਪਰ ਸਮਾਂ ਪੈਣ ਨਾਲ ਇਹ ਅਜਾਰੇਦਾਰੀਆਂ ਏਨੀਆਂ ਵੱਡੀਆਂ ਤੇ ਨੌਕਰਸ਼ਾਹਾਨਾ ਬਣ ਜਾਂਦੀਆਂ ਹਨ ਕਿ ਇਨ੍ਹਾਂ ਅੰਦਰੋਂ ਸਿਰਜਣਾਤਮਕ ਚਿਣਗ ਮੁੱਕਣੀ ਸ਼ੁਰੂ ਹੋ ਜਾਂਦੀ ਹੈ। ਇਸ ਚਿਣਗ ਤੋਂ ਬਿਨਾਂ ਪੂੰਜੀਵਾਦ ਦੀ ਆਰਥਿਕ ਗਤੀਸ਼ੀਲਤਾ ਜਿਉਂਦੀ ਹੀ ਨਹੀਂ ਰਹਿ ਸਕਦੀ। ਇਸੇ ਲਈ ਇਨ੍ਹਾਂ ਅਜਾਰੇਦਾਰੀਆਂ ਦਾ ਅੰਤ ਬਿਖਰਾਉ ਹੋ ਜਾਂਦਾ ਹੈ। ਸ਼ੂਮਪੀਟਰ ਨੇ ਇਹ ਕਹਿ ਕੇ ਆਪਣਾ ਵਿਆਖਿਆਨ ਸਮਾਪਤ ਕੀਤਾ ਕਿ ਜਿਵੇਂ ਕੋਈ ਡਾਕਟਰ ਇਹ ਚਾਹੁੰਦਾ ਹੈ ਕਿ ਉਸ ਦਾ ਮਰੀਜ਼ ਨਾ ਮਰੇ, ਪਰ ਅੰਦਰੋਂ ਇਹ ਜਾਣਦਾ ਹੁੰਦਾ ਹੈ ਕਿ ਇਸ ਮਰੀਜ਼ ਨੇ ਮਰ ਹੀ ਜਾਣਾ ਹੈ, ਬਿਲਕੁਲ ਉਸੇ ਤਰ੍ਹਾਂ ਬਤੌਰ ਸਿਆਸੀ ਅਰਥ ਸ਼ਾਸਤਰੀ ਉਹ ਇਹ ਚਾਹੁੰਦਾ ਹੈ ਕਿ ਪੂੰਜੀਵਾਦ ਜ਼ਿੰਦਾ ਰਹੇ, ਪਰ ਨਾਲ ਹੀ ਜਾਣਦਾ ਹੈ ਕਿ ਪੂੰਜੀਵਾਦ ਨੇ ਆਖ਼ਿਰ ਮਰਨਾ ਹੀ ਹੈ।

'ਆਪ' ਦਾ ਇੱਕ ਦੂਰਲਾ ਹਮਦਰਦ ਹੋਣ ਦੇ ਨਾਤੇ ਅਤੇ ਭਾਰਤੀ ਸਿਆਸਤ ਵਿੱਚ ਹਿੰਦੂ ਰਾਸ਼ਟਰਵਾਦੀ ਭਾਜਪਾ (ਅਤੇ ਪੰਜਾਬ ਵਿੱਚ ਇਸ ਦੇ ਭਾਈਵਾਲ ਸ਼੍ਰੋਮਣੀ ਅਕਾਲੀ ਦਲ) ਅਤੇ ਕੁਨਬਾਪ੍ਰਸਤੀ ਤੋਂ ਗ੍ਰਸਤ ਕਾਂਗਰਸ ਦੇ ਮੁਕਾਬਲੇ ਤੀਜੇ ਬਦਲ ਵਜੋਂ ਉਭਰਨ ਦੀ ਇਸ ਦੀ ਸਮਰੱਥਾ ਦੇ ਮੱਦੇਨਜ਼ਰ ਮੈਂ ਨਹੀਂ ਚਾਹੁੰਦਾ ਕਿ 'ਆਪ' ਨਸ਼ਟ ਹੋਵੇ, ਪਰ ਨਾਲ ਹੀ ਇਹ ਦੇਖ ਸਕਦਾ ਹਾਂ ਕਿ ਨਸ਼ਟ ਹੋਣਾ ਹੀ ਇਸ ਦੀ ਤਕਦੀਰ ਹੈ। ਸੰਨ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਇਸ ਪਾਰਟੀ ਦੀ ਪੰਜਾਬ ਵਿਚਲੀ ਕਾਮਯਾਬੀ (ਇਸ ਨੇ ਰਾਜ ਦੀਆਂ 13 ਸੀਟਾਂ ਵਿੱਚੋਂ ਚਾਰ ਸੀਟਾਂ ਜਿੱਤੀਆਂ) ਨੇ ਬਾਕੀ ਭਾਰਤ ਦੇ ਮੁਕਾਬਲੇ ਇਸ ਨੂੰ ਪੰਜਾਬ ਵਿੱਚ ਵਡੇਰਾ ਤੀਜਾ ਬਣਾਇਆ। ਪਰ ਇਸ ਕਾਮਯਾਬੀ ਨੇ ਪੰਜਾਬ ਵਿੱਚ 'ਆਪ' ਨੂੰ ਨਿਵਕੇਲੀਆਂ ਸਿਆਸੀ ਜੁਗਤਾਂ ਅਜ਼ਮਾਉਣ ਦੇ ਰਾਹ ਪਾਉਣ ਦੀ ਥਾਂ ਇਸ ਉੱਪਰ ਪੰਜਾਬ ਤੋਂ ਬਾਹਰਲੀ ਕੇਂਦਰੀ ਲੀਡਰਸ਼ਿਪ ਦਾ ਸ਼ਿਕੰਜਾ ਵਧਾਉਣਾ ਸ਼ੁਰੂ ਕਰ ਦਿੱਤਾ। ਕੇਜਰੀਵਾਲ ਵੱਲੋਂ ਪੰਜਾਬ ਇਕਾਈ ਦੀ ਲੀਡਰਸ਼ਿਪ ਨੂੰ ਭਰੋਸੇ ਵਿੱਚ ਲਏ ਬਿਨਾਂ ਮਜੀਠੀਆ ਤੋਂ ਮੁਆਫ਼ੀ ਮੰਗਣ ਦਾ ਇਕਤਰਫ਼ਾ ਫ਼ੈਸਲਾ, ਫ਼ੈਸਲੇ ਲੈਣ ਦੀ ਲੋੜੋਂ ਵੱਧ ਕੇਂਦਰੀਕ੍ਰਿਤ ਪ੍ਰਣਾਲੀ ਦੀ ਲਗਾਤਾਰਤਾ ਦਾ ਹੀ ਹਿੱਸਾ ਸੀ। ਜੇ ਕੇਜਰੀਵਾਲ ਨੂੰ ਇਹ ਜਾਪਿਆ ਸੀ ਕਿ ਮਜੀਠੀਆ ਖ਼ਿਲਾਫ਼ ਦੋਸ਼ਾਂ ਨੂੰ ਸਾਬਤ ਕਰਨ ਵਾਲੇ ਕੋਈ ਸਬੂਤ ਮੌਜੂਦ ਨਹੀਂ ਅਤੇ ਅਜਿਹੀ ਸੂਰਤ ਵਿੱਚ ਮੁਆਫ਼ੀ ਮੰਗ ਲੈਣਾ ਇਖ਼ਲਾਕੀ ਤੌਰ 'ਤੇ ਜਾਇਜ਼ ਕਦਮ ਹੋਵੇਗਾ, ਫਿਰ ਵੀ ਉਸ ਨੂੰ ਆਪਣਾ ਇਹ ਵਿਚਾਰ ਪੰਜਾਬ ਇਕਾਈ ਨਾਲ ਸਾਂਝਾ ਕਰਨਾ ਚਾਹੀਦਾ ਸੀ ਅਤੇ ਫਿਰ ਇਸ ਇਕਾਈ ਨਾਲ ਮਿਲ ਕੇ ਮੁਆਫ਼ੀ ਮੰਗਣ ਦੀ ਅਜਿਹੀ ਵਿਧੀ ਤਿਆਰ ਕਰਨੀ ਚਾਹੀਦੀ ਸੀ ਜੋ ਪਾਰਟੀ ਦੇ ਹਿੱਤਾਂ ਨੂੰ ਵੀ ਬਹੁਤੀ ਢਾਹ ਨਾ ਲਾਉਂਦੀ ਹੋਵੇ। ਅਜਿਹਾ ਹੋਣ 'ਤੇ ਇੱਕ ਵਾਰ ਤਾਂ ਪਾਰਟੀ ਨੂੰ ਜਨਤਕ ਪਰੇਸ਼ਾਨੀ ਤੇ ਰੋਹ ਦਾ ਸਾਹਮਣਾ ਕਰਨਾ ਪੈਣਾ ਸੀ, ਪਰ ਅਜਿਹਾ ਕਰਕੇ ਭਾਰਤੀ ਸਿਆਸਤ 'ਚ ਨਵੀਂ ਇਖ਼ਲਾਕੀ ਪਿਰਤ ਦਾ ਮੁੱਢ ਵੀ ਬੱਝ ਜਾਣਾ ਸੀ ਕਿ ਸਬੂਤਾਂ ਦੀ ਅਣਹੋਂਦ ਵਿੱਚ ਵਿਰੋਧੀਆਂ 'ਤੇ ਦੋਸ਼ ਲਾਉਣ ਤੋਂ ਪਰਹੇਜ਼ ਕਰੋ। ਭਾਰਤੀ ਸਿਆਸਤ ਵਿੱਚ ਇਖ਼ਲਾਕੀ ਪੱਧਰ ਉੱਤੇ ਇੰਨਾ ਨਿਘਾਰ ਆ ਗਿਆ ਹੈ ਕਿ ਬਿਨਾਂ ਕਿਸੇ ਠੋਸ ਸਬੂਤ ਅਤੇ ਬਿਨਾਂ ਕੋਈ ਨੈਤਿਕ ਜ਼ਿੰਮੇਵਾਰੀ ਸਮਝਿਆਂ ਸਿਆਸੀ ਵਿਰੋਧੀਆਂ ਖ਼ਿਲਾਫ਼ ਦੂਸ਼ਣਬਾਜ਼ੀ ਕੀਤੀ ਜਾਂਦੀ ਹੈ। ਇਸ ਕਾਰਨ ਵਿਰੋਧੀਆਂ ਉੱਤੇ ਲਾਏ ਗਏ ਕਈ ਦੋਸ਼ਾਂ ਦੇ ਸਹੀ ਜਾਂ ਗ਼ਲਤ ਹੋਣ ਬਾਰੇ ਆਮ ਲੋਕਾਂ ਨੂੰ ਸੰਦੇਹ ਹੀ ਹੁੰਦਾ ਹੈ। ਕਿਸੇ ਵੀ ਪਾਰਟੀ ਵਿੱਚ ਖੁੱਲ੍ਹੀ ਤੇ ਜਮਹੂਰੀ ਢੰਗ ਨਾਲ ਸੋਚ-ਵਿਚਾਰ ਅਤੇ ਚਰਚਾ ਰਾਹੀਂ ਅਜਿਹੇ ਲਾਪਰਵਾਹ ਰਵੱਈਏ ਨੂੰ ਠੱਲ੍ਹਿਆ ਜਾ ਸਕਦਾ ਹੈ। ਲੋੜ ਤੋਂ ਵਧੇਰੇ ਕੇਂਦਰੀਕਰਨ, ਕੇਂਦਰੀਕ੍ਰਿਤ ਲੀਡਰਸ਼ਿਪ ਵੱਲੋਂ ਲਏ ਗਏ ਅਜੀਬੋ-ਗਰੀਬ ਫ਼ੈਸਲਿਆਂ ਉੱਤੇ ਕੁੰਡਾ ਅਤੇ ਸੰਤੁਲਨ ਰੱਖਣ ਦੀ ਪ੍ਰਣਾਲੀ ਨੂੰ ਕਮਜ਼ੋਰ ਬਣਾਉਂਦਾ ਹੈ।



ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੀਆਂ ਨੀਤੀਆਂ ਉੱਤੇ ਵੱਖ ਵੱਖ ਪੱਧਰ 'ਤੇ ਦਿੱਲੀ ਤੋਂ ਕੰਟਰੋਲ ਰੱਖਿਆ ਜਾਂਦਾ ਹੈ। ਹੁਣ ਤੱਕ ਪੰਜਾਬ ਦੇ ਸਭ ਤੋਂ ਉੱਚੇ ਸਿਆਸੀ ਕੱਦ ਵਾਲੇ ਲੀਡਰ ਵਜੋਂ ਪੇਸ਼ ਕੀਤੇ ਜਾਂਦੇ ਪ੍ਰਤਾਪ ਸਿੰਘ ਕੈਰੋਂ ਸਮੇਤ ਸੂਬੇ ਦੇ ਸਾਰੇ ਕਾਂਗਰਸੀ ਆਗੂ ਕੇਂਦਰੀ ਕਾਂਗਰਸ ਲੀਡਰਸ਼ਿਪ ਦੇ ਜੀ-ਹਜ਼ੂਰੀਏ ਰਹੇ ਹਨ। ਅਕਾਲੀ ਦਲ ਕਿਸੇ ਸਮੇਂ ਪੰਜਾਬ ਦੀ ਸੁਹਿਰਦ ਖੇਤਰੀ ਪਾਰਟੀ ਸੀ। ਜਦੋਂ ਤੋਂ ਇਹ (ਅਕਾਲੀ ਦਲ) ਜ਼ਰੂਰਤ ਤੋਂ ਵਧੇਰੇ ਕੇਂਦਰੀਕ੍ਰਿਤ ਭਾਜਪਾ ਦੀ ਮਾਤਹਿਤ ਹੋਈ ਹੈ, ਉਦੋਂ ਤੋਂ ਜੇਕਰ ਇਸ ਨੇ ਆਪਣਾ ਇਹ ਰੁਤਬਾ ਪੂਰੀ ਤਰ੍ਹਾਂ ਗੁਆਇਆ ਨਹੀਂ ਤਾਂ ਇਸ ਨਾਲ ਸਮਝੌਤਾ ਜ਼ਰੂਰ ਕੀਤਾ ਹੈ। ਦੋ ਸੰਸਦੀ ਖੱਬੇ ਪੱਖੀ ਪਾਰਟੀਆਂ- ਸੀਪੀਆਈ ਤੇ ਸੀਪੀਐੱਮ- ਅਤੇ ਦਲਿਤ ਆਧਾਰ ਵਾਲੀ ਬਸਪਾ ਵੀ ਆਪੋ-ਆਪਣੀ ਦਿੱਲੀ ਆਧਾਰਿਤ ਕੇਂਦਰੀ ਲੀਡਰਸ਼ਿਪ ਤੋਂ ਖ਼ੁਦਮੁਖਤਾਰੀ ਦੀ ਘਾਟ ਦਾ ਮੁਜ਼ਾਹਰਾ ਕਰਦੀਆਂ ਹਨ।

ਦਿੱਲੀ ਆਧਾਰਿਤ ਕੇਂਦਰੀ ਕੰਟਰੋਲ ਦੇ ਇਸ ਸੱਭਿਆਚਾਰ ਖ਼ਿਲਾਫ਼ ਅਸੰਤੁਸ਼ਟੀ ਵੱਖ ਵੱਖ ਸਮੇਂ 'ਤੇ ਕਈ ਰੂਪਾਂ ਵਿੱਚ ਉੱਭਰਦੀ ਰਹੀ ਹੈ। ਪੀਪਲਜ਼ ਪਾਰਟੀ ਆਫ ਪੰਜਾਬ (ਭਾਵੇਂ ਮਗਰੋਂ ਇਹ ਟੁੱਟ ਹੀ ਗਈ) ਦਾ ਉਭਾਰ, ਲੁਧਿਆਣਾ-ਕੇਂਦਰਿਤ ਲੋਕ ਇਨਸਾਫ਼ ਪਾਰਟੀ ਦਾ ਬਣਨਾ, ਕੁਝ ਸਾਲ ਪਹਿਲਾਂ ਤੋਂ ਸਰਬੱਤ ਖਾਲਸਾ ਦਾ ਵਿਆਪਕ ਇਕੱਠ, ਆਜ਼ਾਦ ਕਿਸਾਨ ਤੇ ਖੇਤ ਮਜ਼ਦੂਰ ਸੰਗਠਨਾਂ ਦਾ ਬਹੁਤ ਪ੍ਰਭਾਵਸ਼ਾਲੀ ਕੰਮ ਆਦਿ ਪੰਜਾਬੀਆਂ ਵੱਲੋਂ ਪੰਜਾਬ ਦੀਆਂ ਖੇਤਰੀ ਜ਼ਰੂਰਤਾਂ ਹਿੱਤ ਸੰਗਠਨ ਕਾਇਮੀ ਲਈ ਟਾਵੀਆਂ ਟਾਵੀਆਂ ਤੇ ਵੱਖੋ-ਵੱਖਰੀਆਂ ਕੋਸ਼ਿਸ਼ਾਂ ਦੀਆਂ ਮਿਸਾਲਾਂ ਹਨ। ਇੱਥੋਂ ਤਕ ਕਿ ਕੁਝ ਵਰਗਾਂ ਵਿੱਚ ਖਾਲਿਸਤਾਨ ਦੀ ਮੰਗ ਵੀ ਕਈ ਤਰੀਕਿਆਂ ਨਾਲ ਖੇਤਰੀ ਸਵੈ-ਸ਼ਾਸਨ ਦੀ ਤਾਂਘ ਨੂੰ ਦਰਸਾਉਂਦੀ ਹੈ ਹੈ। ਨਿਕਟ ਭਵਿੱਖ ਵਿੱਚ 'ਆਪ' ਦੀ ਸੰਭਾਵੀ ਤਬਾਹੀ ਨੂੰ ਪੰਜਾਬ ਦੀ ਸਿਆਸੀ ਪੁਨਰ-ਸੁਰਜੀਤੀ ਦੇ ਸਿਰਜਣਾਤਮਕ ਪਲਾਂ ਵਿੱਚ ਬਦਲਿਆ ਜਾ ਸਕਦਾ ਹੈ।

ਪੰਜਾਬ ਆਧਾਰਿਤ ਕਿਸੇ ਨਵੀਂ ਖੇਤਰੀ ਪਾਰਟੀ ਦਾ ਉਭਾਰ ਇਤਿਹਾਸਕ ਜ਼ਰੂਰਤ ਹੈ। ਇਹ ਇਤਿਹਾਸਕ ਜ਼ਰੂਰਤ ਭਾਰਤੀ ਸਿਆਸਤ ਨੂੰ ਨਵਾਂ ਰੂਪ ਦੇਣ ਹਿੱਤ ਭਾਰਤ ਦੇ ਵੱਖ ਵੱਖ ਹਿੱਸਿਆਂ ਵਿੱਚ ਖੇਤਰੀ ਪਾਰਟੀਆਂ ਦੀ ਵਧ ਰਹੀ ਤਾਕਤ ਦੇ ਅਨੁਸਾਰ ਹੀ ਹੈ। ਪੰਜਾਬ ਵਿੱਚ ਅਜਿਹੀ ਕਿਸੇ ਖੇਤਰੀ ਪਾਰਟੀ ਨੂੰ ਵੱਖ ਵੱਖ ਤਰ੍ਹਾਂ ਦੇ ਕਾਰਕੁਨਾਂ ਨੂੰ ਇਕੱਠੇ ਇੱਕ ਮੰਚ 'ਤੇ ਲਿਆਉਣਾ ਚਾਹੀਦਾ ਹੈ ਜੋ ਹਾਲ ਦੀ ਘੜੀ ਇਕੱਠੇ ਤਾਂ ਨਹੀਂ, ਪਰ ਸਾਰੀਆਂ ਪਾਰਟੀਆਂ ਵਿੱਚ ਵੱਖ ਵੱਖ ਪੱਧਰ 'ਤੇ ਮੌਜੂਦ ਹਨ। ਹਰ ਸਿਆਸੀ ਕਾਰਕੁਨ ਦਾ ਮਕਸਦ ਆਪਣੇ ਕਰੀਅਰ ਨੂੰ ਖ਼ਾਸ ਦਿਸ਼ਾ ਦੇਣਾ ਹੁੰਦਾ ਹੈ, ਪਰ ਇਤਿਹਾਸ ਦੇ ਕਿਸੇ ਮੋੜ 'ਤੇ ਵਡੇਰਾ ਮਕਸਦ ਇੰਨਾ ਅਹਿਮ ਹੋ ਜਾਂਦਾ ਹੈ ਕਿ ਨਿੱਜੀ ਟੀਚਿਆਂ ਦਾ ਮਹੱਤਵ ਨਹੀਂ ਰਹਿੰਦਾ। ਵੱਡੇ ਪੱਧਰ ਉੱਤੇ ਸੰਵਾਦ ਛੇੜਨ ਲਈ ਪੰਜਾਬ ਦੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਹਜ਼ਾਰਾਂ ਚਰਚਾਵਾਂ ਕਰਨ ਦੀ ਜ਼ਰੂਰਤ ਹੈ ਤਾਂ ਜੋ ਪੰਜਾਬ ਲਈ ਅਜਿਹਾ ਵਿਕਾਸ ਮਾਰਗ ਬਣਾਇਆ ਜਾਵੇ ਜੋ ਸਮਾਜਿਕ ਤੌਰ 'ਤੇ ਨਿਰਪੱਖ, ਸਿਆਸੀ ਤੌਰ 'ਤੇ ਮਿਸਾਲੀ ਅਤੇ ਵੱਖੋ ਵੱਖਰੇ ਹਾਲਾਤ ਵਿੱਚ ਕਾਇਮ ਰਹਿਣ ਯੋਗ ਹੋਵੇ। ਅਜਿਹੇ ਗੰਭੀਰ ਸਵੈ-ਕਾਰਜ ਵਿੱਚੋਂ ਹੀ ਨਵੇਂ ਅਤੇ ਪੁਰਾਣੇ ਕਾਰਕੁਨਾਂ ਦੀ ਇੱਕੀਜੁੱਟਤਾ ਨਾਲ ਸਹੀ ਅਰਥਾਂ ਵਿੱਚ ਜਮਹੂਰੀ ਪ੍ਰਬੰਧਾਂ ਵਾਲੀ ਖੇਤਰੀ ਪਾਰਟੀ ਦਾ ਢਾਂਚਾ ਤਿਆਰ ਹੋਵੇਗਾ ਜਿਸ ਕੋਲ ਪੰਜਾਬ ਲਈ ਲੋੜੀਂਦਾ ਵਿਕਾਸ ਮਾਰਗ ਸਪਸ਼ਟ ਕਰਨ ਵਾਸਤੇ ਦੂਰਦ੍ਰਿਸ਼ਟੀ ਅਤੇ ਦ੍ਰਿੜ੍ਹ ਇਰਾਦਾ ਹੋਵੇ।

×ਲੇਖਕ ਆਕਸਫੋਰਡ ਬਰੁੱਕਸ ਯੂਨੀਵਰਸਿਟੀ ਵਿੱਚ ਅਰਥਸ਼ਾਸਤਰ ਦਾ ਪ੍ਰੋਫ਼ੈਸਰ ਹੈ।

# *ਪ੍ਰਾਪਤੀਆਂ ਦੀ ਥਾਂ ਨਾਕਾਮੀਆਂ:* ਕਿੱਥੇ ਗਈ ਊਰਜਾਵਾਨ ਕਪਤਾਨੀ

**ਨਿਰਮਲ ਸੰਧੂ, ਸੀਨੀਅਰ ਪੱਤਰਕਾਰ**



ਪੰਜਾਬ ਦੇ ਮੁੱਖ ਮੰਤਰੀ ਯੂਨੀਵਰਸਿਟੀ ਪਲੇਸਮੈਂਟ ਦੀ ਰਸਮੀ ਕਾਰਵਾਈ ਦੌਰਾਨ ਬੇਰੁਜ਼ਗਾਰ ਨੌਜੁਆਨਾਂ ਨੂੰ ਨਿਯੁਕਤੀ ਪੱਤਰ ਵੰਡ ਕੇ ਚੋਣ ਵਾਅਦਾ ਪੂਰਾ ਕਰਨ ਦਾ ਭਰਮ ਤਾਂ ਸਿਰਜ ਸਕਦੇ ਹਨ, ਪਰ ਬੇਰੁਜ਼ਗਾਰੀ ਦੇ ਹਕੀਕੀ ਮੁੱਦੇ ਨਾਲ ਨਜਿੱਠਣ ਲਈ ਇਹ ਕਦਮ ਨਾਕਾਫ਼ੀ ਹਨ। ਨਾਲੇ ਪ੍ਰਾਈਵੇਟ ਯੂਨੀਵਰਸਿਟੀਆਂ ਦੇ ਕੰਮ ਨੂੰ ਆਪਣੇ ਖਾਤੇ ਭੁਗਤਾਉਣਾ ਨੈਤਿਕਤਾ ਪੱਖੋਂ ਵੀ ਗ਼ਲਤ ਹੈ।

ਮੁੱਖ ਮੰਤਰੀ ਨੂੰ ਇਹ ਅਪਰਾਧ ਬੋਧ ਹੈ ਹੀ ਨਹੀਂ ਕਿ ਉਹ ਕਰਦਾਤਾਵਾਂ ਦਾ ਪੈਸਾ ਉਜਾੜ ਕੇ ਲੋਕਾਂ ਨੂੰ ਇਹ ਜਚਾਉਣ ਦੀ ਕੋਸ਼ਿਸ਼ ਵਿੱਚ ਹਨ ਕਿ ਉਹ ਕੋਈ ਮਾਅਰਕੇ ਵਾਲਾ ਕੰਮ ਕਰ ਰਹੇ ਹਨ। ਸਰਕਾਰੀ ਪੈਸਾ ਰੋੜ੍ਹ ਕੇ ਆਪਣਾ ਨਿੱਜੀ ਅਕਸ ਉਭਾਰਨ ਅਤੇ ਗ਼ਲਤ ਢੰਗ ਨਾਲ ਇਸ ਦਾ ਲਾਹਾ ਲੈਣ ਦੇ ਗੁਣ, ਕੈਪਟਨ ਅਮਰਿੰਦਰ ਸਿੰਘ ਨੇ ਖ਼ੁਸ਼ੀ ਖ਼ੁਸ਼ੀ ਬਾਦਲਾਂ ਤੋਂ ਲੈ ਲਏ ਹਨ। ਉਨ੍ਹਾਂ ਦੇ ਵਜ਼ਾਰਤੀ ਸਾਥੀਆਂ ਜਾਂ ਸਲਾਹਕਾਰਾਂ ਵਿੱਚੋਂ ਕਿਸੇ ਇੱਕ ਦੀ ਵੀ ਜੁਰੱਅਤ ਨਹੀਂ ਪਈ ਕਿ ਉਹ ਮੁੱਖ ਮੰਤਰੀ ਨੂੰ ਇਹ ਦੱਸ ਸਕੇ ਕਿ ਜਦੋਂ ਤਕ ਜ਼ਮੀਨੀ ਪੱਧਰ 'ਤੇ ਕੋਈ ਤਬਦੀਲੀ ਨਹੀਂ ਵਾਪਰਦੀ, ਅਜਿਹੀਆਂ ਕਾਰਵਾਈਆਂ ਉਨ੍ਹਾਂ ਦੇ ਨਿੱਜੀ ਅਕਸ, ਉਨ੍ਹਾਂ ਦੀ ਸਰਕਾਰ ਜਾਂ ਪਾਰਟੀ ਦਾ ਕੁਝ ਨਹੀਂ ਸੰਵਾਰ ਸਕਣਗੀਆਂ।

ਜਦੋਂ ਆਪਣੀਆਂ ਪ੍ਰਾਪਤੀਆਂ ਗਿਣਾਉਣ ਲਈ ਪੱਲੇ ਕੁਝ ਵੀ ਨਾ ਹੋਵੇ ਤਾਂ ਲੋਕਾਂ ਨੂੰ ਵਰਗਲਾਉਣ ਲਈ ਗੱਪਾਂ ਦੀ ਓਟ ਹੀ ਲਈ ਜਾਂਦੀ ਹੈ। ਤਤਕਾਲੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ 2013 ਅਤੇ 2015 ਵਿੱਚ ਦੋ ਨਿਵੇਸ਼ਕ ਮਹਾਂਸੰਮੇਲਨ ਕਰਵਾਏ ਸਨ ਅਤੇ ਮੀਡੀਆ ਨੇ ਸਨਅਤਕਾਰਾਂ ਦੀਆਂ ਪੰਜਾਬ ਵਿੱਚ ਕ੍ਰਮਵਾਰ 63,000 ਕਰੋੜ ਤੇ 1.13 ਲੱਖ ਕਰੋੜ ਰੁਪਏ ਦੇ ਪੂੰਜੀ ਨਿਵੇਸ਼ ਦੀਆਂ 'ਵਚਨਬੱਧਤਾਵਾਂ' ਦੀਆਂ ਖ਼ਬਰਾਂ ਖ਼ੂਬ ਨਸ਼ਰ ਕੀਤੀਆਂ ਸਨ। ਇਹ ਸਾਰਾ ਪੂੰਜੀ ਨਿਵੇਸ਼ ਕਿੱਥੇ ਰਹਿ ਗਿਆ? ਜੇ ਕੈਪਟਨ ਨੇ ਸੁਖਬੀਰ ਬਾਦਲ ਨੂੰ ਹੀ ਆਪਣਾ ਰੋਲ ਮਾਡਲ ਮੰਨ ਲਿਆ ਹੈ ਤਾਂ ਜੀਅ ਸਦਕੇ ਉਹ ਅਜਿਹਾ ਕਰਨ, ਪਰ ਉਨ੍ਹਾਂ ਦੇ ਵੋਟਰ ਇਹ ਪਸੰਦ ਨਹੀਂ ਕਰਨਗੇ ਕਿ ਉਹ ਬਾਦਲਾਂ ਦੇ ਉਹੀ ਸਿਆਸੀ ਦਾਅਪੇਚ ਜਾਂ ਅਸਫ਼ਲ ਨੀਤੀਆਂ ਅਪਨਾਉਣ ਜਿਨ੍ਹਾਂ ਕਰਕੇ ਖ਼ੁਦ ਬਾਦਲ ਵਿਧਾਨ ਸਭਾ ਚੋਣਾਂ ਵਿੱਚ ਫਾਡੀ ਰਹਿ ਗਏ ਸਨ।



ਸਰਕਾਰ ਦਾ ਪਹਿਲੇ ਇੱਕ ਸਾਲ ਦਾ ਇਮਾਨਦਾਰਾਨਾ ਮੁਲਾਂਕਣ ਕੁਝ ਇਸ ਤਰ੍ਹਾਂ ਹੋਣਾ ਚਾਹੀਦਾ ਹੈ: "ਅਸੀਂ 800 ਦਿਹਾਤੀ ਸਕੂਲ ਤੇ 1647 ਸੇਵਾ ਕੇਂਦਰ ਬੰਦ ਕਰ ਦਿੱਤੇ ਹਨ। ਅਸੀਂ ਮੁੱਠੀ ਭਰ ਕਿਸਾਨਾਂ ਦਾ ਥੋੜ੍ਹਾ ਜਿਹਾ ਕਰਜ਼ਾ ਮੁਆਫ਼ ਕਰਨ ਅਤੇ ਉਨ੍ਹਾਂ ਨੂੰ ਮੁਫ਼ਤ ਬਿਜਲੀ ਜਾਰੀ ਰੱਖਣ ਲਈ ਟੈਕਸ, ਬਿਜਲੀ ਦਰਾਂ ਅਤੇ ਬੱਸਾਂ ਦਾ ਭਾੜਾ ਵਧਾ ਦਿੱਤਾ ਹੈ ਤਾਂ ਕਿ ਇਹ ਕਿਸਾਨ ਸਾਨੂੰ ਮੁੜ ਸੱਤਾ ਵਿੱਚ ਲਿਆਉਣ। ਅਸੀਂ ਕਿਉਂਕਿ ਡਾਕਟਰ ਮਨਮੋਹਨ ਸਿੰਘ ਵਾਲੀ ਅਰਥਵਿਵਸਥਾ ਤੱਜ ਕੇ ਬਾਦਲਾਂ ਵਾਲੀ ਸਿਆਸਤ ਚੁਣ ਲਈ ਹੈ, ਅਸੀਂ ਹੁਣ ਬਿਜਲੀ ਸਬਸਿਡੀ ਅਦਾ ਕਰਨ ਤੋਂ ਅਸਮਰੱਥ ਹਾਂ ਅਤੇ ਪੀਐੱਸਪੀਸੀਐੱਲ ਨੂੰ ਮੁੜ ਕਰਜ਼ਾ ਚੁੱਕਣ ਦੇ ਰਾਹ ਧੱਕ ਦਿੱਤਾ ਹੈ। ਅਸੀਂ ਬੁਢਾਪਾ ਪੈਨਸ਼ਨ ਤੇ ਸ਼ਗਨ ਸਕੀਮ ਦੇ ਪੈਸੇ ਨਹੀਂ ਦੇ ਸਕਦੇ, ਨਾ ਲੋੜਵੰਦ ਵਿਦਿਆਰਥੀਆਂ ਨੂੰ ਵਜ਼ੀਫ਼ਾ ਅਤੇ ਨਾ ਹੀ ਸਮਾਰਟ ਸਿਟੀ ਪ੍ਰਾਜੈਕਟਾਂ ਲਈ ਆਪਣਾ ਹਿੱਸਾ ਦੇ ਸਕਦੇ ਹਾਂ। ਅਸੀਂ ਤਨਖ਼ਾਹਾਂ ਦੇਣ ਲਈ ਕਰਜ਼ਾ ਲੈ ਰਹੇ ਹਾਂ।"

ਇੱਕ ਸਾਲ ਲੰਘਣ ਬਾਅਦ ਕਾਂਗਰਸ ਸਰਕਾਰ ਨੇ ਅਜੇ ਇਹ ਫ਼ੈਸਲਾ ਕਰਨਾ ਹੈ ਕਿ ਆਰਥਿਕ ਵਿਕਾਸ ਪੱਖੋਂ ਮੁਲਕ ਭਰ ਵਿੱਚ ਪੱਛੜ ਰਹੇ ਪੰਜਾਬ ਨੂੰ ਲੀਹ 'ਤੇ ਕਿਵੇਂ ਲਿਆਉਣਾ ਹੈ। ਬਾਦਲਾਂ ਵੇਲੇ ਦੀਆਂ ਸਬਸਿਡੀਆਂ ਦੀ ਸੂਚੀ ਵਿੱਚ ਕਰਜ਼ਾ ਮੁਆਫ਼ੀ ਅਤੇ ਸਨਅਤ ਨੂੰ ਸਸਤੀ ਬਿਜਲੀ ਜੋੜ ਕੇ ਸਰਕਾਰ ਨੇ ਆਪਣੀਆਂ ਤੇ ਪੰਜਾਬ ਦੀਆਂ ਸਮੱਸਿਆਵਾਂ ਹੋਰ ਉਲਝਾ ਲਈਆਂ ਹਨ। ਬੈਂਕ ਉਧਾਰ ਦੇਣ ਦੇ ਮਾਮਲੇ 'ਤੇ ਲੋੜ ਨਾਲੋਂ ਵੱਧ ਚੌਕੰਨੇ ਹੋ ਗਏ ਹਨ ਅਤੇ ਪੂੰਜੀ ਨਿਵੇਸ਼ ਦੇ ਪਸਾਰੇ ਲਈ ਸੂਬੇ ਵਿੱਚ ਬਹੁਤ ਘੱਟ ਖ਼ਰਚ ਹੋ ਰਿਹਾ ਹੈ। ਮੋਹ-ਭੰਗ ਵਾਲਾ ਮਾਹੌਲ ਤਾਰੀ ਹੈ।

ਹੁਣ ਸ਼ਾਇਦ ਹਕੀਕਤ ਨਾਲ ਮੱਥਾ ਲਾਉਣ ਤੇ ਸਿੱਧੀ ਗੱਲ ਕਰਨ ਅਤੇ ਲੋੜੀਂਦੇ ਬਜਟ ਨਾਲ ਭਰੋਸੇਯੋਗ ਵਿਕਾਸ ਯੋਜਨਾ ਉੱਤੇ ਕੰਮ ਕਰਨ ਦਾ ਵੇਲਾ ਹੈ। ਸੀਮਿਤ ਵਸੀਲਿਆਂ ਨਾਲ ਜਿੰਨਾ ਕੁਝ ਹੋ ਸਕਦਾ ਹੈ, ਲੋਕ ਉਸ ਖ਼ਾਤਿਰ ਸਰਕਾਰ ਵੱਲੋਂ ਕੀਤੀਆਂ ਇਮਾਨਦਾਰਾਨਾ ਕੋਸ਼ਿਸ਼ਾਂ ਨੂੰ ਵਡਿਆ ਸਕਦੇ ਹਨ। ਨੌਕਰੀਆਂ ਅਤੇ ਕਰਜ਼ੇ ਲਈ ਫਾਰਮ ਭਰਨ ਦੀਆਂ ਝੂਠੀਆਂ ਤਸੱਲੀਆਂ ਨਾਲ ਲੋਕ ਸਗੋਂ ਭੜਕਣਗੇ ਹਾਲਾਂਕਿ ਇਨ੍ਹਾਂ ਨੂੰ ਸੰਜੀਦਾ ਪਹਿਲਕਦਮੀਆਂ ਨਾਲ ਨਜਿੱਠਿਆ ਜਾ ਸਕਦਾ ਹੈ।

ਪੰਜਾਬ ਦੀ ਨੌਜੁਆਨੀ ਨੂੰ ਪਹਿਲਾਂ ਅਤਿਵਾਦ ਅਤੇ ਫਿਰ ਨਸ਼ਿਆਂ ਨੇ ਖਾ ਲਿਆ, ਇਸ ਲਈ ਹੁਣ ਇਸ ਪਾਸੇ ਖ਼ਾਸ ਤਵੱਜੋ ਦੀ ਲੋੜ ਹੈ। ਜੇ ਬੇਰੁਜ਼ਗਾਰੀ ਦੇ ਸਿਖ਼ਰ ਦਾ ਸਬੂਤ ਦੇਖਣਾ ਹੈ ਤਾਂ ਬਠਿੰਡਾ ਦੀ ਮਿਸਾਲ ਸਾਹਮਣੇ ਹੈ। ਉੱਥੇ ਦਰਜਾ ਚਾਰ ਮੁਲਾਜ਼ਮ ਦੀਆਂ 9 ਅਸਾਮੀਆਂ ਲਈ 6 ਹਜ਼ਾਰ ਨੌਜੁਆਨਾਂ ਨੇ ਅਰਜ਼ੀਆਂ ਦਿੱਤੀਆਂ ਹਨ ਜਿਨ੍ਹਾਂ ਵਿੱਚ ਪੋਸਟ ਗਰੈਜੂਏਟ ਤੇ ਇੰਜਨੀਅਰ ਵੀ ਸ਼ਾਮਿਲ ਹਨ। ਉਸ ਸੂਬੇ ਵਿੱਚ ਬੇਰੁਜ਼ਗਾਰੀ ਨਾਲ ਨਜਿੱਠਣਾ ਬਿਨਾਂ ਸ਼ੱਕ, ਖਾਲਾ ਜੀ ਦਾ ਵਾੜਾ ਨਹੀਂ, ਜਿੱਥੇ ਤਕਰੀਬਨ ਹਰ ਸੰਸਥਾ ਦਾ ਭੱਠਾ ਬੈਠ ਗਿਆ ਹੋਇਆ ਹੈ ਅਤੇ ਹਰ ਆਰਥਿਕ ਖੇਤਰ ਚੌਫਾਲ ਡਿੱਗਿਆ ਪਿਆ ਹੈ।

ਖੇਡਾਂ ਦੇ ਖੇਤਰ ਵਿੱਚ ਪੰਜਾਬੀਆਂ ਦੀ ਕਮਾਲ ਕਰਨ ਦੀ ਖ਼ੂਬੀ ਦੇ ਮੱਦੇਨਜ਼ਰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਇੱਕ ਚੰਗੀ ਕ੍ਰਿਕਟਰ ਜਾਂ ਭਲਵਾਨ ਨੂੰ ਡੀਐੱਸਪੀ ਬਣਾਉਣਾ ਚੰਗਾ ਸੁਨੇਹਾ ਤਾਂ ਹੈ, ਪਰ ਪੁਲੀਸ ਦੀ ਨੌਕਰੀ ਹਰਮਨਪ੍ਰੀਤ ਕੌਰ ਅਤੇ ਨਵਜੋਤ ਕੌਰ ਦੀ ਯੋਗਤਾ ਨੂੰ ਖ਼ਤਮ ਕਰ ਦੇਵੇਗੀ। ਕੌਮੀ ਅਤੇ ਕੌਮਾਂਤਰੀ ਖਿਡਾਰੀਆਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਦੇ ਹਿਸਾਬ ਨਾਲ ਤਨਖ਼ਾਹ ਅਤੇ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਹਨ, ਪਰ ਉਨ੍ਹਾਂ ਦੀਆਂ ਸੇਵਾਵਾਂ ਨਵੀਂ ਪਨੀਰੀ ਨੂੰ ਸਾਂਭਣ ਅਤੇ ਹੁਲਾਰਾ ਦੇਣ ਲਈ ਵਰਤਣੀਆਂ ਚਾਹੀਦੀਆਂ ਹਨ। ਕਿਊਬਾ ਆਪਣੇ ਖਿਡਾਰੀਆਂ

ਬਾਕੀ ਸਫ਼ਾ 32 'ਤੇ

# .ਗੈਰਕਾਨੂੰਨੀ ਪਰਵਾਸ ਤੇ ਬੇਰੁਜ਼ਗਾਰੀ

**ਗੁਰਮੀਤ ਪਲਾਹੀ**

(ਫੋਨ ਸੰਪਰਕ : 98158-02070)

ਛੋਟੀ ਮੋਟੀ ਨੌਕਰੀ ਲਈ ਲੋਕਾਂ ਦਾ ਅਣਦਿਸਦੇ ਰਾਹਾਂ 'ਤੇ ਨਿਕਲਣਾ ਇਹ ਦਰਸਾਉਂਦਾ ਹੈ ਕਿ ਭਾਰਤ ਵਿੱਚ ਅਸੰਗਠਿਤ ਖੇਤਰ ਵਿੱਚ ਰੁਜ਼ਗਾਰ ਦੇ ਹਾਲਾਤ ਕਿੰਨੇ ਭੈੜੇ ਹਨ। ਇਹੋ ਜਿਹੀਆਂ ਹਾਲਤਾਂ ਵਿੱਚ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾਉਣ ਲਈ ਦੇਸ਼ ਦੇ ਕੋਨੇ-ਕੋਨੇ ਦਲਾਲਾਂ ਦਾ ਇਸ ਕਿਸਮ ਦਾ ਤੰਤਰ ਵਿਛਿਆ ਹੋਇਆ ਹੈ ਕਿ ਜੋ ਉਨ੍ਹਾਂ ਨੂੰ ਝੂਠੇ ਦਿਲਾਸੇ ਦੇ ਕੇ ਫਰੇਬ ਵਿੱਚ ਫਸਾ ਕੇ ਖ਼ਤਰਨਾਕ ਇਲਾਕਿਆਂ ਵਿੱਚ ਭੇਜ ਦਿੰਦਾ ਹੈ। ਕਈ ਵਾਰ ਤਾਂ ਇਸ ਕਿਸਮ ਦੀ ਵਿਦੇਸ਼ ਯਾਤਰਾ ਉਨ੍ਹਾਂ ਦੀ ਮੌਤ ਦਾ ਕਾਰਨ ਬਣ ਜਾਂਦੀ ਹੈ। ਕੀ ਕੋਈ 25 ਦਸੰਬਰ, 1996 ਨੂੰ ਵਾਪਰੇ 'ਮਾਲਟਾ ਕਾਂਡ' ਨੂੰ ਭੁਲ ਸਕਦਾ ਹੈ ਜਿਸ ਵਿੱਚ 283 ਨੌਜਵਾਨ ਬੇੜੀ ਰਾਹੀਂ ਸਮੁੰਦਰ ਪਾਰ ਕਰਕੇ ਇਟਲੀ ਜਾਂਦੇ ਹੋਏ ਸਮੁੰਦਰ ਵਿੱਚ ਹੀ ਡੁੱਬ ਮਰੇ ਸਨ।

ਰੋਟੀ ਕਮਾਉਣ ਗਏ 39 ਮਜ਼ਦੂਰ ਜਿਸ ਵਿੱਚ ਵੱਡੀ ਗਿਣਤੀ ਪੰਜਾਬੀਆਂ ਦੀ ਸੀ, ਇਰਾਕ ਵਿੱਚ ਅਤਿਵਾਦੀਆਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਗਏ। ਇਹ ਇੱਕ ਇਹੋ ਜਿਹਾ ਦੁਖਾਂਤ ਹੈ ਜੋ ਚਾਰ ਸਾਲ ਪਹਿਲਾਂ ਵਾਪਰਿਆ, ਪਰ ਇਸ ਘਟਨਾ ਦੀ ਪੁਸ਼ਟੀ ਹੁਣ ਹੋਈ ਹੈ। ਇਸ ਦੁਖਾਂਤ ਤੋਂ ਪੀੜਤ ਉਨ੍ਹਾਂ ਮਾਪਿਆਂ ਦੇ ਦੁੱਖ ਦੀ ਸਿਰਫ਼ ਕਲਪਨਾ ਹੀ ਕੀਤੀ ਜਾ ਸਕਦੀ ਹੈ ਕਿ ਇਸ ਦੌਰਾਨ ਉਨ੍ਹਾਂ ਨਾਲ ਕਿਵੇਂ ਗੁਜ਼ਰੀ ਹੋਏਗੀ ? ਇਹ ਮਾਰੇ ਗਏ ਲੋਕ 35000 ਰੁਪਏ ਮਹੀਨਾ ਦੀ ਨੌਕਰੀ ਲਈ ਇਰਾਕ ਗਏ ਸਨ। ਚਾਰ ਸਾਲ ਪਹਿਲਾਂ ਵਾਪਰੀ ਇਸ ਘਟਨਾ ਵਿੱਚੋਂ 40 ਭਾਰਤੀਆਂ ਵਿੱਚੋਂ ਇੱਕ ਵਿਅਕਤੀ ਇਸ ਘਟਨਾ ਵਿੱਚੋਂ ਬਚ ਗਿਆ। ਜਿਸਨੇ ਭਾਰਤ ਸਰਕਾਰ ਤਕ ਪਹੁੰਚ ਕਰਕੇ ਇਸ ਘਟਨਾ ਦੀ ਜਾਣਕਾਰੀ ਦਿੱਤੀ, ਪਰ ਉਸ ਨੂੰ ਚੁੱਪ ਰਹਿਣ ਲਈ ਆਖਿਆ ਗਿਆ। ਪਿਛਲੇ ਸਾਲ ਜੁਲਾਈ ਵਿੱਚ ਮੂਸਲ (ਇਰਾਕ) ਤੋਂ ਅਤਿਵਾਦੀਆਂ ਦਾ ਕਬਜ਼ਾ ਛੁਡਾ ਲਿਆ ਗਿਆ। ਰਾਡਾਰ ਦੀ ਸਹਾਇਤਾ ਨਾਲ ਇੱਕ ਸਮੂਹਿਕ ਕਬਰ ਦਾ ਪਤਾ ਲੱਗਾ। ਕਬਰਾਂ ਵਿੱਚੋਂ ਸਰੀਰ ਕੱਢਕੇ ਇਨ੍ਹਾਂ ਦਾ ਡੀਐੱਨਏ ਟੈਸਟ ਕਰਾਇਆ ਗਿਆ। ਜਿਸਦੇ ਮਿਲਾਣ ਤੋਂ ਬਾਅਦ ਪੁਸ਼ਟੀ ਹੋਈ ਕਿ ਇਹ ਮਾਰੇ ਗਏ ਲੋਕ ਭਾਰਤ ਦੇ ਹਨ।

ਠੱਗ ਕਿਸਮ ਦੇ ਏਜੰਟ ਨੌਜਵਾਨਾਂ ਨੂੰ ਵਿਦੇਸ਼ਾਂ 'ਚ ਪੱਕੀ ਰਿਹਾਇਸ਼ (ਪੀ. ਆਰ.) ਆਦਿ ਦਿਵਾਉਣ ਦੇ ਝਾਂਸੇ ਦੇ ਕੇ ਲੱਖਾਂ ਰੁਪਏ ਠੱਗਦੇ ਹਨ। ਇਸ ਸਬੰਧੀ

ਹਜ਼ਾਰਾਂ ਕੇਸ ਪੁਲੀਸ ਕੋਲ ਦਰਜ ਹਨ, ਪਰ ਇਸ ਕਿਸਮ ਦੇ ਵਪਾਰ ਨੂੰ ਠੱਲ੍ਹ ਨਹੀਂ ਪੈ ਰਹੀ। ਦੇਸ਼ ਵਿੱਚੋਂ ਤੇ ਖ਼ਾਸ ਕਰਕੇ ਪੰਜਾਬ ਵਿੱਚੋਂ ਕਾਨੂੰਨੀ ਤੇ .ਗੈਰਕਾਨੂੰਨੀ ਪਰਵਾਸ ਲਗਾਤਾਰ ਜਾਰੀ ਹੈ। ਭਾਵੇਂ ਕਿ ਪੰਜਾਬੀਆਂ ਲਈ ਪਰਵਾਸ ਨਵਾਂ ਵਰਤਾਰਾ ਨਹੀਂ ਹੈ। ਸਦੀ ਪਹਿਲਾਂ ਤੋਂ ਹੀ ਪੰਜਾਬੀ ਕੈਨੇਡਾ, ਅਮਰੀਕਾ ਅਤੇ ਮਲਾਇਆ ਆਦਿ ਦੇਸ਼ਾਂ ਵਿੱਚ ਰੁਜ਼ਗਾਰ ਦੀ ਪ੍ਰਾਪਤੀ ਲਈ ਪੁੱਜੇ। ਪਰ ਸੱਤਰਵਿਆਂ 'ਚ ਬਰਤਾਨੀਆਂ ਵੱਲ ਪੰਜਾਬੀਆਂ ਦੀਆਂ ਮੁਹਾਰਾਂ ਅਤੇ ਫਿਰ ਹਰ ਕਾਨੂੰਨੀ, .ਗੈਰ-ਕਾਨੂੰਨੀ ਤਰੀਕਾ ਅਪਣਾਕੇ ਪੰਜਾਬ ਛੱਡਣਾ ਆਮ ਜਿਹੀ ਗੱਲ ਤੋਂ ਗਈ। ਲੰਡਨ ਦੇ ਇੱਕ ਅਖ਼ਬਾਰ 'ਚ ਛਪੀ ਰਿਪੋਰਟ ਅਨੁਸਾਰ .ਗੈਰ-ਕਾਨੂੰਨੀ ਤੌਰ 'ਤੇ ਵਿਦੇਸ਼ ਭੇਜਣ ਵਾਲੀਆਂ ਹਜ਼ਾਰਾਂ ਹੀ ਕੰਪਨੀਆਂ ਪੰਜਾਬ ਵਿੱਚ ਖੁੱਲ੍ਹੀਆਂ ਹੋਈਆਂ ਹਨ, ਜਿਹੜੀਆਂ ਕਹਿਣ ਨੂੰ ਤਾਂ ਕਾਨੂੰਨੀ ਹਨ, ਪਰ .ਗੈਰ-ਕਾਨੂੰਨੀ ਢੰਗ ਆਪਣਾ ਕੇ ਪਹਿਲਾਂ ਯੂਰੋਪ ਦਾ ਟੂਰਿਸਟ ਵੀਜ਼ਾ ਲਗਵਾ ਕੇ, ਫਿਰ ਅੰਦਰੋਂ ਅੰਦਰੀ ਲੋਕਾਂ ਨੂੰ ਇੰਗਲੈਂਡ ਜਿਹੇ ਮੁਲਕਾਂ 'ਚ ਵਾੜਨ ਦਾ ਕਾਰੋਬਾਰ ਕਰਦੀਆਂ ਹਨ। ਇਨ੍ਹਾਂ ਕੰਪਨੀਆਂ ਵਾਲਿਆਂ ਦਾ ਅਪਰਾਧਕ ਕਾਰੋਬਾਰ ਕਰਨ ਵਾਲੇ ਸਮੱਗਲਰਾਂ ਨਾਲ ਵੀ ਸਬੰਧ ਹੁੰਦਾ ਹੈ। ਪੰਜਾਬ 'ਚ ਰਹਿ ਕੇ ਮਿਹਨਤ ਨਾ ਕਰਨ ਅਤੇ ਵਿਦੇਸ਼ 'ਚ ਜਾ ਕੇ ਹਰ ਤਰ੍ਹਾਂ ਦਾ ਕੰਮ ਕਰਨ ਲਈ ਪੰਜਾਬੀ ਮਸ਼ਹੂਰ ਹੋ ਗਏ ਹਨ। ਨਜ਼ਦੀਕੀ ਰਿਸ਼ਤਿਆਂ ਦੀ ਅਹਿਮੀਅਤ ਭੁਲਕੇ ਨੇੜਲੇ ਰਿਸ਼ਤਿਆਂ 'ਚ ਵਿਆਹ, ਫਿਰ ਆਇਲੈੱਟਸ ਕਰਕੇ ਜਾਅਲੀ ਵਿਆਹਾਂ ਦੀ ਲੜੀ ਨੇ ਪੰਜਾਬੀ ਭਾਈਚਾਰਕ ਰਿਸ਼ਤਿਆਂ ਉੱਤੇ ਭਰਵੀਂ ਸੱਟ ਮਾਰੀ, ਪਰ ਪਰਵਾਸ ਦੇ ਕਾਨੂੰਨੀ, .ਗੈਰ-ਕਾਨੂੰਨੀ ਕੰਮ ਲਗਾਤਾਰ ਜਾਰੀ ਰਹੇ। ਪੰਜਾਬ ਵਿੱਚ ਸਮੇਂ ਸਮੇਂ ਹੋਈ ਮਾਰੋ-ਮਾਰੀ, ਘਾਟੇ ਦੀ ਖੇਤੀ ਤੋਂ ਪੰਜਾਬੀਆਂ ਦਾ ਮੋਹ ਟੁੱਟਣਾ, ਬੇਰੁਜ਼ਗਾਰੀ 'ਚ ਵਾਧਾ ਆਦਿ ਵੀ ਪਰਵਾਸ ਦਾ ਕਾਰਨ ਬਣੇ, ਪਰ ਸਾਧਾਰਨ ਮਜ਼ਦੂਰ ਨੂੰ ਅਸੰਗਠਿਤ ਖੇਤਰ ਵਿੱਚ ਰੋਟੀ ਰੋਜ਼ੀ ਦਾ ਸਾਧਨ ਪੈਦਾ ਕਰਨ 'ਚ ਨਾਕਾਮੀ ਵੀ ਵੱਡਾ ਕਾਰਨ ਬਣਿਆ।

ਖਾੜੀ ਦੇਸ਼ਾਂ ਵਿੱਚ ਪੰਜਾਬੀਆਂ ਦਾ ਪੁੱਜਣਾ ਇਸਦਾ ਵੱਡਾ ਪ੍ਰਮਾਣ ਹੈ, ਜਿੱਥੇ 15 ਹਜ਼ਾਰ ਰੁਪਏ ਮਹੀਨਾ ਤਕ ਦੀਆਂ ਨੌਕਰੀਆਂ ਲਈ ਵੀ ਘਰ-ਬਾਰ ਛੱਡਕੇ ਮਜ਼ਦੂਰੀ ਕਰਨ ਲਈ ਪੰਜਾਬੀ ਆਮ ਤੌਰ 'ਤੇ ਪੁੱਜ ਜਾਂਦੇ ਹਨ। ਹੁਣ ਤਾਂ ਵੱਡੀ ਗਿਣਤੀ 'ਚ ਪੰਜਾਬੀ ਲੜਕੀਆਂ ਵੀ 'ਘਰੇਲੂ ਨੌਕਰਾਣੀ' ਜਾਂ ਹੋਰ ਕੰਮਾਂ ਲਈ ਖਾੜੀ ਦੇਸ਼ਾਂ 'ਚ ਪੁੱਜ ਜਾਂਦੀਆਂ ਹਨ। ਦੂਜੀ ਤਰਫ਼ ਸਰਦੇ ਪੁੱਜਦੇ ਘਰਾਂ ਦੇ ਨੌਜਵਾਨ ਜਾਂ ਔਖੇ ਸੌਖੇ ਭਾਰੀ ਫੀਸਾਂ ਇੱਕਠੀਆਂ ਕਰਕੇ ਆਇਲੈੱਟਸ ਪਾਸ ਕਰਕੇ ਕੈਨੇਡਾ ਤੇ ਆਸਟਰੇਲੀਆ ਪੁੱਜਣ ਵਾਲੇ ਸਾਧਾਰਨ ਘਰਾਂ ਦੇ ਨੌਜਵਾਨਾਂ ਦਾ ਰੁਝਾਨ ਵੀ ਚਰਮ ਸੀਮਾ ਉੱਤੇ ਹੈ, ਜਿੱਥੇ ਉਹ ਇਸ ਆਸ ਨਾਲ ਪੁੱਜਦੇ ਹਨ ਕਿ ਪੜ੍ਹਾਈ ਕਰਕੇ ਉਹ ਪੀ.ਆਰ. ਪ੍ਰਾਪਤ ਕਰ ਲੈਣਗੇ। ਇਹ ਸਭ ਕੁਝ ਕਰਨ ਲਈ ਉਨ੍ਹਾਂ ਦੇ ਮਾਪਿਆਂ ਨੂੰ ਘਰ-ਬਾਰ, ਖੇਤ, ਗਹਿਣੇ ਰੱਖਣੇ ਪੈਂਦੇ ਹਨ ਤੇ ਕਰਜ਼ੇ ਲੈਣੇ ਪੈਂਦੇ ਹਨ। ਵਿਦੇਸ਼ ਪੁੱਜ ਕੇ ਇਨ੍ਹਾਂ ਨੌਜਵਾਨਾਂ ਨੂੰ ਔਖੇ ਕੰਮ ਘੱਟ ਪੈਸੇ ਲੈ ਕੇ ਕਰਨੇ ਪੈਂਦੇ ਹਨ ਅਤੇ ਇੱਕੋ ਕਮਰੇ 'ਚ ਪੰਜ-ਪੰਜ, ਛੇ-ਛੇ ਲੋਕਾਂ ਨੂੰ ਰਿਹਾਇਸ਼ ਰੱਖਣੀ ਪੈਂਦੀ ਹੈ, ਉਵੇਂ ਹੀ ਜਿਵੇਂ ਯੂ.ਪੀ. ਤੇ ਬਿਹਾਰ ਤੋਂ ਪੰਜਾਬ ਆਏ ਮਜ਼ਦੂਰਾਂ ਨੂੰ ਅਤਿ ਦੇ ਮਾੜੇ ਹਾਲਤਾਂ ਵਿੱਚ ਰਹਿਣ ਤੇ ਘੱਟ ਪੈਸਿਆਂ 'ਤੇ ਨੌਕਰੀ ਕਰਨੀ ਪੈਂਦੀ ਹੈ।

ਸੰਗਠਿਤ ਅਤੇ .ਗੈਰ-ਸੰਗਠਿਤ ਖੇਤਰਾਂ 'ਚ ਨੌਕਰੀਆਂ ਦੀ ਕਮੀ ਨੇ ਦੇਸ਼ 'ਚ ਵੱਡਾ ਸੰਕਟ ਪੈਦਾ ਕੀਤਾ ਹੋਇਆ ਹੈ। ਯੂ.ਐੱਨ.ਓ. ਦੀ ਇੰਟਰਨੈਸ਼ਨਲ ਲੇਬਰ ਔਰਗੇਨਾਈਜੇਸ਼ਨ (ਆਈ.ਐੱਲ.ਓ.) ਨੇ ਕਿਹਾ ਹੈ ਕਿ ਸਾਲ 2017 ਵਿੱਚ 17.8 ਮਿਲੀਅਨ ਲੋਕ ਬੇਰੁਜ਼ਗਾਰ ਸਨ ਜੋ ਇਸ ਤੋਂ ਪਿਛਲੇ ਸਾਲ 17.7 ਮਿਲੀਅਨ ਸਨ ਅਤੇ 2018 ਵਿੱਚ ਵਧਕੇ 18 ਮਿਲੀਅਨ ਹੋ ਗਏ ਹਨ। ਬੇਰੁਜ਼ਗਾਰੀ ਦੇ ਰੁਝਾਨ ਵਿੱਚ ਵਾਧਾ ਸਾਲਾਨਾ 3.4 ਫ਼ੀਸਦੀ ਉੱਤੇ ਟਿਕਿਆ ਹੋਇਆ ਹੈ।

ਕੁੱਲ 1.34 ਬਿਲੀਅਨ ਆਬਾਦੀ ਵਿੱਚੋਂ ਅੱਧੀ ਆਬਾਦੀ 25 ਸਾਲ ਦੀ ਉਮਰ ਤੋਂ ਘੱਟ ਹੈ। ਹਰ ਸਾਲ ਵੱਡੀ ਗਿਣਤੀ ਵਿੱਚ ਇਹ ਆਬਾਦੀ ਨੌਕਰੀਆਂ ਦੀ ਤਲਾਸ਼ ਵਿੱਚ ਰਹਿੰਦੀ ਹੈ। ਦੇਸ਼ ਦੀ ਕੁੱਲ ਆਬਾਦੀ ਦਾ 50.3 ਫ਼ੀਸਦੀ ਹਰ ਕਿਸਮ ਦੀ ਮਜ਼ਦੂਰੀ 'ਚ ਲੱਗੇ ਹੋਏ ਲੋਕ ਹਨ। ਉਸ ਵਿੱਚੋਂ 46 ਫ਼ੀਸਦੀ ਲੋਕ ਖੇਤ ਮਜ਼ਦੂਰੀ ਨਾਲ ਜੁੜੇ ਹਨ ਜਦੋਂਕਿ 22 ਫ਼ੀਸਦੀ ਨਿਰਮਾਣ ਅਤੇ 32 ਫ਼ੀਸਦੀ ਸਰਵਿਸ ਸੈਕਟਰ ਨਾਲ ਜੁੜੇ ਹਨ। ਸਾਲ 2016 ਵਿੱਚ ਦੇਸ਼ ਵਿੱਚ ਬੇਰੁਜ਼ਗਾਰੀ ਦਰ 7.97 ਫ਼ੀਸਦੀ ਸੀ ਜਿਸ ਵਿੱਚ ਪੇਂਡੂ ਖੇਤਰ ਵਿੱਚ 7.15 ਫ਼ੀਸਦੀ ਅਤੇ ਸ਼ਹਿਰੀ ਖੇਤਰ 'ਚ 9.62 ਫ਼ੀਸਦੀ ਸੀ। ਮਗਨਰੇਗਾ ਦੇ ਲਾਗੂ ਹੋਣ ਨਾਲ ਬੇਰੁਜ਼ਗਾਰਾਂ ਦੀ ਪੇਂਡੂ ਖੇਤਰ 'ਚ ਗਿਣਤੀ ਵਿੱਚ ਕਮੀ ਦੇਖਣ ਨੂੰ ਮਿਲੀ ਹੈ। ਦੇਸ਼ ਵਿੱਚ ਵਧ ਰਹੀ ਬੇਰੁਜ਼ਗਾਰੀ ਦਾ ਵਧਣਾ ਪਰਵਾਸ ਦਾ ਵੱਡਾ ਕਾਰਨ ਹੈ। ਅਸੰਗਠਿਤ ਖੇਤਰ ਵਿੱਚ ਰੁਜ਼ਗਾਰ ਦੇ ਸੰਕਟ ਦਾ ਕੋਈ ਤੋੜ ਲੱਭ ਕੇ ਹੀ ਇਸ ਬੇਰੁਜ਼ਗਾਰੀ ਵਾਲੇ ਵੱਡੇ ਸੰਕਟ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਉਂਜ .ਗੈਰ-ਕਾਨੂੰਨੀ ਪਰਵਾਸ ਨੂੰ ਠੱਲ੍ਹ ਪਾਉਣ ਲਈ ਅਤੇ ਇਰਾਕ ਜਿਹੀਆਂ ਘਟਨਾਵਾਂ ਰੋਕਣ ਲਈ ਦੇਸ਼ ਭਰ 'ਚ ਫੈਲੇ ਦਲਾਲਾਂ ਦੇ ਤੰਤਰ ਖਿਲਾਫ਼ ਵੱਡੀ ਸਰਕਾਰੀ ਕਾਰਵਾਈ ਕਰਨ ਦੀ ਵੀ ਲੋੜ ਹੈ।

# ਚੀਫ ਖਾਲਸਾ ਦੀਵਾਨ ਉੱਤੇ ਮੁੜ ਚੱਢਾ ਧੜੇ ਦਾ ਕਬਜਾ

## ਡਾ. ਸੰਤੋਖ ਸਿੰਘ ਨੇ ਪ੍ਰਧਾਨਗੀ ਲਈ ਕਰੜੇ ਮੁਕਾਬਲੇ 'ਚ ਰਾਜ ਮਹਿੰਦਰ ਸਿੰਘ ਮਜੀਠੀਆ ਨੂੰ ਹਰਾਇਆ




**ਅੰਮ੍ਰਿਤਸਰ/ਨਰਿੰਦਰਪਾਲ ਸਿੰਘ:**
ਚੀਫ ਖਾਲਸਾ ਪ੍ਰਧਾਨ ਤੇ ਦੋ ਹੋਰ ਅਹੁਦੇਦਾਰਾਂ ਦੀ ਇਥੇ ਹੋਈ ਚੋਣ ਵਿੱਚ ਸਾਬਕਾ ਦੀਵਾਨ ਪ੍ਰਧਾਨ ਚਰਨਜੀਤ ਸਿੰਘ ਚੱਢਾ ਦਾ ਧੜਾ ਹੀ ਮੁੜ ਕਾਬਜ ਹੋ ਗਿਆ ਹੈ। ਸਿੱਖਾਂ ਦੀ ਵੱਕਾਰੀ ਸੰਸਥਾ ਦੇ ਮੌਜੂਦਾ ਸੀਨੀਅਰ ਮੀਤ ਪ੍ਰਧਾਨ ਡਾ.ਸੰਤੋਖ ਸਿੰਘ ਨਵੇਂ ਪ੍ਰਧਾਨ ਚੁਣੇ ਗਏ ਹਨ । ਮੌਜੂਦਾ ਐਡੀਸ਼ਨਲ ਆਨਰੇਰੀ ਸਕੱਤਰ ਸ.ਸਰਬਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਚੁਣੇ ਗਏ ਹਨ ਅਤੇ ਆਨਰੇਰੀ ਸਕੱਤਰ ਦੇ ਅਹੁਦੇ ਲਈ ਸ.ਸੁਰਿੰਦਰ ਸਿੰਘ ਰੁਮਾਲਿਆਂ ਵਾਲਿਆਂ ਨੂੰ ਚੁਣ ਲਿਆ ਗਿਆ ਹੈ।

ਪਿਛਲੇ ਸਮੇਂ ਵਿੱਚ ਤਿੱਖੇ ਵਾਦ-ਵਿਵਾਦ ਵਿੱਚ ਘਿਰੀ ਆ ਰਹੀ ਸਿੱਖ ਸੰਸਥਾ ਦੇ ਨਵੇਂ ਅਹੁਦੇਦਾਰ ਦੀ ਚੋਣ ਲਈ ਕਰੜੇ ਮੁਕਾਬਲੇ ਵਿੱਚ ਡਾ.ਸੰਤੋਖ ਸਿੰਘ ਨੇ ਆਪਣੇ ਨੇੜਲੇ ਵਿਰੋਧੀ ਰਾਜ ਮਹਿੰਦਰ ਸਿੰਘ ਮਜੀਠੀਆ ਨੂੰ 10 ਵੋਟਾਂ ਨਾਲ ਹਰਾਇਆ ਹੈ ਤੇ ਸ.ਸਰਬਜੀਤ ਸਿੰਘ, ਆਪਣੇ ਵਿਰੋਧੀ ਨਾਲੋਂ ਮਹਿਜ 3 ਵੋਟਾਂ ਦੇ ਵਾਧੇ ਨਾਲ ਜੇਤੂ ਕਰਾਰ ਹੋਏ ਅਤੇ ਸੁਰਿੰਦਰ ਸਿੰਘ ਰੁਮਾਲਿਆਂ ਵਾਲੇ 3 ਵੋਟਾਂ ਦੇ ਵਾਧੇ ਨਾਲ ਜੇਤੂ ਰਹੇ।

ਅਹੁਦਿਓਂ ਹਟਾਏ ਪਿਛਲੇ ਪ੍ਰਧਾਨ ਚਰਨਜੀਤ ਸਿੰਘ ਚੱਢਾ ਦੀਆਂ ਅਨੈਤਿਕ ਹਰਕਤਾਂ ਦੀ ਵਾਇਰਲ ਹੋਈ ਵੀਡੀਓ ਉਪਰੰਤ ਦੀਵਾਨ ਦੇ ਪ੍ਰਧਾਨ, ਮੀਤ ਪ੍ਰਧਾਨ ਅਤੇ ਆਨਰੇਰੀ ਸਕੱਤਰ ਦੇ ਅਹੁਦੇ ਲਈ ਵੋਟਾਂ ਪੈਣ ਦਾ ਕੰਮ ਐਤਵਾਰ ਨੂੰ ਬਾਅਦ ਦੁਪਿਹਰ ਜੀ.ਟੀ.ਰੋਡ ਸਥਿਤ ਦੀਵਾਨ ਦੇ ਮੁਖ ਦਫਤਰ ਵਿੱਖੇ 12.00 ਵਜੇ ਦੇ ਕਰੀਬ ਸ਼ੁਰੂ ਹੋਇਆ ਸੀ ਜੋ ਸ਼ਾਮੀਂ 5:00 ਵਜੇ ਤੀਕ ਜਾਰੀ ਰਿਹਾ। ਵੋਟਾਂ ਨੂੰ ਲੈਕੇ ਦੀਵਾਨ ਨੇ ਵਿਸ਼ੇਸ਼ ਤੌਰ ਤੇ ਮੀਡੀਆ ਪ੍ਰਤੀ ਸਖਤ ਰੁੱਖ ਅਪਣਾਇਆ ਅਤੇ ਸਬੰਧਤ ਜਗ੍ਹਾ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦੇ ਗੇਟ ਦੇ ਅੰਦਰ ਦਾਖਲ ਹੋਣ ਤੇ ਹੀ ਰੋਕ ਲਗਾ ਦਿੱਤੀ। ਦੱਸਿਆ ਗਿਆ ਹੈ ਕਿ ਦੀਵਾਨ ਦੇ ਕੁਲ਼ 513 ਮੈਂਬਰਾਨ ਚੋਂ 364 ਮੈਂਬਰ ਹੀ ਵੋਟ ਪਾਣ ਲਈ ਪੁਜੇ ਸਨ।

ਡਾ. ਸੰਤੋਖ ਸਿੰਘ ਨੂੰ 152 ਵੋਟਾਂ ਮਿਲੀਆਂ ਜਦੋਂ ਕਿ ਉਨ੍ਹਾਂ ਦੇ ਨੇੜਲੇ ਵਿਰੋਧੀ ਰਾਜ ਮਹਿੰਦਰ ਸਿੰਘ ਮਜੀਠੀਆ ਨੂੰ 142 ਅਤੇ ਮੌਜੂਦਾ ਕਾਰਜਕਾਰੀ ਪਰਧਾਨ ਧਨਰਾਜ ਸਿੰਘ ਨੂੰ ਸਿਰਫ 65 ਵੋਟਾਂ ਪਈਆਂ। ਇਸੇ ਤਰ੍ਹਾਂ ਮੀਤ ਪ੍ਰਧਾਨ ਦੀ ਚੋਣ ਲਈ ਬਲਦੇਵ ਸਿੰਘ ਚੌਹਾਨ ਨੂੰ 41, ਨਿਰਮਲ ਸਿੰਘ ਠੇਕੇਦਾਰ ਨੂੰ 157 ਅਤੇ ਜੇਤੂ ਰਹੇ ਸਰਬਜੀਤ ਸਿੰਘ ਨੂੰ 160 ਵੋਟਾਂ ਮਿਲੀਆਂ।ਆਨਰੇਰੀ ਸਕੱਤਰ ਲਈ ਸੁਰਿੰਦਰ ਸਿੰਘ ਰੁਮਾਲਿਆਂ ਵਾਲਾ ਨੂੰ 158, ਸੰਤੋਖ ਸਿੰਘ ਸੇਠੀ ਨੂੰ 155 ਅਤੇ ਗੁਰਿੰਦਰ ਸਿੰਘ ਚਾਵਲਾ ਨੂੰ 46 ਵੋਟਾਂ ।

ਪ੍ਰਧਾਨ ਚੁਣੇ ਜਾਣ ਮਗਰੋਂ ਡਾ. ਸੰਤੋਖ ਸਿੰਘ ਨੇ ਆਖਿਆ ਕਿ ਸਮੂਹ ਮੈਂਬਰ ਇਕਜੁੱਟਤਾ ਨਾਲ ਸਿੱਖ ਸੰਸਥਾ ਨੂੰ ਹੋਰ ਬੁਲੰਦੀ 'ਤੇ ਲੈ ਕੇ ਜਾਣ ਲਈ ਕੰਮ ਕਰਨਗੇ। ਚੋਣਾਂ ਵਿੱਚ ਨਿੱਤਰੇ ਧਨਰਾਜ ਸਿੰਘ ਧੜੇ ਨੂੰ ਕਰਾਰੀ ਹਾਰ ਮਿਲੀ ਹੈ ਅਤੇ ਉਨ੍ਹਾਂ ਦਾ ਕੋਈ ਵੀ ਉਮੀਦਵਾਰ ਚੀਫ ਖਾਲਸਾ ਦੀਵਾਨ ਦਾ ਅਹੁਦੇਦਾਰ ਨਹੀਂ ਬਣ ਸਕਿਆ। ਰਾਜ ਮਹਿੰਦਰ ਸਿੰਘ ਮਜੀਠਾ ਧੜੇ ਦਾ ਉਮੀਦਵਾਰ ਸੁਰਿੰਦਰ ਸਿੰਘ ਰੁਮਾਲਿਆਂ ਵਾਲਾ ਆਨਰੇਰੀ ਸਕੱਤਰ ਦੇ ਅਹੁਦੇ ਵਾਸਤੇ ਚੁਣਿਆ ਗਿਆ ਹੈ।

ਚੀਫ ਖਾਲਸਾ ਦੀਵਾਨ ਦੇ 511 ਮੈਂਬਰਾਂ ਵਿੱਚੋਂ 363 ਨੇ ਇਥੇ ਵੋਟਾਂ ਪਾਈਆਂ। ਕਰੀਬ 5-6 ਪਤਿਤ ਮੈਂਬਰਾਂ ਨੂੰ ਵੋਟ ਪਾਉਣ ਤੋਂ ਰੋਕਿਆ ਗਿਆ। ਵੋਟਾਂ ਪਾਉਣ ਦੀ ਪ੍ਰਕਿਰਿਆ ਸ਼ੁਰੂ ਹੋਣ ਤੋਂ ਪਹਿਲਾਂ ਇਥੇ ਚੀਫ ਖਾਲਸਾ ਦੀਵਾਨ ਦੇ ਗੁਰਦੁਆਰਾ ਹਾਲ ਵਿੱਚ ਸਮੂਹ ਮੈਂਬਰਾਂ ਦੀ ਮੀਟਿੰਗ ਹੋਈ, ਜਿਸ ਵਿੱਚ ਪਿਛਲੀ ਮੀਟਿੰਗ ਦੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ। ਅਰਦਾਸ ਮਗਰੋਂ ਵੋਟਾਂ ਪਾਉਣ ਦੀ ਪ੍ਰਕਿਰਿਆ ਅਰੰਭ ਹੋਈ, ਜੋ ਬਾਅਦ ਦੁਪਹਿਰ 1.30 ਵਜੇ ਤੋਂ ਸ਼ਾਮੀਂ 5.30 ਵਜੇ ਤਕ ਜਾਰੀ ਰਹੀ। ਵੋਟਾਂ ਦੀ ਗਿਣਤੀ ਮਗਰੋਂ ਗੁਰਦੁਆਰੇ ਦੇ ਹਾਲ ਵਿੱਚ ਰਿਟਰਨਿੰਗ ਅਧਿਕਾਰੀਆਂ ਡਾ. ਐਸ ਪੀ ਸਿੰਘ, ਇਕਬਾਲ ਸਿੰਘ ਲਾਲਪੁਰਾ ਅਤੇ ਪ੍ਰਿੰਸੀਪਲ ਡਾ. ਬਲਜਿੰਦਰ ਸਿੰਘ ਵੱਲੋਂ ਨਤੀਜਿਆਂ ਦਾ ਐਲਾਨ ਕੀਤਾ ਗਿਆ। ਵੋਟਾਂ ਪਾਉਣ ਅਤੇ ਗਿਣਤੀ ਦੀ ਪ੍ਰਕਿਰਿਆ ਨਾਇਬ ਤਹਿਸੀਲਦਾਰ ਲਖਵਿੰਦਰ ਸਿੰਘ ਗਿੱਲ ਦੀ ਨਿਗਰਾਨੀ ਹੇਠ ਮੁਕੰਮਲ ਹੋਈ। ਉਨ੍ਹਾਂ ਵੱਲੋਂ ਹੀ ਜੇਤੂ ਮੈਂਬਰਾਂ ਦੇ ਨਾਵਾਂ ਦਾ ਐਲਾਨ ਕੀਤਾ ਗਿਆ। ਬਾਅਦ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਨਵੇਂ ਚੁਣੇ ਗਏ ਪ੍ਰਧਾਨ ਨੇ ਕਿਹਾ ਕਿ ਦੀਵਾਨ ਵੱਲੋਂ ਵਿਦਿਆ ਦੇ ਘੇਰੇ ਦੇ ਹੋਰ ਪਸਾਰ ਲਈ ਯਤਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਲਦੀ ਹੀ ਇਕ ਮੀਟਿੰਗ ਸੱਦ ਕੇ ਵਿਦਿਆਰਥੀਆਂ ਨੂੰ ਮੁਫ਼ਤ ਕਿਤਾਬਾਂ ਦੇਣ ਅਤੇ ਮੁੜ ਦਾਖ਼ਲਾ ਫੀਸ ਨਾ ਲੈਣ ਸਬੰਧੀ ਫੈਸਲਿਆਂ 'ਤੇ ਵਿਚਾਰ ਕੀਤਾ ਜਾਵੇਗਾ। ਪਤਿਤ ਮੈਂਬਰਾਂ ਸਬੰਧੀ ਵੀ ਵਿਦਵਾਨਾਂ ਨਾਲ ਵਿਚਾਰ ਕਰਕੇ ਅਗਲੀ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸੰਸਥਾ ਵਿੱਚ ਮੁੜ ਕਿਸੇ ਔਰਤ ਨਾਲ ਛੇੜਖਾਨੀ ਦੀ ਘਟਨਾ ਨਾ ਵਾਪਰੇ, ਉਸ ਨੂੰ ਰੋਕਣ ਲਈ ਵਿਸ਼ੇਸ਼ ਕਮੇਟੀ ਬਣਾਈ ਜਾਵੇਗੀ। ਚਰਨਜੀਤ ਸਿੰਘ ਚੱਢਾ ਨੂੰ ਮੁੜ ਮੈਂਬਰ ਵਜੋਂ ਸ਼ਾਮਲ ਕਰਨ ਸਬੰਧੀ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਆਖਿਆ ਕਿ ਇਸ ਮਾਮਲੇ 'ਤੇ ਸੰਵਿਧਾਨ ਮੁਤਾਬਕ ਕਾਰਵਾਈ ਹੋਵੇਗੀ। ਰਿਟਰਨਿੰਗ ਅਧਿਕਾਰੀ ਡਾ. ਬਲਜਿੰਦਰ ਸਿੰਘ ਨੇ ਆਖਿਆ ਕਿ ਚੋਣ ਪ੍ਰਕਿਰਿਆ ਦਾ ਸਮੁੱਚਾ ਅਮਲ ਸ਼ਾਂਤੀ ਪੂਰਵਕ ਢੰਗ ਨਾਲ ਮੁਕੰਮਲ ਹੋਇਆ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਵਰ੍ਹੇ ਦਸੰਬਰ ਵਿੱਚ ਚੀਫ ਖਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਦੀ ਵਾਇਰਲ ਹੋਈ ਇਤਰਾਜ਼ਯੋਗ ਵੀਡਿਓ ਕਾਰਨ ਸਿੱਖ ਸੰਸਥਾ ਵਿੱਚ ਇਹ ਸੰਕਟ ਪੈਦਾ ਹੋਇਆ ਸੀ, ਜੋ ਇਸ ਚੋਣ ਨਾਲ ਸਮਾਪਤ ਹੋ ਗਿਆ ਹੈ।

ਮੀਡੀਆ 'ਤੇ ਰੋਕ ਲਾਉਣ ਦੀ ਹੋਈ ਕੋਸ਼ਿਸ਼ਃ ਦੀਵਾਨ ਦੇ ਤਿੰਨ ਅਹੁਦਿਆਂ ਵਾਸਤੇ ਪਈਆਂ ਵੋਟਾਂ ਦੌਰਾਨ ਇਕ ਰਿਟਰਨਿੰਗ ਅਧਿਕਾਰੀ ਦੇ ਆਦੇਸ਼ 'ਤੇ ਮੀਡੀਆ ਨੂੰ ਦੂਰ ਰੱਖਣ ਦਾ ਯਤਨ ਕੀਤਾ ਗਿਆ। ਮੀਡੀਆ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ ਅਤੇ ਨਾਅਰੇਬਾਜ਼ੀ ਵੀ ਹੋਈ। ਸ਼ਾਮ ਸਮੇਂ ਮੀਡੀਆ ਨੂੰ ਕੈਂਪਸ ਵਿੱਚ ਦਾਖ਼ਲ ਹੋਣ ਦੀ ਆਗਿਆ ਦਿੱਤੀ ਗਈ।

# ਕੇਂਦਰ ਸਰਕਾਰ ਸਿੱਖ ਕੌਮ ਨੂੰ ਮਾਨਸਿਕ ਪੀੜਾ ਦੇਣ ਦੀ ਥਾਂ ਸਿੱਖ ਕੈਦੀਆਂ ਨੂੰ ਤੁਰੰਤ ਰਿਹਾਅ ਕਰੇ: ਦਮਦਮੀ ਟਕਸਾਲ

**ਕੁਰੂਕਸ਼ੇਤਰ ਸਿੱਖ ਸਿਆਸਤ ਬਿਊਰੋ:**
ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਸਖ਼ਤ ਲਫਜ਼ਾਂ 'ਚ ਕਿਹਾ ਕਿ ਕੇਂਦਰ ਸਰਕਾਰ ਸਿੱਖ ਕੌਮ ਨੂੰ ਮਾਨਸਿਕ ਪੀੜਾ ਦੇਣ ਦੀ ਥਾਂ ਬਿਨਾ ਦੇਰੀ ਸਜਾਵਾਂ ਪੂਰੀਆਂ ਕਰ ਚੁੱਕੇ ਸਿੱਖ ਕੈਦੀਆਂ ਨੂੰ ਤੁਰੰਤ ਰਿਹਾਅ ਕਰ ਕੇ ਸਿੱਖ ਕੌਮ ਦਾ ਵਿਸ਼ਵਾਸ ਜਿੱਤਣ ਵਾਲਾ ਠੋਸ ਕਦਮ ਉਠਾਉਣ ਚਾਹੀਦਾ ਹੈ।

ਦਮਦਮੀ ਟਕਸਾਲ ਮੁਖੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਨਾਲ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਕਰਦਿਆਂ ਜਾਨ ਨਿਛਾਵਰ ਕਰ ਗਏ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਦੀ ਅੰਤਿਮ ਸੰਸਕਾਰ ਮੌਕੇ ਵਿਸ਼ੇਸ਼ ਤੌਰ 'ਤੇ ਉਹਨਾਂ ਦੇ ਪਿੰਡ ਠਸਕਾ ਅਲੀ (ਹਰਿਆਣਾ) ਪਹੁੰਚੇ ਹੋਏ ਸਨ ਨੇ ਭਾਈ ਖ਼ਾਲਸਾ ਦੇ ਗ੍ਰਹਿ ਵਿਖੇ ਉਹਨਾਂ ਦੇ ਪੁੱਤਰ ਭਾਈ ਜੁਝਾਰ ਸਿੰਘ ਅਤੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ। ਬਾਬਾ ਹਰਨਾਮ ਸਿੰਘ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਲਈ ਭਾਈ ਗੁਰਬਖ਼ਸ਼ ਸਿੰਘ ਨੇ ਤਨ ਦੇਹੀ ਨਾਲ ਬਹੁਤ ਵੱਡਾ ਸੰਘਰਸ਼ ਕੀਤਾ ਹੈ, ਜਿਸ ਦੇ ਫਲਸਰੂਪ ਉਹਨਾਂ ਨੂੰ ਕਾਫ਼ੀ ਕਾਮਯਾਬੀ ਵੀ ਮਿਲੀ, ਕਈ ਸਿੰਘ ਪਰੋਲ 'ਤੇ ਰਿਹਾਅ ਹੋ ਕੇ ਆਪਣੇ ਪਰਿਵਾਰ 'ਚ ਆ ਸਕੇ, ਗੁਰਧਾਮਾਂ ਦੇ ਦਰਸ਼ਨ ਅਤੇ ਸੰਗਤਾਂ 'ਚ ਵਿਚਰ ਸਕੇ ਹਨ। ਭਾਈ ਖ਼ਾਲਸਾ ਦੀ ਕੌਮ ਪ੍ਰਤੀ ਇਸ ਦੇਣ ਨੂੰ ਕੌਮ ਸਦਾ ਯਾਦ ਰੱਖੇਗੀ।

ਉਹਨਾਂ ਕਿਹਾ ਕਿ ਕੌਮ ਦੇ ਹੀਰਿਆਂ ਨੂੰ ਰਿਹਾਅ ਕਰਾਉਣ ਲਈ ਸਰਕਾਰਾਂ ਉੱਤੇ ਦਬਾਅ ਪਾਇਆ ਜਾਣਾ ਚਾਹੀਦਾ ਹੈ ਜਿਸ ਲਈ ਭਾਈ ਖ਼ਾਲਸਾ ਵੱਲੋਂ ਵਿੱਢੇ ਗਏ ਸੰਘਰਸ਼ ਨੂੰ ਚਰਮ ਸੀਮਾ ਤਕ ਪਹੁੰਚਾਉਣ ਅਤੇ ਪੂਰਾ ਕਰਨ ਲਈ ਸਮੁੱਚੇ ਪੰਥ ਨੂੰ ਮਿਲ ਬੈਠ ਕੇ ਕੋਈ ਰੂਪ ਰੇਖਾ ਉਲੀਕਣੀ ਚਾਹੀਦੀ ਹੈ। ਉਹਨਾਂ ਕੇਂਦਰ ਨੂੰ ਨਿਜ਼ਾਮ ਦਰੁਸਤ ਕਰਨ ਲਈ ਕਿਹਾ। ਉਹਨਾਂ ਕਿਹਾ ਕਿ ਸਿੱਖ ਕੌਮ ਨੂੰ ਆਪਣੇ ਹੱਕਾਂ ਲਈ ਲੜਨਾ ਪੈ ਰਿਹਾ ਹੈ ਜਿਸ ਕਾਰਨ ਭਾਰਤੀ ਸਿਆਸੀ ਨਿਜ਼ਾਮ ਤੋਂ ਸਿੱਖਾਂ ਦਾ ਭਰੋਸਾ ਦਿਨੋਂ ਦਿਨ ਖੁਰਦਾ ਜਾ ਰਿਹਾ ਹੈ ।ਇਸ ਮੌਕੇ ਬੋਲਦਿਆਂ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਨੇ ਕਿਹਾ ਕਿ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਨੇ ਬੰਦੀ ਸਿੰਘਾਂ ਦੀ ਬੰਦ ਖ਼ਲਾਸੀ ਲਈ ਤਿੰਨ ਪੜਾਵਾਂ 'ਚ ਪ੍ਰੇਰਣਾਮਈ ਸੰਘਰਸ਼ ਕੀਤਾ ਅਤੇ ਆਪਣੇ ਅਕੀਦੇ ਲਈ ਸ਼ਾਂਤਮਈ ਤਰੀਕੇ ਨਾਲ ਸ਼ਹਾਦਤ ਦਿੱਤੀ। ਭਾਈ ਖ਼ਾਲਸਾ ਦੀ ਸ਼ਹਾਦਤ ਨੇ ਪੰਥ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਇੱਕ ਜੁਟ ਹੋ ਕੇ ਸੰਘਰਸ਼ ਕਰਨ ਦਾ ਦਿੱਤਾ ਹੈ ।



ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਦੇ ਅੰਤਿਮ ਸੰਸਕਾਰ ਉਪਰੰਤ ਉਹਨਾਂ ਦੇ ਗ੍ਰਹਿ ਵਿਖੇ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕਰਦੇ ਹੋਏ ਹਰਨਾਮ ਸਿੰਘ ਖ਼ਾਲਸਾ, ਜਸਬੀਰ ਸਿੰਘ ਰੋਡੇ ਤੇ ਹੋਰ ਸਿੱਖ ਆਗੂ।

# ਅਮਰੀਕਾ ਦੇ ਕਾਲਜਾਂ 'ਚ ਕੰਮ ਦੇ ਦਬਾਅ ਕਾਰਨ 30 ਫ਼ੀਸਦੀ ਵਿਦਿਆਰਥੀ ਤਣਾਅ ਵਿਚ

## ਵਰਜੀਨੀਆ ਟੈਕ ਯੂਨੀਵਰਸਿਟੀ ਨੇ ਵਿਦਿਆਰਥੀਆਂ ਵਿਚਾਲੇ ਪਹੁੰਚ ਬਣਾਉਣ ਲਈ ਕਈ ਸੈਟੇਲਾਈਟ ਕਾਊਂਸਲਿੰਗ ਕਲੀਨਿਕ ਸ਼ੁਰੂ ਕੀਤੇ

**ਕੇਟੀ ਰੇਲੀ**

ਇਹ ਗੱਲ ਲੋਕਾਂ ਨੂੰ ਬੇਚੈਨ ਕਰ ਸਕਦੀ ਹੈ ਕਿ ਅਮਰੀਕਾ ਦੀਆਂ ਬਹੁਤ ਸਾਰੀਆਂ ਯੂਨੀਵਰਸਿਟੀਆਂ ਵਿਚ ਸਾਲ 2009 ਤੋਂ 2015 ਵਿਚਾਲੇ ਦਾਖ਼ਲੇ 6 ਫ਼ੀਸਦੀ ਤੋਂ ਘੱਟ ਵਧੇ, ਪਰ ਬੇਚੈਨੀ ਤੇ ਤਣਾਅ ਦੀ ਸ਼ਿਕਾਇਤ ਲੈ ਕੇ ਕਾਊਂਸਲਿੰਗ ਸੈਂਟਰ ਵਿਚ ਜਾਣ ਵਾਲੇ ਕਾਲਜ ਦੇ ਵਿਦਿਆਰਥੀ ਇਸ ਸਮੇਂ 30 ਫ਼ੀਸਦੀ ਵਧ ਗਏ। ਇਹ ਖੁਲਾਸਾ ਅਮਰੀਕਾ ਵਿਚ ਸੈਂਟਰ ਫਾਰ ਕਾਲਜੀਏਟ ਮੈਂਟਲ ਹੈਲਥ ਨੇ ਕੀਤਾ ਹੈ। ਅਮਰੀਕੀ ਐਜੂਕੇਸ਼ਨ ਸਿਸਟਮ ਦੀ ਅਸਲੀਅਤ ਦਰਸਾਉਣ ਵਾਲਾ ਇਹ ਅੰਕੜਾ ਸਮੁੱਚੇ ਤੰਤਰ ਨੂੰ ਝੰਜੋੜ ਰਿਹਾ ਹੈ। ਯੂਨੀਵਰਸਿਟੀ ਆਫ ਰਿਚਮੰਡ ਵਿਚ ਨੇਲੀ ਸਪਿਗਨਰ ਨਾਂ ਦੀ ਸੌਕਰ ਖਿਡਾਰਨ ਹੈ ਤੇ ਸਰਜਨ ਦੀ ਪੜ੍ਹਾਈ ਕਰ ਰਹੀ ਹੈ, ਪਰ ਨੇਲੀ ਦਾ ਅਨੁਭਵ ਹੈ ਕਿ ਕਾਲਜ ਸ਼ੁਰੂ ਹੁੰਦੇ ਹੀ ਉਸ ਦਾ ਜੀਵਨ ਪ੍ਰੈਸ਼ਰ ਕੂਕਰ ਦੀ ਤਰ੍ਹਾਂ ਹੋ ਜਾਂਦਾ ਹੈ। ਬਹੁਤ ਜ਼ਿਆਦਾ ਕੰਮ ਰਹਿੰਦਾ ਹੈ। ਪਹਿਲਾਂ ਤਾਂ ਨੇਲੀ ਨੇ ਯੂਨੀਵਰਸਿਟੀ ਦੇ ਕਾਊਂਸਲਿੰਗ ਸੈਂਟਰ ਵਿਚ ਜਾਣ ਤੋਂ ਸੰਕੋਚ ਕੀਤਾ, ਕਿਉਂਕਿ ਇਹ ਸਾਈਕੋਲਾਜੀ ਬਿਲਡਿੰਗ ਵਿਚ ਬਣਾਇਆ ਗਿਆ ਸਿਹਤ ਸੈਂਟਰ ਹੈ ਤੇ ਕੋਈ ਨਹੀਂ ਚਾਹੁੰਦਾ ਕਿ ਉੱਥੇ ਜਾਂਦੇ ਹੋਏ ਕੋਈ ਤੁਹਾਨੂੰ ਦੇਖੇ। ਪਰ ਉਸ ਨੇ ਮਹਿਸੂਸ ਕੀਤਾ ਕਿ ਤੇਜ਼ੀ ਨਾਲ ਉਸ ਦੇ ਮੂਡ ਵਿਚ ਤਬਦੀਲੀ ਆਉਂਦੀ ' ਰਹੀ ਹੈ। ਕਦੇ ਏਨਾ ਰੋਣਾ ਆਉਂਦਾ ਕਿ ਰੋਕ ਨਹੀਂ ਪਾਉਂਦੀ ਸੀ, ਕਦੇ ਕਮਰਾ ਛੱਡ ਕੇ ਜਾਣ ਦੀ ਇੱਛਾ ਨਹੀਂ ਹੁੰਦੀ ਸੀ। ਕਈ ਵਾਰ ਉਸ ਨੇ ਜਮਾਤ ਛੱਡ ਦਿੱਤੀ, ਖਾਣਾ ਨਹੀਂ ਖਾਧਾ, ਦੋਸਤਾਂ ਨੂੰ ਨਹੀਂ ਮਿਲੀ, ਪ੍ਰੋਫੈਸਰ ਤੋਂ ਪੁੱਛਣ ਵਿਚ ਹਿਚਕਿਚਾਹਟ ਹੋਣ ਲੱਗੀ। ਜਦੋਂ ਕੈਂਪਸ ਵਿਚ ਹੀ ਇਕ ਮਨੋਰੋਗਾਂ ਦੇ ਮਾਹਿਰ ਨਾਲ ਉਸ ਨੇ ਗੱਲ ਕੀਤੀ, ਤਾਂ ਪਤਾ ਲੱਗਿਆ ਕਿ ਉਹ ਬਾਈਪੋਲਰ ਡਿਸਆਰਡਰ ਤੋਂ ਪੀੜਤ ਹੈ। ਉਸ ਦੇ ਲੱਛਣ ਦਿਨ-ਬ-ਦਿਨ ਵਿਗੜਦੇ ਜਾ ਰਹੇ ਸਨ। ਸੌਕਰ ਟੀਮ ਨੇ ਉਸ ਨੂੰ ਖੇਡ ਖਿਡਾਉਣ ਤੋਂ ਇਸ ਲਈ ਮਨ੍ਹਾਂ ਕਰ ਦਿੱਤਾ, ਕਿਉਂਕਿ ਉਹ ਕਈ ਦਿਨ ਤੱਕ ਪ੍ਰੈਕਟਿਸ 'ਤੇ ਨਹੀਂ ਗਈ ਸੀ। ਇਸ ਲਈ ਉਸ ਨੇ ਟੀਮ ਹੀ ਛੱਡ ਦਿੱਤੀ। ਫਿਰ ਪੜ੍ਹਨਾ ਛੱਡ ਦਿੱਤਾ ਤੇ ਮੈਡੀਕਲ ਛੁੱਟੀ ਲੈ ਲਈ। ਇਹ ਇਕੱਲਾ ਨੇਲੀ ਦਾ ਹੀ ਮਾਮਲਾ ਨਹੀਂ ਹੈ, ਕਈ ਕਾਲਜਾਂ ਦੇ ਵਿਦਿਆਰਥੀਆਂ ਦੀ ਹਾਲਤ ਅਜਿਹੀ ਹੀ ਹੈ। ਸੈਂਟਰ ਨੇ ਤਾਂ ਇਹ ਵੀ ਪਾਇਆ ਕਿ ਕੀ ਵਿਦਿਆਰਥੀ ਆਤਮ-ਹੱਤਿਆ ਦੀ ਵੀ ਕੋਸ਼ਿਸ਼ ਕਰ ਚੁੱਕੇ ਹਨ। ਅਮਰੀਕਨ ਕਾਲਜ ਹੈਲਥ ਐਸੋਸੀਏਸ਼ਨ ਦੇ ਸਰਵੇ ਵਿਚ ਦੱਸਿਆ ਗਿਆ ਹੈ ਕਿ 2017 ਦੇ ਸ਼ੁਰੂ ਵਿਚ ਤਕਰੀਬਨ 40 ਫ਼ੀਸਦੀ ਕਾਲਜ ਵਿਦਿਆਰਥੀਆਂ ਨੇ ਕਿਹਾ ਕਿ ਉਹ ਪਿਛਲੇ ਇਕ ਸਾਲ ਤੋਂ ਕਾਫ਼ੀ ਤਣਾਅ ਮਹਿਸੂਸ ਕਰ ਰਹੇ ਹਨ। 92 ਸਕੂਲਾਂ ਦੇ 63,000 ਵਿਦਿਆਰਥੀਆਂ ਨੇ ਇਸ ਤਰ੍ਹਾਂ ਦੇ ਖੁਲਾਸੇ ਕੀਤੇ। ਮਾਰਚ ਆਉਂਦੇ ਹੀ ਵਿਦਿਆਰਥੀਆਂ ਦੇ ਕੋਲ ਕੰਮ ਬਹੁਤ ਜ਼ਿਆਦਾ ਹੋ ਜਾਂਦਾ ਹੈ। ਅਜਿਹੇ ਵਿਚ ਕਾਊਂਸਲਿੰਗ ਸੈਂਟਰ ਜਾਣ ਦਾ ਵੀ ਸਮਾਂ ਨਹੀਂ ਰਹਿੰਦਾ। ਜੋ ਪਹਿਲਾਂ ਤੋਂ ਇਸ ਪਰੇਸ਼ਾਨੀ ਦਾ ਸਾਹਮਣਾ ਕਰ ਰਹੇ ਹਨ, ਉਹ ਗਰਮੀਆਂ ਵਿਚ ਹੀ ਕਾਲਜ ਜਾਂਦੇ ਹਨ। ਵਿਦਿਆਰਥੀਆਂ ਨੂੰ ਕਾਲਜ ਦੀ ਪੜ੍ਹਾਈ ਛੱਡਣ ਤੋਂ ਰੋਕਣ ਲਈ ਹੀ ਦੇਸ ਦੇ ਕਾਲਜਾਂ ਵਿਚ ਸਿਹਤ ਸੈਂਟਰ ਬਣਾਏ ਗਏ ਹਨ। ਪਹਿਲੀ ਵਾਰ ਯੂਸੀਐੱਲਏ (ਯੂਨੀਵਰਸਿਟੀ ਆਫ ਕੈਲੀਫੋਰਨੀਆ, ਲਾਸ ਏਂਜਿਲਸ) ਨੇ ਸਾਰੇ ਵਿਦਿਆਰਥੀਆਂ ਨੂੰ ਤਣਾਅ ਦੀ ਮੁਫ਼ਤ ਆਨਲਾਈਨ ਸਕਰੀਨਿੰਗ ਦੀ ਪੇਸ਼ਕਸ਼ ਕੀਤੀ ਹੈ। ਵਰਜੀਨੀਆ ਟੈਕ ਯੂਨੀਵਰਸਿਟੀ ਨੇ ਵਿਦਿਆਰਥੀਆਂ ਵਿਚਾਲੇ ਪਹੁੰਚ ਬਣਾਉਣ ਲਈ ਕਈ ਸੈਟੇਲਾਈਟ ਕਾਊਂਸਲਿੰਗ ਕਲੀਨਿਕ ਸ਼ੁਰੂ ਕੀਤੇ ਹਨ। ਓਹਾਇਓ ਸਟੇਟ ਯੂਨੀਵਰਸਿਟੀ ਨੇ 2016-17 ਵਿਚ ਕਈ ਦਰਜਨ ਮੈਂਟਲ ਸਿਹਤ ਮਾਹਿਰਾਂ ਨੂੰ ਰੱਖਿਆ ਹੈ। ਪੈਨਸਿਲਵੇਨੀਆ ਸਟੇਟ ਯੂਨੀਵਰਸਿਟੀ ਨੇ 7 ਲੱਖ ਡਾਲਰ ਦੀ ਫੰਡਿੰਗ ਕਾਊਂਸਲਿੰਗ ਤੇ ਮਨੋਵਿਗਿਆਨਕ ਸੇਵਾਵਾਂ ਦੇਣ ਲਈ ਕਰ ਦਿੱਤੀ ਹੈ।

# ਖਾਲਸਾ ਕੇਅਰ ਫਾਉਂਡੇਸ਼ਨ ਪੈਕੋਇਮਾ ਵਲੋਂ ਫਲਦਾਰ ਬੂਟੇ ਲਾਉਣ ਦਾ ਉੱਦਮ

**ਲਾਸ ਏਂਜਲਸ/ਬਿਊਰੋ ਨਿਊਜ਼:**

ਖਾਲਸਾ ਕੇਅਰ ਫਾਉਂਡੇਸ਼ਨ ਪੈਕੋਇਮਾ ਵਲੋਂ ਵਾਤਾਵਰਣ ਦੀ ਸੰਭਾਲ ਦੇ ਮਨਸ਼ੇ ਨਾਲ ਗੁਰਦੁਆਰਾ ਸਾਹਿਬ ਦੀ ਪਰਿਕਰਮਾ ਵਿੱਚ ਛਾਂਦਾਰ ਰੁੱਖ, ਫਲਦਾਰ ਅਤੇ ਫੁੱਲਾਂ ਵਾਲੇ ਬੂਟੇ ਲਾਉਣ ਦਾ ਉੱਦਮ ਕੀਤਾ ਗਿਆ ਹੈ। ਇਸ ਰੁੱਖ ਤੇ ਬੂਟੇ ਸਥਾਨਕ ਸਕੂਲ ਦੇ ਖੇਡ ਗਰਾਊਂਡਾਂ ਤੇ ਚਾਰ ਦੀਵਾਰੀ ਦੀ ਹੱਦਬੰਦੀ ਵਾਲੀ ਕੰਡਿਆਲੀ ਤਾਰ ਦੇ ਵਿਚਾਲੇ ਖਾਲ੍ਹੀ ਪਈ ਥਾਂ ਨੂੰ ਖੂਬਸੂਰਤ ਬਣਾਉਣ 'ਚ ਵੀ ਸਹਾਈ ਹੋਣਗੇ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਤੇ ਸੇਵਾਦਾਰਾਂ ਨੇ ਸ. ਗੁਰਦੀਪ ਸਿੰਘ ਮਲਿਕ ਦੀ ਅਗਵਾਈ ਹੇਠ 18 ਮਾਰਚ ਸ਼ਨਿਚਰਵਾਰ ਵਾਲੇ ਦਿਨ ਇਹ ਸ਼ੁਭ ਕਾਰਜ ਆਰੰਭਿਆ। ਉਸ ਦਿਨ ਬੱਚਿਆਂ ਦਾ ਪ੍ਰੋਗਰਾਮ ਖ਼ਤਮ ਹੁੰਦਿਆਂ ਹੀ ਸਵੇਰੇ ਕਰੀਬ 9:45 ਵਜੇ ਭਾਈ ਮਸਤਾਨ ਸਿੰਘ ਜੀ ਵਲੋਂ ਅਰਦਾਸ ਕਰਨ ਉਪਰੰਤ ਇਹ ਕਾਰਜ ਨੇਪਰੇ ਚਾੜ੍ਹਿਆ ਗਿਆ।



ਸਭਨਾਂ ਨੇ ਪਹਿਲਾਂ ਤੋਂ ਹੀ ਤਿਆਰ ਕੀਤੀ ਜ਼ਮੀਨ 'ਚ ਇਸ ਮੰਤਵ ਲਈ ਪੁੱਟੇ ਟੋਇਆਂ 'ਚ ਵੱਖ ਵੱਖ ਕਿਸਮਾਂ ਦੇ ਬੀਜ ਬੀਜੇ। ਬਹੁਤਿਆਂ ਦੀ ਪਹਿਲ ਫਲਦਾਰ ਬੂਟੇ ਲਾਉਣ ਦੀ ਸੀ। ਹਰ ਛੋਟਾ ਵੱਡਾ ਇੱਕ ਦੂਜੇ ਤੋਂ ਮੂਹਰੇ ਹੋ ਕੇ ਕੰਮ ਵਿੱਚ ਇੱਕ ਦੂਜੇ ਦਾ ਹੱਥ ਵੰਡਾ ਰਿਹਾ ਸੀ।

ਇਨ੍ਹਾਂ ਰੁੱਖਾਂ-ਬੂਟਿਆਂ ਦੀ ਸੰਭਾਲ ਲਈ ਸਪਰਿੰਕਲ ਸਿਸਟਮ ਵੀ ਲਾਇਆ ਗਿਆ ਹੈ। ਬਹੁਤ ਸਾਰੇ ਨੌਜਵਾਨਾਂ ਨੇ ਬੂਟਿਆਂ ਦੀ ਅੱਗੋਂ ਸਾਂਭ ਸੰਭਾਲ ਦਾ ਜਿੰਮਾ ਲਿਆ ਗਿਆ।

ਗੁਰੂ ਘਰ ਦੇ ਪ੍ਰਬੰਧਕੀ ਸੇਵਾਦਾਰਾਂ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਕਾਮਨਾ ਕੀਤੀ ਕਿ ਇਨ੍ਹਾਂ 25 ਬੂਟਿਆਂ ਦੀ ਇਹ ਬਾਗ ਬਗੀਚੀ ਹੋਰ ਵੱਡੀ ਹੋਵੇਗੀ ਤੇ ਸੰਗਤਾਂ ਦੇ ਸਭਨਾਂ ਮੈਂਬਰਾਂ ਨੂੰ ਸਵਾਦੀ ਫ਼ਲ ਖਾਣ ਨੂੰ ਮਿਲਿਆ ਕਰਨਗੇ।

# ਭਾਰਤੀ ਸਿੱਖਿਆ ਸੰਸਥਾਵਾਂ ਵਿਚ ਵਧ ਰਿਹਾ ਯੌਨ ਸ਼ੋਸ਼ਣ

## ਕਈ ਪ੍ਰੋਫੈਸਰ ਪੀਐਚਡੀ ਕਰਾਉਣ ਵਾਲੀਆਂ ਵਿਦਿਆਰਥਣਾਂ ਨੂੰ ਕਰ ਰਹੇ ਨੇ ਗੁੰਮਰਾਹ

**ਜਲੰਧਰ/ਬਿਊਰੋ ਨਿਊਜ਼:** ਮਨੁੱਖੀ ਸੋਮਿਆਂ ਦੇ ਵਿਕਾਸ ਬਾਰੇ ਕੇਂਦਰੀ ਰਾਜ ਮੰਤਰੀ ਸਤਿਆਪਾਲ ਸਿੰਘ ਨੇ 19 ਮਾਰਚ ਨੂੰ ਲੋਕ ਸਭਾ ਵਿਚ ਇਕ ਸਵਾਲ ਦੇ ਜਵਾਬ ਵਿਚ ਦੱਸਿਆ ਕਿ 2016 ਦੇ ਮੁਕਾਬਲੇ ਸੰਨ 2017 ਵਿਚ ਦੇਸ਼ ਦੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਯੌਨ ਸ਼ੋਸ਼ਣ ਦੇ ਮਾਮਲਿਆਂ ਵਿਚ 50 ਫੀਸਦੀ ਵਾਧਾ ਹੋਇਆ ਹੈ। ਯੂਨੀਵਰਸਿਟੀਆਂ ਵਿਚ 2016 ਵਿਚ ਯੌਨ ਸ਼ੋਸ਼ਣ ਦੇ 94 ਅਤੇ ਕਾਲਜਾਂ ਤੇ ਹੋਰ ਸੰਸਥਾਵਾਂ ਵਿਚ 18 ਕੇਸ ਹੋਏ ਸਨ ਤੇ 2017 ਵਿਚ ਇਨ੍ਹਾਂ ਦੀ ਗਿਣਤੀ ਵਧ ਕੇ ਕ੍ਰਮਵਾਰ 149 ਅਤੇ 39 ਹੋ ਗਈ।

ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਵਲੋਂ ਵਿਦਿਆਰਥੀਆਂ ਅਤੇ ਸਟਾਫ ਦੇ ਯੌਨ ਸ਼ੋਸ਼ਣ ਬਾਰੇ ਸਜ਼ਾ ਪ੍ਰਬੰਧਾਂ ਦੇ ਬਾਵਜੂਦ ਯੂਨੀਵਰਸਿਟੀ ਕੰਪਲੈਕਸਾਂ, ਕਾਲਜਾਂ ਤੇ ਹੋਰ ਵਿਦਿਅਕ ਅਦਾਰਿਆਂ ਵਿਚ ਵੱਖ-ਵੱਖ ਰੂਪਾਂ ਵਿਚ ਯੌਨ ਸ਼ੋਸ਼ਣ ਜਾਰੀ ਹੈ। ਪੰਜਾਬ ਵਿਚ ਵੀ ਅਜਿਹੀਆਂ ਸ਼ਿਕਾਇਤਾਂ ਮਿਲੀਆਂ ਹਨ, ਜਿੱਥੇ ਕਈ ਪ੍ਰੋਫੈਸਰ ਪੀਐਚਡੀ ਕਰਨ ਵਾਲੀਆਂ ਵਿਦਿਆਰਥਣਾਂ ਦਾ ਯੌਨ ਸ਼ੋਸ਼ਣ ਕਰਦੇ ਹਨ ਜਾਂ ਗੁੰਮਰਾਹ ਕਰਦੇ ਹਨ। ਇਹ ਘਟਨਾਵਾਂ ਯੂਨੀਵਰਸਿਟੀ ਪ੍ਰਸ਼ਾਸ਼ਣ ਵੱਲੋਂ ਇੱਜ਼ਤ ਦੇ ਨਾਮ 'ਤੇ ਦਬਾਅ ਦਿੱਤੀਆਂ ਜਾਂਦੀਆਂ ਹਨ ਜਾਂ ਲੜਕੀਆਂ ਦੇ ਕੈਰੀਅਰ ਦਾ ਵਾਸਤਾ ਦੇ ਕੇ ਉਨ੍ਹਾਂ ਨੂੰ ਚੁੱਪ ਕਰਵਾ ਦਿੱਤਾ ਜਾਂਦਾ ਹੈ।

* 19 ਫਰਵਰੀ ਨੂੰ ਹਿਮਾਚਲ ਪ੍ਰਦੇਸ਼ ਦੇ ਹਮੀਰਪੁਰ ਵਿਚ ਇਕ ਪ੍ਰਾਈਵੇਟ ਕਾਲਜ ਦੀ ਲੈਬਾਰਟਰੀ ਅੰਦਰ ਕੈਮਿਸਟਰੀ ਦੇ ਪ੍ਰੋਫੈਸਰ ਨੇ ਨਾ ਸਿਰਫ ਇਕ ਨਾਬਾਲਗ ਵਿਦਿਆਰਥਣ ਨਾਲ ਬਲਾਤਕਾਰ ਕੀਤਾ, ਜਿਸ ਦਾ ਪਤਾ ਲੱਗਣ 'ਤੇ ਵਿਦਿਆਰਥੀਆਂ ਨੇ ਪ੍ਰੋਫੈਸਰ ਨੂੰ ਖੂਬ ਕੁੱਟਿਆ।
* ਕੇਰਲਾ ਦੇ ਕੋਜ਼ੀਕੋਡ ਵਿਚ ਸਥਿਤ 'ਫਾਰੂਖ ਟੀਚਰਜ਼ ਟਰੇਨਿੰਗ ਕਾਲਜ' ਵਿਚ 'ਜੌਹਰ ਮੁਨਾਵਿਰ' ਨਾਮੀ ਅਧਿਆਪਕ ਨੇ ਕੁਝ ਸਮਾਂ ਪਹਿਲਾਂ ਇਕ ਭਾਸ਼ਣ ਦੌਰਾਨ ਮੁਸਲਿਮ ਕੁੜੀਆਂ ਦੇ ਪਹਿਰਾਵੇ ਦੀ ਆਲੋਚਨਾ ਕਰਦਿਆਂ ਕਿਹਾ ਸੀ ਕਿ : "ਅੱਜਕਲ ਔਰਤਾਂ ਠੀਕ ਤਰ੍ਹਾਂ ਹਿਜਾਬ ਵੀ ਨਹੀਂ ਪਹਿਨਦੀਆਂ।


CHAAT BHAVAN®
Best Name for Indian Vegetarian Food
DINE IN • TAKE OUT • CATERING • DELIVERY



ਵਿਆਹ ਸ਼ਾਦੀ, ਬਰਥ ਡੇ ਪਾਰਟੀ, ਐਂਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ।
FOR CATERING INQUIRIES:
408.472.0229

Catering
FULL SERVICE CATERING FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT 510.795.1100
976 E. EL CAMINO REAL • SUNNYVALE 408.795.1100
4112 GRAFTON ST • DUBLIN 925.829.1700
WWW.CHAATBHAVAN.COM



# ਖਾਲਸਾ ਪੰਥ ਦੇ ਸਿਰਜਨਾ ਦਿਵਸ
# ਵਿਸਾਖੀ
## ਦੀ ਲੱਖ ਲੱਖ ਵਧਾਈਆਂ ਜੀ।

ਗੁਰਦੁਆਰਾ ਸਾਹਿਬ
ਖਾਲਸਾ ਕੇਅਰ ਫਾਉਂਡੇਸ਼ਨ ਵਿਖੇ

AT GURDWARA SAHIB
KHALSA CARE FOUNDATION

9989 Laurel Canyon Blvd, Pacoima CA 91331



**09 APRIL (MONDAY) TO 14 APRIL (SATURDAY)**

06.30 pm - 08.30 pm — **KIRTAN BY SANT ANOOP SINGH JI**
BHAI GURJOT SINGH JI RAMANJOT SINGH JI

**15 APRIL (SUNDAY)**

10.00 am - 01.00 pm — **KIRTAN BY SANT ANOOP SINGH JI**
BHAI GURJOT SINGH JI RAMANJOT SINGH JI
Follwed by Ardas, Samapti & Guru Ka Langar



**BHAI KANHAIYA JEE LANGAR SEWA DAL**
FOR MORE INFORMATION PLEASE CONTACT:
BALDEV SINGH (818) 468-9595 BALWINDER SINGH (818) 404-0811
MAKHAN SINGH (661) 225-7157 PARAMJIT SINGH (626) 354-6653

Printed by: SS #9873467767



# PANNU'S
## LEGAL SERVICES

G.S. Pannu (Immigration Consultant, LDA)
ivisapass@gmail.com • FAX 510.279.7624
510.677.5200

**IMMIGRATION**
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

**DIVORCE**
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES
indiavisa123@gmail.com • FAX 510.279.7624



M.K. Pannu (Owner)

**VISA IN ONE DAY**





Indian Passport | India Visa in 1 Day | OCI | US Passport

Power of Attorney & Other Services
**510.677.8440**

40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St, #445 SAN FRANCISCO (OPPOSITE INDIA VISA CENTER)

**Serving Around the World Community Since 1994**
We Specialize to Asia, Europe, Middle East, Africa, Australia & etc.

Special fares to :
**SFO TO DEL**
**LAX TO DEL**





Special fares to
**Amritsar & Delhi**

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com
**Or Call (818) 762-9236**
15549 Devonshire St., Ste. 206 Mission Hills, CA 91345

## ਗਦਰੀ ਬਾਬਿਆਂ ਦੇ ਮਹਾਨ ਇਤਿਹਾਸਕ ਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

**1930 South Sikh Temple Street, Stockton CA 95206 (A Historical Land Mark of CA)**



## ਖ਼ਾਲਸਾ ਪੰਥ ਦੇ 320ਵੇਂ ਸਾਜਨਾ ਦਿਵਸ ਮੌਕੇ

# 20ਵੇਂ ਮਹਾਨ ਨਗਰ ਕੀਰਤਨ

## ਦੀਆਂ ਸੰਗਤਾਂ ਨੂੰ ਲੱਖ ਲੱਖ ਵਧਾਈਆਂ

ਗੁਰੂ ਪਿਆਰੀ ਸਾਧ ਸੰਗਤ ਜੀਓ ! ਸਨਿਮਰ ਬੇਨਤੀ ਹੈ ਕਿ 15 ਅਪ੍ਰੈਲ 2018 ਦਿਨ ਐਤਵਾਰ ਨੂੰ ਗਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰੂ ਘਰ ਸਟਾਕਟਨ ਦੀਆਂ ਸਮੂਹ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ ਖ਼ਾਲਸੇ ਦਾ 320ਵਾਂ ਸਾਜਨਾ ਦਿਵਸ 'ਵਿਸਾਖੀ' ਪੁਰਬ ਮਨਾਇਆ ਜਾਵੇਗਾ। ਐਤਵਾਰ 12:00 ਵਜੇ ਦੁਪਹਿਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਆਰੰਭ ਹੋਵੇਗਾ ਅਤੇ 4 ਘੰਟੇ ਦੀ ਨਗਰ ਯਾਤਰਾ ਪਿਛੋਂ ਵਾਪਿਸ ਗੁਰੂ ਘਰ ਪਰਤੇਗਾ। ਸਮੂਹ ਇਲਾਕਾ ਨਿਵਾਸੀ ਅਤੇ ਦੇਸ-ਪ੍ਰਦੇਸ ਦੀਆਂ ਸੰਗਤਾਂ, ਧਾਰਮਿਕ ਸੰਸਥਾਵਾਂ ਅਤੇ ਸਮੂਹ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸ਼ਾਨਦਾਰ ਅਤੇ ਮਹਾਨ ਅਵਸਰ 'ਤੇ ਫਲੋਟਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਓ ਅਤੇ ਕਲਗੀਧਰ ਪਾਤਸ਼ਾਹ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

### ਪ੍ਰੋਗਰਾਮ

- ਅਖੰਡ ਪਾਠ ਸਾਹਿਬ ਦੀ ਲੜੀ ਆਰੰਭ ਹੋ ਚੁੱਕੀ ਹੈ। ਇਸ ਦੀ ਸੇਵਾ ਜਾਂ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ: 209-625-7500 ਜਾਂ ਹੈੱਡ ਗ੍ਰੰਥੀ ਭਾਈ ਗੁਰਸੇਵਕ ਸਿੰਘ ਨੰ: 408-389-9640, 209-564-8899 'ਤੇ ਸੰਪਰਕ ਕਰ ਸਕਦੇ ਹੋ।
- ਖ਼ਾਲਸਾ ਸਾਜਨਾ ਦਿਵਸ ਦੇ ਸਬੰਧ ਵਿੱਚ ਗੁਰਦੁਆਰਾ ਸਾਹਿਬ ਵਿਖੇ 1 ਅਪ੍ਰੈਲ ਤੋਂ 15 ਅਪ੍ਰੈਲ 2018 ਤੱਕ ਰੋਜ਼ਾਨਾ ਸ਼ਾਮ 5:30 ਵਜੇ ਤੋਂ ਰਾਤ ਤੱਕ ਕੀਰਤਨ ਦਰਬਾਰ ਹੋਇਆ ਕਰੇਗਾ।
- ਕਵਿਸ਼ਰੀ ਜਥਾ ਭਾਈ ਮਹਿਲ ਸਿੰਘ ਜੀ, ਕਥਾਵਾਚਕ ਭਾਈ ਪਰਮਜੀਤ ਸਿੰਘ ਜੀ ਖ਼ਾਲਸਾ, ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥਾ ਭਾਈ ਕਰਨੈਲ ਸਿੰਘ ਜੀ ਰਣੀਕੇ ਅਤੇ ਕੀਰਤਨੀ ਜਥਾ ਭਾਈ ਜਗਮੋਹਣ ਸਿੰਘ ਜੀ ਹਜ਼ੂਰੀ ਰਾਗੀ ਜਥਾ ਗੁਰਦੁਆਰਾ ਸਾਹਿਬ ਸਟਾਕਟਨ ਹਾਜ਼ਰੀਆਂ ਭਰਨਗੇ।
- 15 ਅਪ੍ਰੈਲ ਨੂੰ ਨਗਰ ਕੀਰਤਨ ਵਾਲੇ ਦਿਨ ਸੰਗਤਾਂ ਦੀਆਂ ਗੱਡੀਆਂ ਦੀ ਪਾਰਕਿੰਗ ਦਾ ਪ੍ਰਬੰਧ Exit I-5 at Charter Way to Fairgrounds 1658 S. Airport way Stockton CA ਵਿਖੇ ਕੀਤਾ ਗਿਆ ਹੈ। ਉਥੋਂ ਸੰਗਤਾਂ ਦੇ ਗੁਰਦੁਆਰਾ ਸਾਹਿਬ ਪਹੁੰਚਣ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।
- ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ 14 ਅਪ੍ਰੈਲ ਦਿਨ ਸ਼ਨੀਵਾਰ ਨੂੰ ਸਵੇਰੇ 9:00 ਵਜੇ ਕੀਤੀ ਜਾਵੇਗੀ।

ਹੋਰ ਜਾਣਕਾਰੀ ਲਈ ਜਨਰਲ ਸੈਕਟਰੀ ਭਾਈ ਦਵਿੰਦਰ ਸਿੰਘ ਜੀ 209-564-8899 ਅਤੇ ਇਸ਼ਤਿਹਾਰ ਅਤੇ ਸਪਾਂਸਰਸ਼ਿਪ ਲਈ ਅਮਰਦੀਪ ਸਿੰਘ ਸਭਰਵਾਲ 209-518-1585 'ਤੇ ਸੰਪਰਕ ਕਰੋ।



ਭਾਈ ਪਰਮਜੀਤ ਸਿੰਘ



ਗੁਰੂਘਰ ਸਟਾਕਟਨ ਦਾ ਹਜ਼ੂਰੀ ਰਾਗੀ ਜਥਾ



ਕਵੀਸ਼ਰੀ ਭਾਈ ਮਹਿਲ ਸਿੰਘ ਅਤੇ ਸਾਥੀ



ਭਾਈ ਕਰਨੈਲ ਸਿੰਘ ਰਣੀਕੇ

### ਨਗਰ ਕੀਰਤਨ 'ਚ ਸਟਾਲ ਲਗਾਉਣ ਲਈ ਸੰਪਰਕ ਕਰੋ

ਬੀਬੀ ਸਰਬਜੀਤ ਕੌਰ : 209-430-9415
ਭਾਈ ਰਾਮ ਸਿੰਘ ਮੰਡੇਰ : 209-689-7454
ਭਾਈ ਜਸਵਿੰਦਰ ਸਿੰਘ ਤੂਰ : 209-470-6881

### ਨਗਰ ਕੀਰਤਨ 'ਚ ਫਲੋਟ ਲਗਾਉਣ ਲਈ ਸੰਪਰਕ ਕਰੋ

ਭਾਈ ਬਲਵਿੰਦਰ ਸਿੰਘ ਮਿੱਠੂ : 209-456-3210
ਭਾਈ ਪ੍ਰਮਪ੍ਰੀਤ ਸਿੰਘ ਨਿੱਝਰ : 510-377-5320
ਭਾਈ ਮਨਜੀਤ ਸਿੰਘ ਮੁਕੇਰੀਆਂ : 209-992-1122

**Free Parking is avialable at Fairgrounds 1658 S. Airport way. Stockton. Free Bus Shuttle service will be available to and from Fairground Parking to Gurdwara Sahib. Please do not park at No parking or vehicle will be towed at owners expense.**

ਅੰਮ੍ਰਿਤ ਸੰਚਾਰ: 14 ਅਪ੍ਰੈਲ 2018 ਦਿਨ ਸ਼ਨਿੱਚਰਵਾਰ ਗੁਰਦੁਆਰਾ ਸਾਹਿਬ ਸਟਾਕਟਨ

**Dastar Diwas will be on 14th April 2018**

## ਜਾਰੀ ਕਰਤਾ : ਗੁਰਦੁਆਰਾ ਸਾਹਿਬ ਸਟਾਕਟਨ ਅਤੇ ਸਾਧ ਸੰਗਤ

President Bhai Jaswinder Singh Goraya 209-993-1788
Vice Presideent Bhai Paul Singh 209-470-6943
Secretary Bhai Davinder Singh 209-564-8899
Assistant Secretary Bhai Lakhvir Singh 209-915-8156
Treasurer Bhai Harmohinder Singh 408-449-9261
Assistant Treasurer Bhai Mohan Singh 209-570-6022

Sponsored by:

**WHITE HAWK TRUCKING INC** 2101 MARTIN LUTHER KING JR WAY STOCKTON, CA 95205

**Phone: (209) 242-9569, (209) 564-8899, (209) 345-6968**



Raja Sweets & Catering
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

Raja Sweets & Catering Presents
PARADISE BALLROOMS
banquet hall & event center



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# Paradise Ballrooms

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.

NOW OPEN IN MODESTO/CERES



G.S. Pannu
Immigration Consultant-LDA

# PANNU'S
LEGAL SERVICES (Regd. & Bonded)
**510.677.5200**

IMMIGRATION ivisapass@gmail.com

- Family Petitions (Husband, Wife, Brother, Sister, Mother, Father, Son, Daughter)
- Green Card
- Citizenship
- Affidavit of Support
- Political Asylum
- Visas From India
  - Tourist • Business • H1B
  - Student • Relegious
  - ... & related matters

Family Petitions **FREE**

DIVORCE
- Petitions
- Child Support
- Child Visitation
- Child Custody
- Modification

...& related matters

RADIO GAL PUNJAB DI USA
LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
Download on the App Store | ANDROID APP ON Google Play
Live on Facebook | Video on YouTube
www.radiogalpunjabdiusa.com

POWER OF ATTORNEY CREDIT REPAIR/CLEAR
SMALL CLAIM COURT CASES ...& help in legal documents preparation

FREMONT
40757 GRIMMER BLVD, CA 94538

MODESTO/CERES
3810 EAU CLAIRE AVE, CA 95307

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

# ਸੰਗਤ ਨੂੰ ਅਪੀਲ

## ਸਿੱਖ ਰਿਲੀਜੀਅਸ ਸੋਸਾਇਟੀ ਸ਼ਿਕਾਗੋ, ਪੈਲਾਟਾਈਨ ਗੁਰਦੁਆਰਾ ਸਾਹਿਬ ਦੇ ਪ੍ਰਬੰਧਕੀ ਬੋਰਡ ਦੀਆਂ 1 ਅਪ੍ਰੈਲ, 2018 ਨੂੰ ਹੋਣ ਵਾਲੀਆਂ ਚੋਣਾਂ ਵਿਚ ਤੁਹਾਡੇ ਵੋਟ ਅਤੇ ਸਹਿਯੋਗ ਦੀ ਮੰਗ ਕਰਦੇ ਹਾਂ ਤਾਂ ਜੋ ਹੇਠ ਲਿਖੇ ਕਾਰਜਾਂ ਅਤੇ ਲੋੜੀਂਦੇ ਸੁਧਾਰਾਂ ਨੂੰ ਨੇਪਰੇ ਚਾੜ੍ਹਿਆ ਜਾ ਸਕੇ

**We seek your vote and support on April 1st, 2018 to serve on the board of Sikh Religious Society Chicago, Palatine Gurdwara Sahib to achieve below mentioned goals and to execute much needed reforms.**

- ਵਿਸ਼ਵ ਪ੍ਰਸਿੱਧ ਰਾਗੀ, ਢਾਡੀ ਜਥੇ ਅਤੇ ਕਥਾਵਾਚਕ ਬੁਲਾਉਣੇ
  Invite renowned Raagi/Dhaadhi Jathas & Kathavaachaks
- ਬੱਚਿਆਂ ਅਤੇ ਨੌਜਵਾਨਾਂ ਨੂੰ ਸਿੱਖ ਵਿਰਸੇ ਨਾਲ ਜੋੜਨਾ
  Connect our kids and youth with Sikh values
- ਲੋੜਵੰਦਾਂ ਦੀ ਸੇਵਾ ਲਈ ਮੈਡੀਕਲ ਕਲੀਨਿਕ ਦਾ ਵਿਸਥਾਰ
  Expansion of medical clinic to serve the needy
- ਮੈਂਬਰਸ਼ਿਪ ਨੂੰ ਕਿਵੇਂ ਆਸਾਨ ਬਣਾਉਣਾ
  Easier Membership Renewal
- ਲਾਇਬਰੇਰੀ 'ਚ ਵਿਦਿਅਕ ਅਤੇ ਅਧਿਆਤਮਕ ਗਿਆਨ ਨੂੰ ਪ੍ਰਫੁੱਲਤ ਕਰਨ ਲਈ ਪ੍ਰੋਗਰਾਮ ਉਲੀਕਣੇ
  Enhance library programs to promote learning & spiritual knowledge
- ਬਜ਼ੁਰਗਾਂ ਦੇ ਸਤਿਕਾਰ ਤੇ ਤਾਲਮੇਲ ਲਈ ਪ੍ਰੋਗਰਾਮ ਬਣਾਉਣੇ
  Programs for Respect and Strong Relationship with Seniors
- ਸ੍ਰੀ ਗੁਰੂ ਗ੍ਰੰਥ ਸਾਹਿਬ ਬਿਰਧ ਸਰੂਪ ਸੇਵਾ ਕੇਂਦਰ ਸਥਾਪਤ ਕਰਨਾ
  Establish Shri Guru Granth Sahib Birdh Saroop Sewa Center
- ਬੋਰਡ ਦੇ ਕੰਮਕਾਜ ਵਿਚ ਪੂਰਨ ਪਾਰਦਰਸ਼ਿਤਾ ਲਿਆਉਣਾ
  Bring total Transparency in Board Work

### ਚੋਣ ਲੜ ਰਹੇ ਉਮੀਦਵਾਰ



ਗੁਰਪ੍ਰੀਤ ਸਿੰਘ #10
847-845-2025



ਕੰਵਰ ਹਰਿੰਦਰ ਸਿੰਘ #12
847-571-8193



ਸ਼ਿਵਇੰਦਰਜੀਤ (ਦਾਰਾ) ਸਿੰਘ #15
630-670-2819

**ਦਾਸਰਿਆਂ ਨੂੰ ਆਪਣਾ ਕੀਮਤੀ ਵੋਟ ਦੇ ਕੇ ਸੇਵਾ ਦਾ ਮੌਕਾ ਦਿਓ ਜੀ**



ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327. 70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300




ਉੱਘੇ ਸਿੱਖ ਵਿਦਵਾਨ ਭਾਈ ਅਜਮੇਰ ਸਿੰਘ ਦੀਆਂ ਬੇਹੱਦ ਪੜ੍ਹਣ ਯੋਗ ਪੁਸਤਕਾਂ
ਹੁਣ ਅਮਰੀਕਾ ਵਿੱਚ ਘਰ ਬੈਠੇ ਪ੍ਰਾਪਤ ਕਰ ਸਕਦੇ ਹੋ:
ਵੀਹਵੀਂ ਸਦੀ ਦੀ ਸਿੱਖ ਰਾਜਨੀਤੀ
ਕਿਸ ਬਿਧ ਰੁਲੀ ਪਾਤਸ਼ਾਹੀ
1984 ਅਣਚਿਤਵਿਆ ਕਹਿਰ
ਸਿੱਖਾਂ ਦੀ ਸਿਧਾਂਤਕ ਘੇਰਾਬੰਦੀ
ਸ਼ਹੀਦ ਕਰਤਾਰ ਸਿੰਘ ਸਰਾਭਾ
ਗਦਰੀ ਬਾਬੇ ਕੌਣ ਸਨ?
ਅਜਮੇਰ ਸਿੰਘ
ਕੀਮਤ ਇੱਕ ਪੁਸਤਕ : 20 ਡਾਲਰ (ਡਾਕ ਖਰਚੇ ਸਮੇਤ)
ਸਾਰੀਆਂ ਪੁਸਤਕਾਂ ਦਾ ਸੈੱਟ : 100 ਡਾਲਰ (ਡਾਕ ਖਰਚੇ ਸਮੇਤ)
ਹੋਰ ਜਾਣਕਾਰੀ ਸੰਪਰਕ ਕਰੋ :
ਤਜਿੰਦਰ ਸਿੰਘ 916-529-7877
ਜਸਜੀਤ ਸਿੰਘ ਫੋਨ :510 875 3279




ਜ਼ਿੰਦਗੀ ਨੂੰ ਸੁਹਾਵਣੀ ਬਣਾਓ
'ਦ ਕੰਪਨੀ ਯੂ ਕੀਪ'
ਦੇ ਨਾਲ !
NEW YORK LIFE
www.newyorklife.com
1845 ਤੋਂ ਅਸੀਂ ਲੋਕਾਂ ਨੂੰ ਉਨ੍ਹਾਂ ਦੇ ਔਖੇ ਸਮਿਆਂ 'ਚ ਮਨ ਦੀ ਸ਼ਾਂਤੀ ਲਿਆਉਣ ਦੇ ਸਮਰੱਥ ਰਹੇ ਹਾਂ। ਅਸੀਂ ਏਸ਼ੀਆ-ਭਾਰਤੀ ਕੌਮ ਦੀ ਸੇਵਾ ਕਰਦੇ ਮਾਣ ਮਹਿਸੂਸ ਕਰਦੇ ਹਾਂ ਅਤੇ ਜ਼ਿੰਦਗੀ ਦੇ ਹਰ ਪਹਿਲੂ 'ਤੇ ਤੁਹਾਡਾ ਸਾਥ ਨਿਭਾਉਣ ਦਾ ਵਾਅਦਾ ਕਰਦੇ ਹਾਂ।
COVERED CALIFORNIA
Open Enrollment for Healthcare Starts November 1,2017 to January 31,2018.
ਸਿਮਰਨ ਕੌਰ ਅਟਵਾਲ
ਏਜੰਟ
ਲਾਇਸੰਸ # OE17073
ਨਿਊ ਯਾਰਕ ਇੰਸ਼ੋਰੈਂਸ ਕੰਪਨੀ
3255 ਵੈਸਟ ਮਾਰਚ ਲੇਨ, # 300 ਸਟਾਕਟਨ, ਕੈਲੀਫੋਰਨੀਆ 95219
ਫੋਨ : 209-955-2418, 209-993-7978
skatwal@ft.newyorklife.com
ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਹੁਣੇ ਆਪਣੇ ਸਥਾਨਕ ਏਜੰਟ ਨਾਲ ਸੰਪਰਕ ਕਰੋ !!




Website Design & Development
➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਾਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com


jus
punjabi HD
IS CELEBRATING IT'S
11th
ANNIVERSARY
Subscribe to the JUS Pack Today!
subscribe now
JUS Pack
has it all!
jus punjabi
JUS one
jus 24x7
9x TASHAN
4 channels for only $14.99 on dish | sling
Call 1-888-246-6242 to Subscribe
For advertisement & more information call: +1-718-752-9290
www.jusbroadcasting.com




PER GALLON ON DIESEL






FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

FACTORING

Fleet One introduces aggressive factoring program for Trans-Alliance members. We can beat any price to get your piece of business.

ਪੰਜਾਬੀ ਵਿਚ ਜਾਣਕਾਰੀ ਲਈ 1.855.641.6955

888.795.7035
sales@trans-alliance.com
www.trans-alliance.com

PETRO Stopping Centers
TA TravelCenters of America
Love's Travel Stops & Country Stores

# ਪੰਜਾਬ ਦੇ ਨਵੇਂ ਬੱਜਟ 'ਚ 12539 ਕਰੋੜ ਰੁਪਏ ਦਾ ਘਾਟਾ

- ਕੈਪਟਨ ਸਰਕਾਰ ਵਲੋਂ ਪੇਸ਼ੇਵਰਾਂ ਤੇ ਆਮਦਨ ਕਰਦਾਤਿਆਂ
- ਉੱਤੇ ਦੋ ਸੌ ਰੁਪਏ ਮਹੀਨਾ ਵਿਕਾਸ ਟੈਕਸ ਲਾਉਣ ਦਾ ਫੈਸਲਾ
- ਵਿੱਤ ਮੰਤਰੀ ਮਨਪ੍ਰੀਤ ਬਾਦਲ ਵਲੋਂ ਆਰਥਿਕਤਾ ਲੀਹ ਉੱਤੇ ਲਿਆਉਣ ਦੇ ਦਾਅਵੇ



**ਚੰਡੀਗੜ੍ਹ/ਬਿਊਰੋ ਨਿਊਜ਼:**
ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਵਿਧਾਨ ਸਭਾ ਵਿੱਚ ਕਾਂਗਰਸ ਸਰਕਾਰ ਦੇ ਪੇਸ਼ ਕੀਤੇ ਦੂਜੇ ਬਜਟ ਵਿੱਚ ਸੂਬੇ ਦੀ ਆਰਥਿਕਤਾ ਨੂੰ ਲੀਹ 'ਤੇ ਲਿਆਉਣ ਦੇ ਦਾਅਵੇ ਤਾਂ ਕੀਤੇ ਹਨ ਪਰ ਬਜਟ ਠੋਸ ਪਹਿਲਕਦਮੀਆਂ ਤੋਂ ਸੱਖਣਾ ਹੀ ਦਿਖਾਈ ਦੇ ਰਿਹਾ ਹੈ। ਵਿੱਤ ਮੰਤਰੀ ਨੇ 12539 ਕਰੋੜ ਰੁਪਏ ਦੇ ਘਾਟੇ ਵਾਲਾ ਬਜਟ ਪੇਸ਼ ਕੀਤਾ ਹੈ। ਪੰਜਾਬ ਦੇ ਬਜਟ ਵਿੱਚ ਪੇਸ਼ੇਵਰ ਤੇ ਨੌਕਰੀਪੇਸ਼ਾ ਵਿਅਕਤੀਆਂ ਉੱਤੇ 200 ਰੁਪਏ ਪ੍ਰਤੀ ਮਹੀਨਾ 'ਵਿਕਾਸ' ਟੈਕਸ' ਲਾ ਦਿੱਤਾ ਹੈ। ਸਰਕਾਰ ਨੂੰ ਇਸ ਨਵੇਂ ਕਰ ਤੋਂ ਸਾਲਾਨਾ 150 ਕਰੋੜ ਰੁਪਏ ਮਾਲੀਆ ਆਉਣ ਦੀ ਉਮੀਦ ਹੈ ਜਦੋਂ ਕਿ ਵਿੱਤ ਮੰਤਰੀ ਨੇ ਆਗਾਮੀ ਵਿੱਤੀ ਵਰ੍ਹੇ ਦੌਰਾਨ 1500 ਕਰੋੜ ਰੁਪਏ ਦਾ ਵਾਧੂ ਮਾਲੀਆ ਜੁਟਾਉਣ ਦਾ ਟੀਚਾ ਮਿੱਥਿਆ ਹੈ। ਸਰਕਾਰ ਵੱਲੋਂ ਆਗਾਮੀ ਵਿੱਤੀ ਵਰ੍ਹੇ ਦੌਰਾਨ ਖਰਚਿਆਂ ਅਤੇ ਆਮਦਨ ਦਾ ਪਾੜਾ ਪੂਰਨ ਲਈ 15545 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਜਾਣਾ ਹੈ ਤੇ ਕਰਜ਼ਾ ਚੁੱਕ ਕੇ ਵੀ ਮਾਲੀ ਘਾਟੇ ਦਾ ਖੱਪਾ ਪੂਰਿਆ ਨਹੀਂ ਜਾ ਰਿਹਾ। ਮਨਪ੍ਰੀਤ ਬਾਦਲ ਨੇ ਭਾਵੇਂ ਰਾਜ ਦੇ ਕੁੱਲ ਘਰੇਲੂ ਉਤਪਾਦਨ ਵਿੱਚ ਵਾਧਾ ਪੇਸ਼ ਕਰਦਿਆਂ ਆਰਥਿਕਤਾ ਨੂੰ ਪਟੜੀ 'ਤੇ ਲਿਆਉਣ ਦੀ ਗੱਲ ਤਾਂ ਕਹੀ ਪਰ ਸਰਕਾਰ ਸਿਰ 31 ਮਾਰਚ 2019 ਤੱਕ ਕਰਜ਼ੇ ਦੀ ਪੰਡ ਦਾ ਭਾਰ 2 ਲੱਖ 11 ਹਜ਼ਾਰ 523 ਕਰੋੜ ਰੁਪਏ ਹੋਣਾ ਸੂਬੇ ਦੀ ਆਰਥਿਕਤਾ ਲਈ ਮਾਰੂ ਸੰਕੇਤ ਵੀ ਮੰਨਿਆ ਜਾ ਰਿਹਾ ਹੈ।

ਆਗਾਮੀ ਵਿਤੀ ਵਰ੍ਹੇ ਦੌਰਾਨ ਵੀ ਤਨਖਾਹਾਂ, ਪੈਨਸ਼ਨਾਂ, ਵਿਆਜ, ਕਰਜ਼ੇ ਦੀਆਂ ਕਿਸ਼ਤਾਂ ਅਤੇ ਸਬਸਿਡੀਆਂ ਉੱਤੇ ਕੁੱਲ ਆਮਦਨ ਦਾ 88 ਫੀਸਦੀ ਖ਼ਰਚ ਹੋਣ ਦਾ ਅਨੁਮਾਨ ਹੈ। ਇਨ੍ਹਾਂ ਤੱਥਾਂ ਤੋਂ ਵਿੱਤੀ ਹਾਲਤ ਸਪੱਸ਼ਟ ਹੋ ਜਾਂਦੀ ਹੈ। ਵਿੱਤ ਮੰਤਰੀ ਨੇ ਕੈਪਟਨ ਸਰਕਾਰ ਦੀ ਕਰਜ਼ਾ ਮੁਆਫ਼ੀ ਸਕੀਮ ਨੂੰ ਜਾਰੀ ਰੱਖਣ ਦਾ ਸੰਕੇਤ ਦਿੰਦਿਆਂ 4250 ਕਰੋੜ ਰੁਪਏ ਦਾ ਬਜਟ ਇਸ ਕਾਰਜ ਲਈ ਰੱਖਿਆ ਹੈ। ਖੇਤੀ ਖੇਤਰ, ਗਰੀਬਾਂ ਅਤੇ ਉਦਯੋਗਾਂ ਨੂੰ ਬਿਜਲੀ ਸਬਸਿਡੀ ਦੇਣ ਲਈ ਬਜਟ ਵਿੱਚ 12950 ਕਰੋੜ ਰੁਪਏ ਦੇਣ ਦੀ ਵਿਵਸਥਾ ਕੀਤੀ ਗਈ ਹੈ। ਖੇਤੀ ਖੇਤਰ ਲਈ ਕੁੱਲ ਬਜਟ 14737 ਕਰੋੜ ਰੁਪਏ ਰੱਖਿਆ ਗਿਆ ਹੈ। ਵਿਭਾਗਾਂ ਨੂੰ ਦਿੱਤੇ ਗਏ ਬਜਟ 'ਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਸਿੱਖਿਆ ਖੇਤਰ ਲਈ 11357 ਕਰੋੜ ਰੁਪਏ, ਸਹਿਕਾਰਤਾ ਲਈ 426 ਕਰੋੜ ਰੁਪਏ, ਸਿਹਤ ਤੇ ਪਰਿਵਾਰ ਭਲਾਈ ਲਈ 4015 ਕਰੋੜ ਰੁਪਏ ਦੀ ਵਿਵਸਥਾ ਹੈ। ਉਦਯੋਗਾਂ ਲਈ 1676 ਕਰੋੜ ਰੁਪਏ, ਸਿੰਜਾਈ ਤੇ ਬਿਜਲੀ ਲਈ 5121 ਕਰੋੜ ਰੁਪਏ, ਲੋਕ ਨਿਰਮਾਣ ਤੇ ਜਲ ਸਪਲਾਈ ਸੈਨੀਟੇਸ਼ਨ ਲਈ 3137 ਕਰੋੜ ਰੁਪਏ, ਪੰਚਾਇਤ ਵਿਭਾਗ ਲਈ 3020 ਕਰੋੜ ਰੁਪਏ, ਸਮਾਜਿਕ ਸੁਰੱਖਿਆ ਤੇ ਭਲਾਈ ਸਕੀਮਾਂ ਲਈ 3806 ਕਰੋੜ ਰੁਪਏ, ਸੈਰ ਸਪਾਟਾ ਵਿਭਾਗ ਲਈ 424 ਕਰੋੜ ਰੁਪਏ, ਗ੍ਰਹਿ ਵਿਭਾਗ, ਪੁਲੀਸ ਆਦਿ ਲਈ ਲਈ 7066 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਵਿੱਤ ਮੰਤਰੀ ਨੇ ਹਰ ਬਲਾਕ ਵਿੱਚ ਇੱਕ ਸਰਕਾਰੀ ਸਕੂਲ ਨੂੰ ਅਧੁਨਿਕ ਸਹੂਲਤਾਂ ਦੇ ਕੇ ਸਮਾਰਟ ਸਕੂਲ ਬਨਾਉਣ ਦਾ ਐਲਾਨ ਕੀਤਾ ਹੈ। ਵਿੱਤ ਮੰਤਰੀ ਨੇ ਸਥਾਨਕ ਸਰਕਾਰਾਂ ਵਿਭਾਗ ਅਧੀਨ ਸਮਾਰਟ ਸਿਟੀ ਪ੍ਰਾਜੈਕਟ ਤਹਿਤ 500 ਕਰੋੜ ਰੁਪਏ, ਅਮਰੁਤ ਯੋਜਨਾ ਤਹਿਤ 500 ਕਰੋੜ ਰੁਪਏ ਰੱਖੇ ਹਨ। ਇਸੇ ਤਰ੍ਹਾਂ 122 ਸ਼ਹਿਰਾਂ ਵਿੱਚ ਜਲ ਸਪਲਾਈ ਅਤੇ ਸੀਵਰੇਜ ਦੀ ਸਮੱਸਿਆ ਲਈ ਹੁਡਕੋ ਤੋਂ 1540 ਕਰੋੜ ਰੁਪਏ ਦੀ ਮਦਦ ਲੈਣ ਦਾ ਐਲਾਨ ਵੀ ਕੀਤਾ ਹੈ।

ਮਨਪ੍ਰੀਤ ਸਿੰਘ ਬਾਦਲ ਨੇ ਦੱਸਿਆ ਕਿ ਗੁਰਦਾਸਪੁਰ, ਰਾਮਪੁਰਾ ਫੂਲ, ਗਿੱਦੜਬਾਹਾ, ਮੋਰਿੰਡਾ ਅਤੇ ਸੁਜਾਨਪੁਰ ਵਿਖੇ ਰੇਲ ਅੰਡਰ

**ਬਾਕੀ ਸਫ਼ਾ 30 'ਤੇ**

## 73812 ਕਰੋੜ ਰੁਪਏ ਕਿੱਥੋਂ ਜੁਟਾਏ ਜਾਣਗੇ

ਰਾਜ ਸਰਕਾਰ ਦੀ ਆਪਣੇ ਸਰੋਤਾਂ ਤੋਂ ਆਮਦਨ 41064.31 ਕਰੋੜ ਰੁਪਏ ਹੋਵੇਗੀ।(ਇਸ ਵਿੱਚ ਜੀਐਸਟੀ 21440 ਕਰੋੜ ਰੁਪਏ, ਵੈਟ 6333 ਕਰੋੜ ਰੁਪਏ, ਸ਼ਰਾਬ ਤੋਂ 6000 ਕਰੋੜ ਰੁਪਏ, ਅਸ਼ਟਾਮ ਤੇ ਰਜਿਸਟਰੀਆਂ ਤੋਂ 2500 ਕਰੋੜ ਰੁਪਏ, ਵਾਹਨਾਂ ਉੱਤੇ ਕਰ 2140 ਕਰੋੜ, ਬਿਜਲੀ 'ਤੇ ਕਰ 2500 ਕਰੋੜ ਰੁਪਏ, ਹੋਰ 150 ਕਰੋੜ ਰੁਪਏ) ਇਸੇ ਤਰ੍ਹਾਂ ਗੈਰ ਕਰਾਂ ਵਿੱਚ ਫੁਟਕਲ ਪ੍ਰਾਪਤੀਆਂ 6831 ਕਰੋੜ ਰੁਪਏ, ਪੰਜਾਬ ਰੋਡਵੇਜ਼ 258.81 ਕਰੋੜ ਰੁਪਏ, ਸ਼ਹਿਰੀ ਵਿਕਾਸ 116.03 ਕਰੋੜ ਰੁਪਏ, ਹੋਰ 3042 ਕਰੋੜ ਜੋ ਕਿ ਕੁੱਲ 10248 ਕਰੋੜ ਰੁਪਏ ਬਣਦਾ ਹੈ। ਕੇਂਦਰੀ ਕਰਾਂ ਤੋਂ ਹਿੱਸਾ 12428 ਕਰੋੜ ਰੁਪਏ, ਕੇਂਦਰ ਤੋਂ ਗਰਾਂਟਾਂ 8570 ਕਰੋੜ ਰੁਪਏ, ਵਾਧੂ ਵਸੀਲੇ 1500 ਕਰੋੜ ਰੁਪਏ ਜੁਟਾਏ ਜਾਣਗੇ। ਇਹ ਕੁੱਲ ਆਮਦਨ 73812 ਕਰੋੜ ਰੁਪਏ ਬਣਦੀ ਹੈ।

## 86351 ਕਰੋੜ ਰੁਪਏ ਕਿੱਥੇ ਖ਼ਰਚੇ ਜਾਣਗੇ..

ਤਨਖਾਹਾਂ ਦਾ ਭੁਗਤਾਨ 25708.54 ਕਰੋੜ ਰੁਪਏ, ਪੈਨਸ਼ਨਾਂ ਦਾ ਭੁਗਤਾਨ 10304.50 ਕਰੋੜ ਰੁਪਏ, ਵਿਆਜ਼ ਅਦਾਇਗੀਆਂ 16260.09 ਕਰੋੜ ਰੁਪਏ, ਬਿਜਲੀ ਸਬਸਿਡੀ 12950 ਕਰੋੜ ਰੁਪਏ, ਪੇਂਡੂ ਤੇ ਸ਼ਹਿਰੀ ਸੰਸਥਾਵਾਂ ਨੂੰ ਸਪੁਰਦਗੀ 4268.67 ਕਰੋੜ ਰੁਪਏ ਅਤੇ ਹੋਰ ਫੁਟਕਲ ਤੇ ਮਾਲੀ ਖ਼ਰਚ 16859.47 ਕਰੋੜ ਰੁਪਏ ਸ਼ਾਮਲ ਹੈ। ਇਸ ਤਰ੍ਹਾਂ ਨਾਲ ਆਮਦਨ ਨਾਲੋਂ ਖ਼ਰਚ ਵਧਣ ਕਰਕੇ 12539 ਕਰੋੜ ਰੁਪਏ ਦੇ ਘਾਟੇ ਵਾਲਾ ਬਜਟ ਹੈ। ਸਰਕਾਰ ਵੱਲੋਂ ਡੰਗ ਟਪਾਉਣ ਲਈ 15545 ਕਰੋੜ ਰੁਪਏ ਦਾ ਕਰਜ਼ਾ ਵੀ ਲਿਆ ਜਾਣਾ ਹੈ। ਇਹ ਕਰਜ਼ਾ ਵੀ ਨਿੱਤ ਦਿਨ ਦੇ ਖ਼ਰਚੇ ਹੀ ਪੂਰੇ ਕਰ ਸਕੇਗਾ।

## ਝਲਕੀਆਂ

ਮਨਪ੍ਰੀਤ ਸਿੰਘ ਬਾਦਲ ਨੇ ਆਪਣੇ ਸੁਭਾਅ ਮੁਤਾਬਕ ਬਜਟ ਵਿੱਚ ਉਰਦੂ ਅਤੇ ਫਾਰਸੀ ਦੇ ਸ਼ਬਦਾਂ ਦੀ ਵਰਤੋਂ ਕੀਤੀ।

ਵਿੱਤ ਮੰਤਰੀ ਦੇ ਪਰਿਵਾਰ ਦਾ ਕੋਈ ਮੈਂਬਰ ਤਾਂ ਨਹੀਂ ਆਇਆ ਪਰ ਤਾਏ ਦਾ ਪੁੱਤਰ (ਸੁਖਬੀਰ ਬਾਦਲ) ਸਦਨ ਵਿਚਕਾਰ ਨਾਅਰੇ ਮਾਰ ਰਿਹਾ ਸੀ। ਬਜਟ ਤਕਰੀਰ 70 ਕੁ ਮਿੰਟਾਂ ਵਿੱਚ ਖ਼ਤਮ ਹੋਈ। ਬਜਟ ਭਾਸ਼ਨ ਦਾ ਅੰਤ ਇਕ ਸ਼ੇਅਰ ਨਾਲ ਕਰਦਿਆਂ ਮਨਪ੍ਰੀਤ ਨੇ ਫਰਮਾਇਆ 'ਨਹੀਂ ਹੈ ਨਾ-ਉਮੀਦ ਇਕਬਾਲ ਆਪਣੀ ਕਿਸ਼ਤ-ਏ-ਵੀਰਾਂ ਸੇ, ਜ਼ਰਾ ਨਮ ਹੋ ਤੋ ਯੇਹ ਮਿੱਟੀ ਬਹੁਤ ਜ਼ਰਖੇਜ਼ ਹੈ ਸਾਕੀ।'

ਪ੍ਰੈੱਸ ਕਾਨਫਰੰਸ ਦੌਰਾਨ ਮਨਪ੍ਰੀਤ ਸਿੰਘ ਬਾਦਲ ਨੇ ਸੁਖਬੀਰ ਸਿੰਘ ਬਾਦਲ ਨੂੰ ਜਲਾਲਾਬਾਦ ਦਾ ਐਮਐਲਏ ਕਹਿ ਕੇ ਸੰਬੋਧਨ ਕੀਤਾ।

# ਕੈਪਟਨ ਕਹਿੰਦਾ: ਵਿਕਾਸਮੁਖੀ ਬੱਜਟ

**ਚੰਡੀਗੜ੍ਹ/ਬਿਊਰੋ ਨਿਊਜ਼:**
ਪੰਜਾਬ ਦੀਆਂ ਵਿਰੋਧੀਆਂ ਪਾਰਟੀਆਂ ਨੇ ਵਿੱਤ ਮੰਤਰੀ ਮਨਪ੍ਰੀਤ ਬਾਦਲ ਵਲੋਂ ਪੰਜਾਬ ਵਿਧਾਨ ਸਭਾ ਵਿਚ ਪੇਸ਼ ਕੀਤੇ ਬਜਟ ਨੂੰ ਲੋਕਾਂ ਨਾਲ ਧੋਖਾ ਦੱਸਿਆ ਹੈ, ਉਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਸਾਥੀ ਮੰਤਰੀਆਂ ਅਤੇ ਸਨਅਤਕਾਰਾਂ ਦੀਆਂ ਜਥੇਬੰਦੀਆਂ ਨੇ ਬਜਟ ਨੂੰ ਸਹੀ ਦਿਸ਼ਾ ਵਾਲਾ, ਵਿਕਾਸਮੁਖੀ ਤੇ ਸੰਤੁਲਤ ਦੱਸਿਆ ਹੈ ਪਰ ਆਰਥਿਕ ਮਾਹਿਰਾਂ ਦਾ ਕਹਿਣਾ ਹੈ ਕਿ ਸੂਬੇ ਦੀ ਵਿਗੜੀ ਹੋਈ ਵਿੱਤੀ ਹਾਲਤ ਦੇ ਮੱਦੇਨਜ਼ਰ ਮਾਲੀ ਹਾਲਤ ਸੁਧਾਰਨ ਲਈ ਹੋਰ ਕਦਮ ਚੁੱਕਣ ਦੀ ਲੋੜ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਬਜਟ ਵੱਖ-ਵੱਖ ਸੈਕਟਰਾਂ ਦੇ ਵਿਕਾਸ ਉੱਤੇ ਕੇਂਦਰਤ ਹੈ ਤੇ ਬਜਟ ਸੂਬੇ ਨੂੰ ਉੱਚ ਵਿਕਾਸ ਦੇ ਰਾਹ 'ਤੇ ਤੋਰੇਗਾ। ਬਜਟ ਸੂਬੇ ਨੂੰ ਵਿਕਾਸ ਅਤੇ ਖੁਸ਼ਹਾਲੀ ਦੇ ਰਾਹ 'ਤੇ ਲਿਆਵੇਗਾ। ਬਜਟ ਵਿਚ ਖੇਤੀਬਾੜੀ, ਉਦਯੋਗ, ਸਿਹਤ, ਸਿੱਖਿਆ, ਰੁਜ਼ਗਾਰ ਪੈਦਾ ਕਰਨ ਅਤੇ ਇਨ੍ਹਾਂ ਤੋਂ ਇਲਾਵਾ ਥੁੜ੍ਹਾਂ ਮਾਰੇ ਸਮਾਜ ਦੇ ਵੱਖ-ਵੱਖ ਵਰਗਾਂ ਦੀ ਭਲਾਈ ਵਰਗੇ ਸਾਰੇ ਖੇਤਰਾਂ 'ਤੇ ਬਣਦਾ ਧਿਆਨ ਦਿੱਤਾ ਗਿਆ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਹਰ ਵਿਭਾਗ ਨੂੰ ਲੋੜੀਂਦੇ ਫੰਡ ਮੁਹੱਈਆ ਕੀਤੇ ਗਏ ਹਨ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੂੰ ਇਸ ਬਜਟ ਵਿਚ 3020 ਕਰੋੜ ਰੁਪਏ ਦਿੱਤੇ ਗਏ ਹਨ ਜਦੋਂ ਕਿ ਪਿਛਲੇ ਸਾਲ ਇਹ ਰਾਸ਼ੀ 1605 ਕਰੋੜ ਰੁਪਏ ਸੀ। ਕਰਜ਼ੇ ਦੇ ਬੋਝ ਹੇਠ ਦੱਬੇ ਹੋਏ ਕਿਸਾਨਾਂ ਨੂੰ ਰਾਹਤ ਦੇਣ ਲਈ ਇਸ ਬਜਟ ਵਿਚ 4250 ਕਰੋੜ ਰੁਪਏ ਅਤੇ ਟਿਊਬਵੈੱਲਾਂ ਦੀ ਮੁਫ਼ਤ ਬਿਜਲੀ ਦੇਣ ਲਈ 6256 ਕਰੋੜ ਰੁਪਏ ਰੱਖੇ ਗਏ ਹਨ। ਸੀਨੀਅਰ ਕਿਸਾਨ ਆਗੂ ਭੁਪਿੰਦਰ ਸਾਂਬਰ ਨੇ ਕਿਹਾ ਕਿ ਰਾਜ

**ਬਾਕੀ ਸਫ਼ਾ 30 'ਤੇ**

## *ਕਾਰੋਬਾਰੀ ਸੰਸਥਾਵਾਂ ਨੇ ਬਜਟ ਨੂੰ ਵਿਕਾਸਮੁਖੀ ਦੱਸਿਆ*

*ਪੀਐਚਡੀ ਆਫ ਚੈਂਬਰ ਐਂਡ ਇੰਡਸਟਰੀ ਪੰਜਾਬ ਦੇ ਪ੍ਰਧਾਨ ਆਰ.ਐਸ. ਸਚਦੇਵਾ ਨੇ ਕਿ ਬਜਟ ਵਿਕਾਸਮੁਖੀ ਹੈ ਪਰ ਹਰੇਕ 'ਤੇ ਦੋ ਸੌ ਰੁਪਏ ਮਹੀਨੇ ਟੈਕਸ ਲਾਉਣਾ ਜਾਇਜ਼ ਨਹੀਂ ਹੈ ਤੇ ਟੈਕਸ ਲਾਉਣ ਲਈ ਸਲੈਬ ਬਣਨੇ ਚਾਹੀਦੇ ਹਨ। ਸੀ.ਆਈ.ਆਈ.ਦੇ ਚੇਅਰਮੈਨ ਸਰਵਜੀਤ ਸਮਰਾ ਨੇ ਕਿਹਾ ਕਿ ਕੈਪਟਨ ਸਰਕਾਰ ਨੇ ਸੰਤੁਲਤ ਬਜਟ ਪੇਸ਼ ਕੀਤਾ ਹੈ ਪਰ ਤੇਜੀ ਨਾਲ ਸੂਬੇ ਸਿਰ ਵਧ ਰਿਹਾ ਕਰਜ਼ੇ ਦਾ ਬੋਝ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਫੋਕਲ ਪੁਆਇੰਟਾਂ ਨੂੰ ਨਵਿਆਉਣ ਦਾ ਕੰਮ ਕਰੇ ।*

# ਸਿੱਧੂ ਤੇ ਮਜੀਠੀਆ ਵਲੋਂ ਸਦਨ 'ਚ ਕਾਟੋ-ਕਲੇਸ਼

**ਚੰਡੀਗੜ੍ਹ/ਬਿਊਰੋ ਨਿਊਜ਼:**
ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਮੁੜ ਸਥਾਨਕ ਸਰਕਾਰਾਂ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਇੱਕ-ਦੂਸਰੇ ਵਿਰੁੱਧ ਮਾੜੀ ਭਾਸ਼ਾ ਵਰਤ ਕੇ ਸਦਨ ਦੀ ਪਵਿੱਤਰਤਾ ਨੂੰ ਸ਼ਰਮਸਾਰ ਕੀਤਾ। ਇਸ 'ਤੇ ਸਪੀਕਰ ਰਾਣਾ ਕੇਪੀ ਸਿੰਘ ਨੂੰ 22 ਮਾਰਚ ਵਾਂਗ ਮੁੜ ਦੋਵਾਂ ਵੱਲੋਂ ਬੋਲੇ ਅਪਮਾਨਜਨਕ ਸ਼ਬਦਾਂ ਨੂੰ ਸਦਨ ਦੀ ਕਾਰਵਾਈ ਵਿੱਚੋਂ ਕਢਵਾਉਣਾ ਪਿਆ।

ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਨੇ ਦੋਵਾਂ ਵੱਲੋਂ ਨਿਰੰਤਰ ਸਦਨ ਵਿੱਚ ਬੋਲੇ ਜਾ ਰਹੇ ਨਾ-ਸੁਣਨਯੋਗ ਸ਼ਬਦਾਂ ਦਾ ਮੁੱਦਾ ਸਪੀਕਰ ਕੋਲ ਉਠਾਇਆ ਪਰ ਦੂਜੇ ਪਾਸੇ 22 ਮਾਰਚ ਵਾਂਗ ਵੀ ਹਾਊਸ ਵਿੱਚ ਮੌਜੂਦ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੋਹਾਂ ਦੇ ਕੁਬੋਲਾਂ ਨੂੰ ਚੁੱਪ ਕਰਕੇ ਸੁਣਦੇ ਰਹੇ। ਜਦੋਂ ਸ੍ਰੀ ਸਿੱਧੂ ਪ੍ਰਸ਼ਨ ਕਾਲ ਦੌਰਾਨ ਵਿਧਾਇਕ ਪਵਨ ਕੁਮਾਰ ਆਦੀਆ ਦੇ ਸ਼ਾਮ ਚੁਰਾਸੀ ਦੇ ਕਸਬੇ ਹਰਿਆਣਾ ਵਿਚਲੇ ਬੱਸ ਅੱਡੇ ਨੂੰ ਬਣਾਉਣ ਬਾਰੇ ਜਵਾਬ ਦੇ ਰਹੇ ਸਨ ਤਾਂ ਉਸ ਵੇਲੇ ਸ੍ਰੀ ਮਜੀਠੀਆ ਵੱਲੋਂ ਟੋਕਣ ਕਾਰਨ ਤਕਰਾਰ ਪੈਦਾ ਹੋ ਗਿਆ। ਅਸਲ ਵਿੱਚ ਸ੍ਰੀ ਸਿੱਧੂ ਨੇ ਆਪਣੇ ਜਵਾਬ ਵਿੱਚ ਨਾਲ ਬੈਠੇ ਖਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਖਜ਼ਾਨਾ ਮੰਤਰੀ ਨੇ ਬਜਟ ਪੇਸ਼ ਕਰਦਿਆਂ ਇਸ ਲਈ ਗ੍ਰਾਂਟ ਜਾਰੀ ਕਰ ਦੇਣੀ ਹੈ ਤਾਂ ਇਸ 'ਤੇ ਸ੍ਰੀ ਮਜੀਠੀਆ ਨੇ ਸਪੀਕਰ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਸ੍ਰੀ ਸਿੱਧੂ ਬਜਟ ਪੇਸ਼ ਹੋਣ ਤੋਂ ਪਹਿਲਾਂ ਹੀ ਉਸ ਵਿਚਲੇ ਤੱਥ ਜੱਗ ਜ਼ਾਹਰ ਕਰ ਰਹੇ ਹਨ। ਇਹ ਸੁਣਦਿਆਂ ਹੀ ਸ੍ਰੀ ਸਿੱਧੂ ਤਾਅ ਵਿੱਚ ਆ ਗਏ ਅਤੇ ਸ੍ਰੀ ਮਜੀਠੀਆ ਨੂੰ ਅਪਸ਼ਬਦ ਬੋਲੇ।

ਸ੍ਰੀ ਸਿੱਧੂ ਨਾਲ ਬੈਂਚ 'ਤੇ ਬੈਠੇ ਸਿਹਤ ਮੰਤਰੀ ਬ੍ਰਹਮ ਮਹਿੰਦਰਾ ਤੁਰੰਤ ਉਥੋਂ ਉਠ ਕੇ ਪਿਛਲੇ ਬੈਂਚ 'ਤੇ ਬੈਠ ਗਏ। ਦੱਸਣਯੋਗ ਹੈ ਕਿ ਜਦੋਂ 22 ਮਾਰਚ ਨੂੰ ਵੀ ਦੋਵਾਂ ਵਿਚਕਾਰ ਅਜਿਹੀ ਬਹਿਸ ਹੋਈ ਸੀ ਤਾਂ ਉਸ ਵੇਲੇ ਵੀ ਸ੍ਰੀ ਮਹਿੰਦਰਾ ਬੈਂਚ ਤੋਂ ਉੱਠ ਕੇ ਪਿੱਛੇ ਚਲੇ ਗਏ ਸਨ। ਦੂਸਰੇ ਪਾਸੇ ਸ੍ਰੀ ਮਜੀਠੀਆ ਨੇ ਵੀ ਸ੍ਰੀ ਸਿੱਧੂ ਨੂੰ ਤਿੱਖੇ ਸ਼ਬਦਾਂ ਵਿੱਚ ਜਵਾਬ ਦਿੱਤਾ। ਸਪੀਕਰ ਨੇ ਦੋਵਾਂ ਨੂੰ ਚੁੱਪ ਕਰਵਾਉਣ ਦਾ ਯਤਨ ਕੀਤਾ ਅਤੇ ਦੋਵਾਂ ਵੱਲੋਂ ਵਰਤੇ ਇਤਰਾਜ਼ਯੋਗ ਸ਼ਬਦ ਕਾਰਵਾਈ ਵਿੱਚੋਂ ਕਟਵਾ ਦਿੱਤੇ। ਸ੍ਰੀ ਖਹਿਰਾ ਨੇ ਉਠ ਕੇ ਦੋਵਾਂ ਵੱਲੋਂ ਵਾਰ-ਵਾਰ ਸਦਨ ਵਿੱਚ ਇਤਰਾਜ਼ਯੋਗ ਸ਼ਬਦ ਵਰਤਣ ਉਪਰ ਇਤਰਾਜ਼ ਕੀਤਾ ਅਤੇ ਸਪੀਕਰ ਨੂੰ ਇਸ ਪ੍ਰਕਿਰਿਆ ਨੂੰ ਰੋਕਣ ਲਈ ਠੋਸ ਕਦਮ ਚੁੱਕਣ ਲਈ ਕਿਹਾ। ਇਸ ਦੌਰਾਨ ਸ੍ਰੀ ਖਹਿਰਾ ਵੀ ਕੁਝ ਤਿੱਖੇ ਸ਼ਬਦ ਬੋਲ ਗਏ ਅਤੇ ਸਪੀਕਰ ਨੂੰ ਉਨ੍ਹਾਂ ਦੇ ਸ਼ਬਦ ਵੀ ਕਟਵਾਉਣੇ ਪਏ।

ਸ੍ਰੀ ਖਹਿਰਾ ਨੇ ਕਿਹਾ ਕਿ ਦੋਵੇਂ ਮੈਂਬਰ ਵਾਰ-ਵਾਰ ਸਦਨ ਵਿੱਚ ਭੈੜੀ ਸ਼ਬਦਾਵਲੀ ਬੋਲ ਕੇ ਜਿਥੇ ਸਾਰਿਆਂ ਨੂੰ ਸ਼ਰਮਸਾਰ ਕਰਦੇ ਹਨ, ਉਥੇ ਸੈਸ਼ਨ ਦੇ ਸਮੇਂ ਨੂੰ ਵੀ ਬਰਬਾਦ ਕਰਦੇ ਹਨ। ਉਨ੍ਹਾਂ ਕਿਹਾ ਕਿ ਜੇ ਦੋਵੇਂ ਏਨੇ ਹੀ ਔਖੇ ਹਨ ਤਾਂ ਬਾਹਰ ਜਾ ਕੇ ਇੱਕ-ਦੂਸਰੇ ਨੂੰ ਦੇਖ ਲੈਣ। ਇਸ ਤੋਂ ਬਾਅਦ ਦੋਵੇਂ ਸ਼ਾਂਤ ਹੋਏ।

ਇਸ ਮੌਕੇ ਲੋਕ ਇਨਸਾਫ ਪਾਰਟੀ ਦੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਅਤੇ

**ਬਾਕੀ ਸਫ਼ਾ 30 'ਤੇ**

# ਕੈਪਟਨ ਸਰਕਾਰ ਦੇ ਕਾਲੇ ਕਾਰਨਾਮਿਆਂ ਦਾ ਚਿੱਟਾ ਚਿੱਠਾਂ: ਵੱਡਾ ਬਾਦਲ

**ਚੰਡੀਗੜ੍ਹ/ਬਿਊਰੋ ਨਿਊਜ਼:**
ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਾਂਗਰਸ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਵਿਚ ਪੇਸ਼ ਬਜਟ ਨੂੰ 'ਦਿਸ਼ਾਹੀਣ, ਅਰਥਹੀਣ ਅਤੇ ਦ੍ਰਿਸ਼ਟੀ ਤੋਂ ਸੱਖਣਾ' ਕਰਾਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਭਾਜਪਾ ਦੇ ਸੂਬਾ ਪ੍ਰਧਾਨ ਵਿਜੇ ਸਾਂਪਲਾ ਨੇ ਵੀ ਬਜਟ ਦੀ ਨਿਖੇਧੀ ਕੀਤੀ ਹੈ।

ਸ੍ਰੀ ਬਾਦਲ ਨੇ ਬਜਟ ਨੂੰ ਸਰਕਾਰ ਵੱਲੋਂ ਕਿਸਾਨਾਂ, ਦਲਿਤਾਂ, ਗਰੀਬਾਂ, ਨੌਜਵਾਨਾਂ, ਮੁਲਾਜ਼ਮਾਂ ਅਤੇ ਲਾਚਾਰ ਸੀਨੀਅਰ ਨਾਗਰਿਕਾਂ ਨਾਲ ਕੀਤੇ 'ਧੋਖੇ' ਦਾ ਦਸਤਾਵੇਜ਼ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਕਿਸੇ ਵੀ ਪੱਖ ਤੋਂ ਆਰਥਿਕ ਦਸਤਾਵੇਜ਼ ਨਹੀਂ ਲੱਗਦਾ। ਇਸ ਤੋਂ ਸਾਫ਼ ਹੈ ਕਿ ਇਸ ਵਿਚ ਆਰਥਿਕ ਯੋਜਨਾਬੰਦੀ ਜਾਂ ਸੂਬੇ ਨੂੰ ਖੁਸ਼ਹਾਲ ਬਣਾਉਣ ਲਈ ਕੋਈ ਨੀਤੀ ਤੇ ਪ੍ਰੋਗਰਾਮ ਨਹੀਂ ਹੈ। ਸ੍ਰੀ ਬਾਦਲ ਨੇ ਕਿਹਾ, "ਹਰ ਪੰਜਾਬੀ ਦੀ ਤਰ੍ਹਾਂ ਮੈਂ ਵੀ ਪੂਰੀ ਤਰ੍ਹਾਂ ਨਿਰਾਸ਼ ਹੋਇਆ ਹਾਂ। ਬਜਟ ਦਸਤਾਵੇਜ਼ ਇੱਕ ਸਾਲ ਦੌਰਾਨ ਸਰਕਾਰ ਦੇ ਕਾਲੇ ਕਾਰਨਾਮਿਆਂ ਉੱਤੇ ਵਾਈਟ ਪੇਪਰ ਵਾਂਗ ਪੜ੍ਹਿਆ ਗਿਆ ਹੈ।" ਸ੍ਰੀ ਸੁਖਬੀਰ ਬਾਦਲ ਨੇ ਵੀ ਬਜਟ ਨੂੰ 'ਕਿਸਾਨ, ਦਲਿਤ, ਨੌਜਵਾਨ ਅਤੇ ਮੁਲਾਜ਼ਮ ਵਿਰੋਧੀ'



ਵਿਧਾਨ ਸਭਾ 'ਚ ਕਿਸਾਨ ਕਰਜ਼ਾ ਮੁਆਫ਼ੀ ਦੇ ਮੁੱਦੇ 'ਤੇ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੇ ਵਿਧਾਇਕ।

ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ 9000 ਕਰੋੜ ਰੁਪਏ ਦੇ ਵਸੀਲੇ ਜੁਟਾਉਣ ਦੇ ਅੰਕੜੇ ਸਾਫ਼ ਕਰਦੇ ਹਨ ਕਿ ਸਰਕਾਰ ਨੌਂ ਹਜ਼ਾਰ ਕਰੋੜ ਰੁਪਏ ਦੇ ਨਵੇਂ ਟੈਕਸ ਲਗਾ ਕੇ ਪੰਜਾਬੀਆਂ ਦਾ ਲੱਕ ਤੋੜ ਦੇਵੇਗੀ। ਉਨ੍ਹਾਂ ਕਿਹਾ ਕਿ ਇਹ ਬਜਟ ਅੰਕੜਿਆਂ ਦਾ ਹੇਰਫੇਰ ਕਰਕੇ ਕੀਤੀ ਬਹੁਤ ਵੱਡੀ ਧੋਖਾਧੜੀ ਹੈ ਤੇ ਬਜਟ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ 'ਬੌਧਿਕ ਦੀਵਾਲੀਏਪਣ' ਦੀ ਦੱਸ ਪਾਉਂਦਾ ਹੈ।

ਸ੍ਰੀ ਬਾਦਲ ਤੇ ਪਰਮਿੰਦਰ ਸਿੰਘ ਢੀਂਡਸਾ ਨੇ ਇੱਥੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਸਰਕਾਰ ਦਾ ਘਰ ਘਰ ਨੌਕਰੀ ਦਾ ਧੋਖਾ ਵੀ ਨੰਗਾ ਹੋ ਗਿਆ ਹੈ। ਉਨ੍ਹਾਂ ਵਿੱਤ ਮੰਤਰੀ ਅਤੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਉੱਤੇ ਬਜਟ ਨੂੰ ਸਦਨ ਵਿਚ ਪੇਸ਼ ਕਰਨ ਤੋਂ ਪਹਿਲਾਂ ਹੀ ਲੀਕ ਕਰਨ ਦਾ ਦੋਸ਼ ਵੀ ਲਾਇਆ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਵੱਲੋਂ ਇਨ੍ਹਾਂ ਦੋਵੇਂ ਮੰਤਰੀਆਂ ਖ਼ਿਲਾਫ ਮਰਿਆਦਾ ਮਤਾ ਲਿਆਂਦਾ ਜਾਵੇਗਾ। ਉਨ੍ਹਾਂ ਕਿਹਾ ਕਿ ਬਜਟ ਇਸ ਗੱਲ ਨੂੰ ਤਸਦੀਕ ਕਰਦਾ ਹੈ ਕਿ ਸਰਕਾਰ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਕੀਤੇ ਆਪਣੇ

**ਬਾਕੀ ਸਫ਼ਾ 30 'ਤੇ**

## "ਨਾਨਕ ਸ਼ਾਹ ਫ਼ਕੀਰ" ਦੇ ਵਪਾਰੀਆਂ ਨੂੰ ਸ਼੍ਰੋਮਣੀ ਕਮੇਟੀ ਦਾ ਥਾਪੜਾ

*ਸ.ਫਾ ਇਕ ਦੀ ਬਾਕੀ*

ਕਰਕੇ ਸਕੂਲਾਂ, ਕਾਲਜਾਂ ਨੂੰ ਬੇਨਤੀ ਕੀਤੀ ਗਈ ਹੈ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ "ਨਾਨਕ ਸ਼ਾਹ ਫ਼ਰੀਕ" ਫ਼ਿਲਮ ਦਿਖਾਈ ਜਾਵੇ। ਇਸ ਦੇ ਨਾਲ-ਨਾਲ ਦੂਜਾ ਸਰਕੂਲਰ ਇਹ ਕੱਢਿਆ ਕਿ ਗੁਰਦੁਆਰਿਆਂ'ਚ ਫ਼ਿਲਮ ਦੇ ਇਸ਼ਤਿਹਾਰ ਲਗਾਉਣ ਦੀ ਮਨਜ਼ੂਰੀ ਦਿੱਤੀ ਹੈ। ਇਸ ਤੋਂ ਵੀ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਸਬ-ਕਮੇਟੀ ਨੇ ਇਹ ਫਿਲਮ ਪਾਸ ਕਰਕੇ ਰੀਲੀਜ਼ ਕਰਨ ਦੀ ਮਨਜ਼ੂਰੀ ਦਿੱਤੀ ਸੀ।

ਅਜਿਹੀਆਂ ਸਿੱਖ ਵਿਰੋਧੀ ਚਾਲਾਂ ਦਾ ਵਿਰੋਧ ਕਰਦਿਆਂ ਉਨ੍ਹਾਂ ਕਿਹਾ ਗੁਰੂ ਨਾਨਕ ਸਾਹਿਬ ਦੀ ਬਾਣੀ ਅਸੀਂ ਬਿਨਾ ਕਿਸੇ ਵਿਚੋਲੇ ਰਾਹੀਂ ਸਿੱਧੀ ਪੜ੍ਹ ਕੇ ਜਾਣਕਾਰੀ ਲੈ ਸਕਦੇ ਹਾਂ ਤਾਂ ਇਹ ਵਪਾਰੀ ਲੋਕ ਸਾਨੂੰ ਕੀ ਸਮਝਾਉਣਗੇ ਜਾਂ ਦਿਖਾਉਣਗੇ ?

ਸ਼ਬਦ ਗੁਰੂ ਨੂੰ "ਗੁਰੂ" ਮੰਨਣ ਦੀ ਥਾਂ ਕਿਸੇ ਕਲਾਕਾਰ ਜਾਂ ਐਨੀਮੇਸ਼ਨ ਦੇ ਰੂਪ 'ਚ ਗੁਰੂ ਸਾਹਿਬ ਨੂੰ ਪਰਦੇ 'ਤੇ ਦੇਖਣ ਦੀ ਲਾਲਸਾ ਸਿੱਖਾਂ ਲਈ ਬਹੁਤ ਮਾਰੂ ਸਾਬਤ ਹੋਵੇਗੀ ਤੇ ਇਸ ਰੁਝਾਨ ਨੂੰ ਰੋਕਣ ਲਈ ਸਿੱਖਾਂ ਨੂੰ ਇਕੱਠੇ ਹੋਣਾ ਪਵੇਗਾ। ਸਾਡੇ ਵਾਰ-ਵਾਰ ਟੀਕਾ ਲਾ ਕੇ ਦੇਖਿਆ ਜਾ ਰਿਹਾ ਕਿ ਕਿੰਨਾ ਕੁ ਸਹਿੰਦੇ ਹਨ।

ਜਿਹੜੇ ਹੋਰ ਧਰਮਾਂ ਦੇ ਪੈਗੰਬਰਾਂ 'ਤੇ ਪਹਿਲਾਂ ਫਿਲਮਾਂ ਬਣੀਆਂ ਹਨ, ਉਨ੍ਹਾਂ ਵੱਲ ਹੀ ਦੇਖ ਲਓ ਕਿ ਉਨ੍ਹਾਂ ਜਾਣਕਾਰੀ ਫੈਲਾਈ ਹੈ ਜਾਂ ਮਜ਼ਾਕ ਦੇ ਪਾਤਰ ਬਣਾਇਆ ? ਉਨ੍ਹਾਂ 'ਚੋਂ ਸੀਨ ਕੱਟ ਕੇ ਤੇ ਪਿੱਛੇ ਹੋਰ ਆਵਾਜ਼ਾਂ ਭਰਕੇ ਲੋਕਾਂ ਨੇ ਸ਼ੁਗਲ ਬਣਾਇਆ ਹੋਇਆ ਵੱਟਸਐਪ 'ਤੇ। ਇਹੀ ਕੁਝ ਇਸ ਫਿਲਮ ਤੋਂ ਬਾਅਦ ਹੋਣਾ ਤੇ ਫਿਰ ਅਸੀਂ ਲਹੂ ਦੇ ਘੁੱਟ ਪੀਣੇ ਹਨ।

ਸਾਨੂੰ ਇਹ ਪ੍ਰਵਾਨ ਨਹੀਂ ਕਿ ਗੁਰੂ ਸਾਹਿਬਾਨ ਦਾ ਰੋਲ ਕੋਈ ਦੁਨਿਆਵੀ ਬੰਦਾ ਕਰੇ। ਜੇ ਗੱਲ ਉਨ੍ਹਾਂ ਦੀ ਸਿੱਖਿਆ ਜਾਂ ਜੀਵਨੀ ਫਿਲਮਾਉਣ ਦੀ ਹੈ ਤਾਂ ਹੋਰ ਬਹੁਤ ਤਰੀਕੇ ਹਨ ਅਜਿਹਾ ਫਿਲਮਾਉਣ ਦੇ।

ਉਨ੍ਹਾਂ ਸੱਦਾ ਦਿੱਤਾ ਕਿ ਇਹ ਫ਼ਿਲਮ ਬੰਦ ਕਰਵਾਉਣ ਲਈ ਸਭ ਤੋਂ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿਰੋਧ ਕੀਤਾ ਜਾਵੇ ਤਾਂ ਕਿ ਉਹ ਆਪਣੇ ਫੈਸਲੇ ਵਾਪਸ ਲਵੇ। ਸਿੱਖ ਜੱਥੇਬੰਦੀਆਂ ਅਤੇ ਸਿੱਖ ਸੰਗਤਾਂ ਨੂੰ ਅਪੀਲ ਹੈ ਕਿ ਸਿੱਖ ਪੰਥ ਇਸ ਪਾਸੇ ਗਰਕਣ ਤੋਂ ਬਚਾਉਣ ਤੋਂ ਬਚਾਉਣ ਲਈ ਯੋਗ ਉਪਰਾਲੇ ਹਨ। ਇਸੇ ਦੌਰਾਨ ਸਿੱਖ ਜਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਸਮੇਤ ਸਭ ਸਿੱਖ ਸੰਸਥਾਂਵਾਂ ਨੂੰ ਅਪੀਲ ਕੀਤੀ ਹੈ ਕਿ ਇਸ ਦੁਸ਼ਟ ਕਾਰਜ 'ਚ ਭਾਈਵਾਲ ਨਾ ਬਣਨ ਤੇ ਇਸਦਾ ਵਿਰੋਧ ਕਰਨ।

## ਕਮੇਟੀ ਕੋਈ ਸਾਰਥਕ ਨੀਤੀ ਬਣਾਏ :ਜਸਜੀਤ ਸਿੰਘ

ਹੁਣ ਨਾਨਕ ਸ਼ਾਹ ਫਕੀਰ ਵਰਗੀ ਵਾਦ ਵਿਵਾਦੀ ਫ਼ਿਲਮ ਦੀ ਹਮਾਇਤ ਦੀ ਖ਼ਬਰ ਮਿਲਿਦਆਂ ਦ ਬਲੈਕ ਪ੍ਰਿੰਸ ਦੇ ਐਗਜੀਕਿਊਟਿਵ ਪ੍ਰੋਡਿਊਸਰ ਸ. ਜਸਜੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਭਾਈ ਰੂਪ ਸਿੰਘ ਨੂੰ ਈਮੇਲ ਪੱਤਰ ਰਾਹੀਂ ਕਿਹਾ ਹੈ ਕਿ ਸਿੱਖ ਗੁਰੂਆਂ ਨਾਲ ਸਬੰਧਿਤ ਨਾਨਕ ਸ਼ਾਹ ਫਕੀਰ ਵਰਗੀ ਫਿਲਮ ਵਿਖਾਉਣ ਦਾ ਕਮੇਟੀ ਦਾ ਫੈਸਲਾ ਕਿਸੇ ਵੀ ਤਰ੍ਹਾਂ ਠੀਕ ਨਹੀਂ। ਉਨ੍ਹਾਂ ਸਪੱਸ਼ਟ ਲਿਖਿਆ ਹੈ, "ਖੁਦ ਇੱਕ ਫਿਲਮਸਾਜ਼ ਹੋਣ ਦੇ ਨਾਤੇ ਮੈਨੂੰ ਕਿਸੇ ਹੋਰ ਦੀ ਫਿਲਮ ਬਾਰੇ ਇਤਰਾਜ਼ ਕਰਨਾ ਨਹੀਂ ਬਣਦਾ। ਇਸ ਲਈ ਮੈਂ ਇਹ ਪੱਤਰ ਦ ਬਲੈਕ ਪ੍ਰਿੰਸ ਦੇ ਐਗਜੀਕਿਊਟਿਵ ਪ੍ਰੋਡਿਊਸਰ ਵਜੋਂ ਨਹੀਂ ਬਲਕਿ ਇੱਕ ਸਿੱਖ ਹੋਣ ਦੇ ਨਾਤੇ ਲਿਖ ਰਿਹਾਂ।"

ਸ਼੍ਰੋਮਣੀ ਕਮੇਟੀ ਵਲੋਂ ਇਸ ਫਿਲਮ ਦੀ ਹਮਾਇਤ ਕਰਨ ਦਾ ਵਿਰੋਧ ਕਰਦਿਆਂ ਸ. ਜਸਜੀਤ ਸਿੰਘ ਨੇ ਜਦੋਂ ਉਸਨੇ ਕਾਫ਼ੀ ਸਮਾਂ ਪਹਿਲਾਂ ਫਰੀਮੋਂਟ ਵਿਖੇ ਨਾਨਕ ਸ਼ਾਹ ਫ਼ਕੀਰ ਫਿਲਮ ਵੇਖੀ ਤਾਂ ਉਸ ਵਿੱਚ ਵਿਸ਼ੇ ਪੱਖੋਂ ਅਤੇ ਪੇਸ਼ਕਾਰੀ (ਤਕਨੀਕੀ ਪਹਿਲੂਆਂ ਨੂੰ ਪਾਸੇ ਛੱਡ ਕੇ) ਵੱਡੀਆਂ ਘਾਟਾਂ/ਗਲਤੀਆਂ ਸਨ। ਗੁਰੂ ਸਾਹਿਬਾਨ ਦੇ ਕਿਰਦਾਰ ਨੂੰ ਆਮ ਆਦਮੀ ਵਜੋਂ ਪੇਸ਼ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ। ਹੋ ਸਕਦਾ ਹੈ ਫਿਲਮ ਬਣਾਉਣ ਵਾਲਿਆਂ ਨੇ ਪਿਛਲੇ ਸਮੇਂ ਦੌਰਾਨ ਸਿੱਖ ਸੰਗਤਾਂ ਵਲੋਂ ਉਠਾਏ ਇਤਰਾਜ਼ਾਂ ਦੇ ਮੱਦੇਨਜ਼ਰ ਕੁਝ ਸੋਧਾਂ ਕੀਤੀਆਂ ਹੋਣਗੀਆਂ ਪਰ ਮੈਂ ਅਜੇ ਵੀ ਮਹਿਸੂਸ ਕਰਦਾ ਹਾਂ ਕਿ ਗੁਰੂ ਨਾਨਕ ਦੇਵ ਜੀ ਸਾਡੇ ਲਈ ਗੁਰੂ ਹਨ ਫ਼ਕੀਰ ਨਹੀਂ।

ਇਸਦੇ ਨਾਲ ਹੀ ਮੈਂ ਤੁਹਾਡਾ ਧਿਆਨ ਸ਼੍ਰੋਮਣੀ ਕਮੇਟੀ ਦੇ ਪਿਛਲੇ ਪ੍ਰਧਾਨ ਭਾਈ ਕ੍ਰਿਪਾਲ ਸਿੰਘ ਬਡੂੰਗਰ ਵਲੋਂ ਦ ਬਲੈਕ ਪ੍ਰਿੰਸ ਦੀ ਹਮਾਇਤ ਕਰਨ ਤੋਂ ਨਾਂਹ ਕਰਨ ਵਲ ਵੀ ਦਿਵਾਉਣਾ ਚਾਹੁੰਦਾ ਹਾਂ। ਮੈਂ ਇੱਥੇ ਇਹ ਵੀ ਸਪੱਸ਼ਟ ਕਰਦਿਆਂ ਕਿ ਅਸੀਂ ਸ਼੍ਰੋਮਣੀ ਕਮੇਟੀ ਕੋਲ ਦ ਬਲੈਕ ਪ੍ਰਿੰਸ ਦੀ ਹਮਾਇਤ ਲਈ ਪਹੁੰਚ ਨਹੀਂ ਸੀ ਕੀਤੀ। ਪਰ ਭਾਈ ਕਰਨੈਲ ਸਿੰਘ ਪੰਜੋਲੀ ਅਤੇ ਸੀਨੀਅਰ ਪੱਤਰਕਾਰ ਭਾਈ ਕਰਮਜੀਤ ਸਿੰਘ ਨੇ ਫ਼ਿਲਮ ਵੇਖਣ ਬਾਅਦ ਭਾਈ ਬੰਡੂਗਰ ਨਾਲ ਸੰਪਰਕ ਕੀਤਾ ਤਾਂ ਉਸਦਾ (ਬੰਡੂਗਰ) ਉੱਤਰ ਸੀ ਕਿ "ਫਿਲਮ ਵਿੱਚ ਸਿੱਖ ਇਤਿਹਾਸ ਨੂੰ ਤੋੜ-ਮ੍ਰੋੜ ਕੇ ਪੇਸ਼ ਕੀਤਾ ਹੈ। ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਫਿਲਮ ਵੇਖੇ ਬਿਨਾਂ ਹੀ ਕਿਸੇ ਦੇ ਕਹੇ-ਕਹਾਏ ਉਕਤ ਗੈਰ-ਜ਼ੁੰਮੇਵਾਰਾਨਾ ਟਿਪਣੀ ਕੀਤੀ ਸੀ। ਜਦੋਂ ਕਿ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ, ਉਨ੍ਹਾਂ ਦੀ ਪਤਨੀ ਬੀਬੀ ਹਰਸਿਮਰਤ ਕੌਰ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਦਿੱਲੀ ਵਿੱਚ ਫਿਲਮ ਵੇਖ ਕੇ ਬੜੀ ਸਰਾਹਨਾ ਕੀਤੀ ਸੀ।

ਅਖ਼ੀਰ ਵਿਚ ਮੈਂ ਇਹ ਸਪੱਸ਼ਟ ਕਰ ਰਿਹਾਂ ਕਿ ਮੇਰਾ ਇਹ ਈਮੇਲ ਲਿਖਣਾ ਦਾ ਮੰਤਵ ਸ਼੍ਰੋਮਣੀ ਕਮੇਟੀ ਤੋਂ ਕੋਈ ਹਮਾਇਤ ਜਾਂ ਰਿਆਇਤ ਲੈਣ ਦਾ ਨਹੀਂ । ਸਿਰਫ਼ ਇਹੋ ਕਹਿਣਾ ਹੈ ਕਿ ਤੁਹਾਡੀ ਸੰਸਥਾ ਨੂੰ ਸਿੱਖ ਇਤਿਹਾਸ ਬਾਰੇ ਫਿਲਮਾਂ, ਡਾਕੂਮੈਂਟਰੀਆਂ ਅਤੇ ਕਿਤਾਬਾਂ ਆਦਿ ਦੀ ਹਮਾਇਤ ਕਰਨ ਸਮੇਂ ਕੋਈ ਵੀ ਫੈਸਲਾ ਕਰਨ ਲਈ ਇੱਕ ਨੀਤੀ ਵਿਧਾਨ ਬਣਾਉਣਾ ਚਾਹੀਦਾ ਹੈ। ਸੁਣ ਸੁਣਾ ਕੇ ਜਾਂ ਸਿਫ਼ਾਰਸ਼ੀ ਫੈਸਲੇ ਪੰਥਕ ਹਿੱਤਾਂ ਤੇ ਰਵਾਇਤਾਂ ਨੂੰ ਸਦਾ ਹੀ ਢਾਹ ਲਾਉਂਦੇ ਹਨ।

# ਤੰਬਾਕੂ ਦੀ ਤਬਾਹੀ : ਭਾਰਤ 'ਚ ਰੋਜ਼ਾਨਾ ਹੋ ਰਹੀਆਂ ਨੇ ਸੈਂਕੜੇ ਮੌਤਾਂ

- **ਗੁਰੂਆਂ ਦੀ ਧਰਤੀ ਪੰਜਾਬ 'ਚ ਸਭ ਤੋਂ ਵੱਧ ਵਿਕ ਰਿਹੈ ਤੰਬਾਕੂ**
- **ਪੰਜਾਬ 'ਚ ਹੁੱਕਾ ਬਾਰਾਂ ਤੇ ਈ-ਸਿਗਰਟ 'ਤੇ ਲੱਗੀ ਹੋਈ ਏ ਪਾਬੰਦੀ**
- **ਤੰਬਾਕੂ ਕੰਪਨੀਆਂ ਉਡਾ ਰਹੀਆਂ ਨੇ ਕਾਨੂੰਨ ਦੀਆਂ ਧੱਜੀਆਂ**
- **ਬੀੜੀ-ਸਿਗਰਟ ਪੀਣ ਵਾਲਿਆਂ 'ਚੋਂ ਅੱਧੇ 35 ਤੋਂ 69 ਸਾਲ ਦੀ ਉਮਰ 'ਚ ਮਰ ਜਾਂਦੇ ਨੇ**




### ਪੰਜਾਬ 'ਚ ਤੰਬਾਕੂਨੋਸ਼ੀ ਵਧੀ

ਕੇਂਦਰ ਸਰਕਾਰ ਵੱਲੋਂ ਕਰਵਾਏ ਗਏ 'ਗਲੋਬਲ ਅਡਲਟ ਤੰਬਾਕੂ ਸਰਵੇ 2016-17' ਅਨੁਸਾਰ ਪੰਜਾਬ ਵਿਚ ਤੰਬਾਕੂ ਨੂੰ ਵਰਤਣ ਵਾਲੇ ਲੋਕਾਂ ਦੀ ਗਿਣਤੀ ਵਿਚ ਭਾਰੀ ਵਾਧਾ ਦਰਜ ਕੀਤਾ ਗਿਆ ਹੈ। ਇਹੀ ਸਰਵੇ ਜਦੋਂ 2009-10 ਵਿਚ ਕਰਵਾਇਆ ਗਿਆ ਸੀ ਤਾਂ ਪੰਜਾਬ ਦੀ ਕੁੱਲ ਅਬਾਦੀ ਦਾ 11.7 ਫ਼ੀਸਦੀ ਆਬਾਦੀ ਤੰਬਾਕੂ ਦੀ ਨਸ਼ਾ ਕਰਦੀ ਸੀ ਪਰੰਤੂ ਸਰਕਾਰ ਵੱਲੋਂ ਦੁਬਾਰਾ ਕਰਵਾਏ ਗਏ ਇਸ ਸਰਵੇ ਵਿਚ ਇਹ 13.4 ਹੋ ਗਈ ਹੈ ਜੋ ਕਿ ਚਿੰਤਾਜਨਕ ਹੈ। ਪੰਜਾਬ ਬਾਰੇ ਹੁਣ ਤੱਕ ਇਹੀ ਕਿਹਾ ਜਾਂਦਾ ਹੈ ਕਿ ਇਹ ਇੱਕ ਸਿੱਖ ਭਾਈਚਾਰੇ ਵਾਲਾ ਸੂਬਾ ਹੈ ਤੇ ਸਿੱਖ ਧਰਮ ਵਿਚ ਤੰਬਾਕੂ ਦਾ ਕੋਈ ਸਥਾਨ ਨਹੀਂ, ਪਰੰਤੂ ਸਰਵੇ ਦੇ ਅੰਕੜਿਆਂ ਤੋਂ ਇਹ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਧਰਮ ਦੀ ਚੰਗੀ ਗੱਲ ਦਾ ਅਸਰ ਹੌਲੀ-ਹੌਲੀ ਘੱਟ ਰਿਹਾ ਹੈ।

ਤੰਬਾਕੂ ਕਾਰਨ ਸਾਡੇ ਭਾਰਤ ਵਿਚ ਰੋਜ਼ਾਨਾ 2200 ਤੋਂ ਵੱਧ ਮੌਤਾਂ ਹੋ ਰਹੀਆਂ ਹਨ ਅਤੇ ਰੋਜ਼ਾਨਾ 5500 ਲੋਕ ਇਸ ਦੀ ਵਰਤੋਂ ਕਰਨਾ ਸ਼ੁਰੂ ਕਰਦੇ ਹਨ। ਚਿੰਤਾ ਦੀ ਗੱਲ ਇਹ ਵੀ ਹੈ ਕਿ 90 ਫ਼ੀਸਦੀ ਮੂੰਹ ਦੇ ਕੈਂਸਰਾਂ ਦਾ ਕਾਰਨ ਤੰਬਾਕੂ ਹੈ ਤੇ ਬਾਕੀ ਸਾਰੇ ਤਰ੍ਹਾਂ ਦੇ ਕੈਂਸਰਾਂ ਵਿਚ ਤੰਬਾਕੂ ਦਾ ਰੋਲ 30 ਫ਼ੀਸਦੀ ਹੈ। ਸਿਹਤ ਮਾਹਿਰਾਂ ਦਾ ਮੰਨਣਾ ਹੈ ਕਿ ਤੰਬਾਕੂ ਹੋਰ ਨਸ਼ਿਆਂ ਲਈ ਇਹ ਰਾਹ ਹੈ। ਇੱਕ ਨਸ਼ੇੜੀ ਬਣਾਇਆ ਵਿਅਕਤੀ ਸਭ ਤੋਂ ਪਹਿਲਾਂ ਤੰਬਾਕੂ ਦੀ ਹੀ ਵਰਤੋਂ ਕਰਦਾ ਹੈ। ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਬੀੜੀ-ਸਿਗਰਟ ਪੀਣ ਵਾਲੇ ਵਿਅਕਤੀਆਂ ਵਿਚੋਂ ਅੱਧੇ 35 ਤੋਂ 69 ਸਾਲ ਦੀ ਉਮਰ ਵਿਚ ਮਰ ਜਾਂਦੇ ਹਨ।

ਸਿਗਰਟ ਤੇ ਹੋਰ ਤੰਬਾਕੂ ਉਤਪਾਦ ਐਕਟ ਯਾਨੀ 'ਕੋਟਪਾ' ਨੂੰ ਸਾਲ 2003 ਵਿਚ ਬਣਾਇਆ ਗਿਆ ਸੀ। ਇਸ ਨੂੰ ਲਾਗੂ ਕਰਦੇ ਕਰਦੇ ਪੰਜ ਸਾਲ ਲੱਗ ਗਏ ਤੇ ਆਖਿਰਕਾਰ 2 ਅਕਤੂਬਰ 2008 ਨੂੰ ਇਸ ਕਾਨੂੰਨ ਨੂੰ ਪੂਰੇ ਦੇਸ ਵਿਚ ਲਾਗੂ ਕਰ ਦਿੱਤਾ ਗਿਆ, ਉਦੇਸ਼ ਸੀ ਆਮ ਲੋਕਾਂ ਨੂੰ ਪੈਸਿਵ ਸਮੋਕਿੰਗ ਤੋਂ ਬਚਾਉਣਾ ਪੈਸਿਵ ਸਮੋਕਿੰਗ ਦਾ ਅਰਥ ਹੈ ਕਿ ਜੇਕਰ ਇੱਕ ਬੰਦਾ ਬੀੜੀ-ਸਿਗਰਟ ਪੀ ਰਿਹਾ ਹੈ ਅਤੇ ਦੂਜਾ ਬੰਦਾ ਜੋ ਕਿ ਇਸ ਤੋਂ ਵਰਤੋਂ ਨਹੀਂ ਕਰਦਾ ਉਸ ਅੰਦਰ ਵੀ ਬੀੜੀ ਸਿਗਰਟ ਦਾ ਧੂੰਆਂ ਜਾਂਦਾ ਹੈ ਅਤੇ ਨੁਕਸਾਨ ਪਹੁੰਚਾਉਂਦਾ ।

ਧਾਰਾ-4 ਇਸ ਕਾਨੂੰਨ ਦੀ ਧਾਰਾ-4 ਇਹ ਕਹਿੰਦੀ ਹੈ ਕਿ ਕੋਈ ਵੀ ਵਿਅਕਤੀ ਕਿਸੇ ਜਨਤਕ ਸਥਾਨ 'ਤੇ ਬੀੜੀ-ਸਿਗਰਟ ਨਹੀਂ ਪੀ ਸਕਦਾ। ਜੇਕਰ ਉਹ ਪੀਂਦਾ ਹੈ ਤਾਂ ਉਸ ਨੂੰ 200 ਰੁਪਏ ਤੱਕ ਜੁਰਮਾਨਾ ਕੀਤਾ ਜਾ ਸਕਦਾ ਹੈ।

ਧਾਰਾ-6 'ਕੋਟਪਾ' ਦੀ ਧਾਰਾ 5 ਤੰਬਾਕੂ ਦੀ ਕਿਸੇ ਵੀ ਤਰ੍ਹਾਂ ਦੀ ਸਿੱਧੀ ਜਾਂ ਅਸਿੱਧੀ ਮਸ਼ਹੂਰੀ, ਸਪਾਂਸਰਸ਼ਿਪ ਅਤੇ ਤੰਬਾਸੂ ਉਤਪਾਦਾਂ ਦੀ ਪ੍ਰਮੋਸ਼ਨ 'ਤੇ ਪਾਬੰਦੀ ਲਗਾਉਂਦੀ , ਪਰ ਇੱਥੇ ਤੰਬਾਕੂ ਕੰਪਨੀਆਂ ਕਾਨੂੰਨ ਦੀ ਉਲੰਘਣਾ ਕਰਦੀਆਂ ਹਨ ਅਤੇ ਆਪਣੇ ਉਤਪਾਦਾਂ ਖ਼ਾਸ ਕਰਕੇ ਸਿਗਰਟਾਂ ਦੀ ਮਸ਼ਹੂਰੀ ਲਈ ਸਿੱਧੇ ਜਾਂ ਅਸਿੱਧੇ ਤੌਰ 'ਤੇ ਇਸ਼ਤਿਹਾਰਬਾਜ਼ੀ ਕਰਦੇ ਬੋਰਡ ਲਗਾਉਂਦੇ ਨ, ਜੋ ਲੋਕਾਂ ਨੂੰ ਤੰਬਾਕੂ ਦੇ ਨਸ਼ੇ ਵੱਲ ਪ੍ਰੇਰਿਤ ਕਰਦੇ ਹਨ। ਜੇਕਰ ਕੋਈ ਦੁਕਾਨਦਾਰ ਜਾਂ ਹੋਰ ਤੰਬਾਕੂ ਉਤਪਾਦਾਂ ਦੀ ਬੋਰਡ, ਸਟਿੱਕਰ, ਬੈਨਰ ਜਾਂ ਹੋਰ ਸਾਧਨਾਂ ਰਾਹੀਂ ਮਸ਼ਹੂਰੀ ਕਰਦਾ ਹੈ ਤਾਂ ਉਸ ਨੂੰ ਪਹਿਲੀ ਵਾਰ ਦੋ ਸਾਲ ਤੱਕ ਦੀ ਸਜ਼ਾ ਜਾਂ 1000 ਰੁਪਏ ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ।

ਧਾਰਾ-6 'ਕੋਟਪਾ' ਦੀ ਧਾਰਾ 6 ਨੂੰ ਬੱਚਿਆਂ 'ਤੇ ਕੇਂਦਰਿਤ ਕੀਤਾ ਗਿਆ ਹੈ। ਇਸ ਦੇ ਦੋ ਭਾਗ ਹਨ ਧਾਰਾ 6 ਏ ਅਤੇ ਧਾਰਾ 6 ਬੀ। ਧਾਰਾ 6 ਏ ਇਹ ਕਹਿੰਦੀ ਹੈ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਨਾ ਤਾਂ ਤੰਬਾਕੂ ਵੇਚਿਆ ਜਾ ਸਕਦਾ ਹੈ ਅਤੇ ਨਾ ਹੀ ਉਸ ਤੋਂ ਤੰਬਾਕੂ ਵਿਕਵਾਇਆ ਜਾ ਸਕਦਾ ਹੈ। ਜੇਕਰ ਕੋਈ ਇਸ ਦੀ ਉਲੰਘਣਾ ਕਰਦਾ ਹੈ ਤਾਂ ਉਸ ਨੂੰ ਵੀ 200 ਰੁਪਏ ਤੱਕ ਜੁਰਮਾਨਾ ਹੋ ਸਕਦਾ ਹੈ। ਇਸ ਧਾਰਾ ਤਹਿਤ ਤੰਬਾਕੂ ਵੇਚਣ ਵਾਲੇ ਦੁਕਾਨਦਾਰ ਨੇ ਆਪਣੇ ਦੁਕਾਨ 'ਤੇ ਇਸ ਬੋਰਡ ਲਗਾਉਣਾ ਹੁੰਦਾ ਹੈ, ਜਿਸ 'ਤੇ ਲਿਖਿਆ ਹੁੰਦਾ ਹੈ ਕਿ '18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਤੰਬਾਕੂ ਉਤਪਾਦ ਵੇਚਣਾ 'ਸਜ਼ਾਯੋਗ ਅਪਰਾਧ ਹੈ।' ਜੇਕਰ ਦੁਕਾਨਦਾਰ ਇਹ ਬੋਰਡ ਨਹੀਂ ਲਗਾਉਂਦਾ ਤਾਂ ਉਹ ਜੁਰਮਾਨੇ ਦਾ ਹੱਕਦਾਰ ਹੈ।

ਇਸੇ ਤਰ੍ਹਾਂ ਕੋਟਪਾ ਦੀ ਧਾਰਾ 6 ਬੀ ਇਹ ਦੱਸਦੀ ਹੈ ਕਿ ਕਿਸੇ ਵੀ ਸਿੱਖਿਅਕ ਅਦਾਰੇ ਦੀ ਬਾਹਰਲੀ ਕੰਧ ਤੋਂ 100 ਗਜ਼ ਦੇ ਘੇਰੇ ਵਿਚ ਤੰਬਾਕੂ ਉਤਪਾਦ ਨਹੀਂ ਵੇਚੇ ਜਾ ਸਕਦੇ। ਜੇਕਰ ਕੋਈ ਅਜਿਹਾ ਕਰਦਾ ਹੈ, ਤਾਂ ਉਸ ਨੂੰ 200 ਰੁਪਏ ਤੱਕ ਜੁਰਮਾਨਾ ਕੀਤਾ ਜਾ ਸਕਦਾ ਹੈ। ਇਸ ਧਾਰਾ ਦੀ ਖਾਸ ਗੱਲ ਇਹ ਹੈ ਕਿ ਇੱਕ ਪ੍ਰਿੰਸੀਪਲ, ਮੁੱਖ ਅਧਿਆਪਕ ਨੂੰ ਵੀ ਜੁਰਮਾਨਾ ਕਰਨ ਦਾ ਕਾਨੂੰਨੀ ਹੱਕ ਹੈ। ਇਸ ਤਹਿਤ ਸਕੂਲ ਦੇ ਦਰਵਾਜ਼ੇ ਕੋਲ ਤੰਬਾਕੂ ਮੁਕਤ ਸਕੂਲ ਦਾ ਬੋਰਡ ਲੱਗਿਆ ਹੋਣਾ ਜ਼ਰੂਰੀ ਹੈ ਜਿਸ 'ਤੇ ਇਹ ਲਿਖਿਆ ਹੁੰਦਾ ਹੈ ਕਿ ਸਕੂਲ, ਕਾਲਜ ਜਾਂ ਯੂਨੀਵਰਸਿਟੀ ਦੇ 100 ਗਜ਼ ਦੇ ਘੇਰੇ ਅੰਦਰ ਤੰਬਾਕੂ ਉਤਪਾਦ ਨਹੀਂ ਵੇਚੇ ਜਾ ਸਕਦੇ।

ਧਾਰਾ-7, 8, 9 ਇਸ ਕਾਨੂੰਨ ਦੀ ਧਾਰਾ 7, 7 ਤੇ 9 ਇਹ ਦੱਸਦੀ ਹੈ ਕਿ ਕਿਸੇ ਵੀ ਤੰਬਾਕੂ ਤੇ ਉਤਪਾਦ ਦੇ 85 ਫ਼ੀਸਦੀ ਹਿੱਸੇ 'ਤੇ ਤਸਵੀਰ ਸਹਿਤ ਸਿਹਤ ਚੇਤਾਵਨੀ ਛਪੀ ਹੋਣੀ ਜ਼ਰੂਰੀ ਹੈ ਜਿਸ 'ਤੇ ਸਰਕਾਰ ਵੱਲੋਂ ਜਾਰੀ ਕੀਤੀ ਅਤੇ ਤੰਬਾਕੂ ਵਰਤਣ ਦੇ ਨੁਕਸਾਨਾਂ ਨੂੰ ਦਰਸਾਉਂਦੀ ਸਵੀਰ ਹੋਣੀ ਚਾਹੀਦੀ ਹੈ। ਤੰਬਾਕੂ ਕੰਪਨੀਆਂ ਇਸ ਦਾ ਵਿਰੋਧ ਕਰਦੀਆਂ ਹਨ, ਪਰੰਤੂ ਸਿਹਤ ਮਾਹਿਰਾਂ ਦਾ ਮੰਨਣਾ ਹੈ ਕਿ ਤੰਬਾਕੂ ਵਰਤਣ ਵਾਲੇ 'ਤੇ ਇਹ ਚਿਤਾਵਨੀ ਬਹੁਤ ਅਸਰ ਪਾਉਂਦੀ । ਕਦੇ ਨਾ ਕਦੇ ਉਸ ਨੂੰ ਤੰਬਾਕੂ ਛੱਡਣ ਲਈ ਪ੍ਰੇਰਦੀ ਹੈ।

ਬਿਨਾਂ ਚਿਤਾਵਨੀ ਤੋਂ ਤੰਬਾਕੂ ਉਤਪਾਦ ਵੇਚਣ ਵਾਲੇ ਦੁਕਾਨਦਾਰ ਨੂੰ ਪਹਿਲੀ ਵਾਰ ਇੱਕ ਹਜ਼ਾਰ ਜੁਰਮਾਨਾ ਤੇ ਇੱਕ ਸਾਲ ਦੀ ਸਜ਼ਾ ਹੋ ਸਕਦੀ ਹੈ। ਦੂਜੀ ਵਾਰ ਇਹ ਜੁਰਮਾਨਾ ਤਿੰਨ ਹਜ਼ਾਰ ਰੁਪਏ ਅਤੇ ਸਜ਼ਾ ਦੋ ਸਾਲ ਹੋ ਜਾਂਦੀ ਹੈ। ਇਸੇ ਤਰ੍ਹਾਂ ਬਿਨਾਂ ਚਿਤਾਵਨੀ ਤੋਂ ਤੰਬਾਕੂ ਉਤਪਾਦ ਬਣਾਉਣ ਵਾਲੀਆਂ ਕੰਪਨੀਆਂ ਨੂੰ ਦੋ ਸਾਲ ਦੀ ਸਜ਼ਾ ਅਤੇ ਪੰਜ ਹਜ਼ਾਰ ਰੁਪਏ ਜੁਰਮਾਨਾ ਤੇ ਦੂਜੀ ਵਾਰ ਪੰਜ ਸਾਲਾਂ ਦੀ ਸਜ਼ਾ ਤੇ ਦਸ ਹਜ਼ਾਰ ਰੁਪਏ ਜੁਰਮਾਨਾ ਹੋ ਸਕਦਾ ਹੈ।

ਤੰਬਾਕੂ ਕੰਪਨੀਆਂ ਵਲੋਂ ਦਖ਼ਲਅੰਦਾਜ਼ੀ

ਤੰਬਾਕੂ ਕੰਟਰੋਲ ਨੂੰ ਲਾਗੂ ਕਰਨ ਵਿਚ ਤੰਬਾਕੂ ਕੰਪਨੀਆਂ ਕਈ ਤਰ੍ਹਾਂ ਦੇ ਅੜਿੱਕੇ ਪਾਉਂਦੀਆਂ ਨ। ਮਾਹਿਰ ਕੰਪਨੀਆਂ ਵੱਲੋਂ ਵਰਤੇ ਜਾਂਦੇ ਢੰਗ ਤਰੀਕਿਆਂ ਨੂੰ ਵੀ ਇਸ ਸਮੇਂ ਵੱਡੀ ਚੁਣੌਤੀ ਮੰਨ ਰਹੇ ਹਨ। ਤੰਬਾਕੂ ਉਤਪਾਦਾਂ 'ਤੇ 40 ਫ਼ੀਸਦੀ ਤੋਂ 85 ਫ਼ੀਸਦੀ ਕਰਨ ਤੋਂ ਬਾਅਦ ਤੰਬਾਕੂ ਕੰਪਨੀਆਂ ਨੇ ਬਹੁਤ ਰੌਲਾ ਰੱਪਾ ਪਾਇਆ ਸੀ। ਕਿਸਾਨਾਂ ਅਤੇ ਇਸ ਧੰਦੇ ਵਿਚ ਲੱਗੇ ਲੋਕਾਂ ਨੂੰ ਇਹ ਵਿਸ਼ਵਾਸ ਦਿਵਾਉਣ ਦੀ ਕੋਸ਼ਿਸ਼ ਕੀਤੀ ਗਈ ਕਿ ਉਨ੍ਹਾਂ ਦੇ ਢਿੱਡ 'ਤੇ ਲੱਤ ਮਾਰੀ ਜਾ ਰਹੀ ਹੈ। ਇੱਥੋਂ ਤੱਕ ਕਿ ਉਨ੍ਹਾਂ ਤੋਂ ਹੜਤਾਲਾਂ ਤੱਕ ਕਰਵਾਈਆਂ ਗਈਆਂ। ਕੰਪਨੀਆਂ ਤੰਬਾਕੂ ਦੁਕਾਨਦਾਰਾਂ ਦੀਆਂ ਦੁਕਾਨਾਂ 'ਤੇ ਬਹੁਤ ਹੀ ਪ੍ਰਭਾਵਸ਼ਾਲੀ ਇਸ਼ਤਿਹਾਰਬਾਜ਼ੀ ਕਰਦੀਆਂ ਹਨ ਤੇ ਦੁਕਾਨਦਾਰਾਂ ਨੂੰ ਮਹੀਨਾਵਾਰ ਕਿਰਾਇਆ ਵੀ ਦਿੰਦੀਆਂ ਹਨ, ਹਾਲਾਂ ਕਿ ਉਹ ਕਾਨੂੰਨ ਮੁਤਾਬਕ ਇਹ ਨਹੀਂ ਕਰ ਸਕਦੀਆਂ।

### ਤੰਬਾਕੂ ਕੰਪਨੀ ਨੇ 1300 ਕਰੋੜ ਲਾਏ

ਪੰਜਾਬ ਵਿਚ ਆਈਟੀਸੀ ਯਾਨੀ ਇੰਡੀਅਨ ਤੰਬਾਕੂ ਕੰਪਨੀ ਨੇ ਹੁਣ ਤੱਕ 1300 ਕਰੋੜ ਰੁਪਏ ਦੀ ਇਨਵੈਸਟਮੈਂਟ ਕਰਨ ਦਾ ਦਾਅਵਾ ਕੀਤਾ ਹੈ। ਤੰਬਾਕੂ ਇਸ ਕੰਪਨੀ ਦਾ ਮਹੱਤਵਪੂਰਨ ਵਪਾਰ ਹੈ ਤੇ ਇਹ ਹੋਰ ਵੀ ਬੜਾ ਕੁਝ ਬਣਾਉਂਦੀ ਹਾਲਾਂ ਕਿ ਪੰਜਾਬ ਵਿਚ ਇਸ ਨੇ ਫੂਡ ਪ੍ਰਾਸੈਸਿੰਗ ਪਲਾਂਟ ਲਗਾਉਣ ਲਈ ਪੈਸਾ ਲਾਇਆ ਹੈ। ਬਹੁਤ ਸਾਰੀਆਂ ਸਾਮਾਜਿਕ ਸੰਸਥਾਵਾਂ ਨੇ ਇਸ ਇਨਵੈਸਟਮੈਂਟ ਦਾ ਵਿਰੋਧ ਕੀਤਾ ਸੀ। ਸੰਸਥਾਵਾਂ ਦਾ ਮੱਤ ਹੈ ਕਿ ਕੰਪਨੀ ਤੰਬਾਕੂ ਦੇ ਵਪਾਰ ਵਿਚ ਵਾਧਾ ਕਰ ਸਕਦੀ ਹੈ।

### ਸਿਹਤ ਵਿਭਾਗ ਹੈ ਨੋਡਲ ਏਜੰਸੀ

ਪੰਜਾਬ ਵਿਚ ਤੰਬਾਕੂ ਕੰਟਰੋਲ ਨੂੰ ਲਾਗੂ ਕਰਨ ਲਈ ਸਿਹਤ ਵਿਭਾਗ ਨੂੰ ਨੋਡਲ ਏਜੰਸੀ ਬਣਾਇਆ ਗਿਆ ਹੈ। ਇਸ ਲਈ ਸੂਬਾ ਤੇ ਜ਼ਿਲ੍ਹਾ ਪੱਧਰ 'ਤੇ ਕਮੇਟੀਆਂ ਬਣਾਈਆਂ ਗਈਆਂ ਹਨ। ਇਹ ਕਮੇਟੀਆਂ ਜਨਤਕ ਸਥਾਨਾਂ 'ਤੇ ਤੰਬਾਕੂਨੋਸ਼ੀ ਕਰਨ ਵਾਲਿਆਂ ਨੂੰ ਜੁਰਮਾਨਾ ਵੀ ਕਰਦੀਆਂ ਹਨ। ਕਮੇਟੀਆਂ ਨੇ ਧਾਰਾ 4 ਤੇ 6 ਦੇ ਥੋੜ੍ਹਾ ਬਹੁਤ ਕੰਮ ਕੀਤਾ ਹੈ, ਪਰੰਤੂ 5 ਤੇ 7 ਨੂੰ ਲਾਗੂ ਕਰਨ ਲਈ ਕੋਈ ਕੰਮ ਨਹੀਂ ਕੀਤਾ ਗਿਆ। ਜ਼ਿਲ੍ਹਾ ਪੱਧਰੀ ਕਮੇਟੀਆਂ ਦੀਆਂ ਹਰ ਮਹੀਨੇ ਮੀਟਿੰਗਾਂ ਹੁੰਦੀਆਂ ਹਨ ਤੇ ਬਿਆਨ ਦੇ ਕੇ ਬੁੱਤਾ ਸਾਰ ਦਿੱਤਾ ਜਾਂਦਾ ਹੈ। ਸਾਰੇ ਜ਼ਿਲ੍ਹਿਆਂ ਤੋਂ ਰਿਪੋਰਟਾਂ ਇਹ ਹਨ ਕਿ ਨਾਬਾਲਗਾਂ ਨੂੰ ਵੀ ਤੰਬਾਕੂ ਵੇਚਿਆ ਜਾ ਰਿਹਾ ਹੈ ਅਤੇ ਤੰਬਾਕੂ ਉਤਪਾਦਾਂ ਦੀ ਮਸ਼ਹੂਰੀ ਵੀ ਹੋ ਰਹੀ ਹੈ। ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਜਿਸ ਨੂੰ ਗੁਰੂ ਕੀ ਨਗਰੀ ਵੀ ਕਿਹਾ ਜਾਂਦਾ ਹੈ, ਵਿਚ ਤੰਬਾਕੂ ਦੇ ਮਸ਼ਹੂਰੀ ਦੀ ਭਰਮਾਰ ਹੈ ਜੋ ਕਿ ਕਾਨੂੰਨ ਦੀ ਸਿੱਧੀ ਉਲੰਘਣਾ ਹੈ।

# ਲਾਲੂ ਯਾਦਵ ਨੂੰ ਚਾਰਾ ਘੁਟਾਲੇ 'ਚ ਚੌਥੀ ਸਜ਼ਾ

## ਜੱਜ ਵਲੋਂ 14 ਸਾਲਾਂ ਲਈ ਜੇਲ੍ਹ 'ਚ ਰੱਖਣ ਦਾ ਹੁਕਮ

**ਰਾਂਚੀ/ਬਿਊਰੋ ਨਿਊਜ਼:** ਇੱਥੋਂ ਦੀ ਇਕ ਵਿਸ਼ੇਸ਼ ਅਦਾਲਤ ਨੇ ਚਾਰਾ ਘੁਟਾਲੇ ਦੇ ਚੌਥੇ ਕੇਸ ਵਿੱਚ ਰਾਸ਼ਟਰੀ ਜਨਤਾ ਦਲ ਦੇ ਮੁਖੀ ਤੇ ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸ਼ਾਦ ਨੂੰ 14 ਸਾਲ ਦੀ ਕੈਦ ਤੇ 60 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਸੀਬੀਆਈ ਦੇ ਵਕੀਲ ਰਾਕੇਸ਼ ਪ੍ਰਸ਼ਾਦ ਨੇ ਦੱਸਿਆ ਕਿ ਸੀਬੀਆ ੀ ਜੱਜ ਸ਼ਿਵ ਪਾਲ ਸਿੰਘ ਨੇ ਆਈਪੀਸੀ ਤੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਸੱਤ-ਸੱਤ ਸਾਲ ਕੈਦ ਦੀਆਂ ਦੋ ਵੱਖ-ਵੱਖਰੀਆਂ ਸਜ਼ਾਵਾਂ ਸੁਣਾਈਆਂ। ਜੱਜ ਨੇ ਕਿਹਾ ਕਿ ਦੋਵੇਂ ਸਜ਼ਾਵਾਂ ਵਾਰੋ-ਵਾਰੀ ਚੱਲਣਗੀਆਂ।



ਐਡਵੋਕੇਟ ਵਿਸ਼ਨੂੰ ਸ਼ਰਮਾ ਨੇ ਅਦਾਲਤ ਦੇ ਫ਼ੈਸਲੇ ਦਾ ਖੁਲਾਸਾ ਕਰਦਿਆਂ ਕਿਹਾ " ਲਾਲੂ ਪ੍ਰਸਾਦ ਨੂੰ ਆਈਪੀਸੀ ਦੀ ਧਾਰਾ 420, 409, 467, 468, 471, 477 ਅਤੇ 120 ਬੀ ਤਹਿਤ ਸੱਤ ਸਾਲ ਦੀ ਕੈਦ ਤੇ 30 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗ ੀ ਹੈ। " ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ ਤਹਿਤ ਵੀ ਉਸ ਨੂੰ ਸੱਤ ਸਾਲ ਦੀ ਕੈਦ ਤੇ 30 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ।" ਸ੍ਰੀ ਸ਼ਰਮਾ ਨੇ ਦੱਸਿਆ ਕਿ ਜੁਰਮਾਨਾ ਨਾ ਭਰਨ 'ਤੇ ਦੋਸ਼ੀ ਨੂੰ ਦੋਵੇਂ ਕੇਸਾਂ ਵਿੱਚ ਇਕ-ਇਕ ਸਾਲ ਹੋਰ ਕੈਦ ਕੱਟਣੀ ਪਵੇਗੀ। ਅਦਾਲਤ ਨੇ ਇਸ ਕੇਸ ਵਿੱਚ 18 ਹੋਰਨਾਂ ਦੋਸ਼ੀਆਂ ਨੂੰ ਵੀ ਸਜ਼ਾ ਸੁਣਾਈ ਹੈ। ਪਸ਼ੂ ਪਾਲਣ ਵਿਭਾਗ ਦੇ ਸਾਬਕਾ ਖੇਤਰੀ ਡਾਇਰੈਕਟਰ ਓ ਪੀ ਦਿਵਾਕਰ ਨੂੰ ਵੀ ਇੰਨੀ ਹੀ ਸਜ਼ਾ ਸੁਣਾਈ ਗਈ ਹੈ। ਸਾਬਕਾ ਆਈਏਐਸ ਅਫ਼ਸਰ ਫੂਲਚੰਦ ਸਿੰਘ ਤੇ ਪਸ਼ੂ ਪਾਲਣ ਵਿਭਾਗ ਦੇ ਨੌਂ ਹੋਰ ਅਫ਼ਸਰਾਂ ਨੂੰ ਸੱਤ ਸਾਲ ਦੀ ਕੈਦ ਤੇ 30-30 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਹੈ। ਚਾਰਾ ਸਪਲਾਈ ਕਰਨ ਵਾਲੇ ਸੱਤ ਜਣਿਆਂ ਨੂੰ ਸਾਢੇ ਤਿੰਨ ਸਾਲ ਦੀ ਕੈਦ ਤੇ 15-15 ਲੱਖ ਰੁਪਏ ਦੀ ਸਜ਼ਾ ਸੁਣਾਈ ਗਈ ਹੈ। ਲਾਲੂ ਪ੍ਰਸਾਦ ਦੇ ਵਕੀਲ ਪ੍ਰਭਾਤ ਕੁਮਾਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਇਸ ਫ਼ੈਸਲੇ ਖ਼ਿਲਾਫ਼ ਹਾਈ ਕੋਰਟ ਵਿੱਚ ਅਪੀਲ ਕਰਨਗੇ। ਅਦਾਲਤ ਨੇ ਲੰਘੀ 19 ਮਾਰਚ ਨੂੰ ਦੁਮਕਾ ਖ਼ਜ਼ਾਨੇ ਦੇ ਕੇਸ ਵਿੱਚ 69 ਸਾਲਾ ਲਾਲੂ ਪ੍ਰਸਾਦ ਤੇ 18 ਹੋਰਨਾਂ ਨੂੰ ਦੋਸ਼ੀ ਕਰਾਰ ਦਿੱਤਾ ਸੀ। ਬਿਹਾਰ ਦੇ ਸਾਬਕਾ ਮੁੱਖ ਮੰਤਰੀ ਜਗਨਨਾਥ ਮਿਸ਼ਰਾ ਤੇ 12 ਹੋਰਨਾਂ ਨੂੰ ਬਰੀ ਕਰ ਦਿੱਤਾ ਗਿਆ ਸੀ। ਲਾਲੂ ਪ੍ਰਸਾਦ ਇਸ ਵੇਲੇ ਰਾਂਚੀ ਦੇ ਰਾਜਿੰਦਰਾ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਵਿੱਚ ਇਲਾਜ ਅਧੀਨ ਹਨ ਜਿੱਥੇ ਪਿਛਲੇ ਹਫ਼ਤੇ ਉਨ੍ਹਾਂ ਨੂੰ ਦਾਖ਼ਲ ਕਰਾਇਆ ਗਿਆ ਸੀ।

### ਸਾਰੀ ਕਾਰਵਾਈ ਸਿਆਸਤ ਤੋਂ ਪ੍ਰੇਰਿਤ: ਰਾਜਦ

ਪਟਨਾ: ਰਾਸ਼ਟਰੀ ਜਨਤਾ ਦਲ ਨੇ ਅਦਾਲਤ ਦੇ ਫ਼ੈਸਲੇ 'ਤੇ ਪ੍ਰਤੀਕਿਰਿਆ ਦਿੰਦਿਆਂ ਕਿਹਾ ਹੈ ਕਿ ਚਾਰਾ ਘੁਟਾਲੇ ਵਿੱਚ ਸੀਬੀਆਈ ਦੀ ਜਾਂਚ ਸਿਆਸਤ ਤੋਂ ਪ੍ਰੇਰਿਤ ਹੈ ਜਦਕਿ ਭਾਜਪਾ ਨੇ ਕਿਹਾ ਕਿ ਕਾਨੂੰਨ ਆਪਣਾ ਕੰਮ ਕਰ ਰਿਹਾ ਹੈ। ਰਾਜਦ ਦੇ ਕੌਮੀ ਤਰਜਮਾਨ ਮਨੋਜ ਝਾਅ ਨੇ ਕਿਹਾ " ਇਹ ਕੋਈ ਰਾਕੇਟ ਸਾਇੰਸ ਨਹੀਂ ਹੈ ਕਿ ਇਹ ਜਾਂਚ ਸਿਆਸਤ ਤੋਂ ਪ੍ਰੇਰਤ ਹੈ। ਸਾਨੂੰ ਪਹਿਲੀ ਘੜੀ ਤੋਂ ਹੀ ਨਿਆਂਪੂਰਨ ਫ਼ੈਸਲੇ ਦੀ ਉਮੀਦ ਨਹੀਂ ਸੀ ਜਿਸ ਕਰ ਕੇ ਮੈਂ ਬਹੁਤਾ ਕੁਝ ਨਹੀਂ ਕਹਿਣਾ ਚਾਹੁੰਦਾ ਕਿਉਂਕਿ ਜਾਂਚ ਹੀ ਨਾਕਸ ਹੈ।"

### ਸ਼ਤਰੂਘਨ ਸਿਨਹਾ ਵੱਲੋਂ ਲਾਲੂ ਦੀ ਮਿਜ਼ਾਜ-ਪੁਰਸ਼ੀ

ਪਟਨਾ: ਭਾਜਪਾ ਦੇ ਨਾਰਾਜ਼ ਆਗੂ ਸ਼ਤਰੂਘਨ ਸਿਨਹਾ ਨੇ ਸ਼ਨਿਚਰਵਾਰ ਨੂੰ ਆਰਜੇਡੀ ਮੁਖੀ ਲਾਲੂ ਪ੍ਰਸਾਦ ਨਾਲ ਰਾਂਚੀ ਦੇ ਹਸਪਤਾਲ 'ਚ ਮੁਲਾਕਾਤ ਕਰਕੇ ਉਨ੍ਹਾਂ ਦਾ ਹਾਲ-ਚਾਲ ਜਾਣਿਆ।

# ਆਮ ਆਦਮੀ ਪਾਰਟੀ ਦੀ ਵੱਡੀ ਨੈਤਿਕ ਜਿੱਤ

## ਚੋਣ ਕਮਿਸ਼ਨ ਵਲੋਂ ਆਪ ਦੇ 20 ਵਿਧਾਇਕਾਂ ਨੂੰ ਮੈਂਬਰੀ ਤੋਂ ਬਰਖ਼ਾਸਤ ਕਰਨ ਦਾ ਫੈਸਲਾ ਹਾਈ ਕੋਰਟ ਨੇ ਕੀਤਾ ਰੱਦ

**ਨਵੀਂ ਦਿੱਲੀ/ਨਿਊਜ਼ ਬਿਊਰੋ:** ਦਿੱਲੀ ਵਿੱਚ ਸੱਤਾਧਾਰੀ ਆਮ ਆਦਮੀ ਪਾਰਟੀ ਦੇ 20 ਵਿਧਾਇਕਾਂ ਨੂੰ ਦਿੱਲੀ ਹਾਈ ਕੋਰਟ ਨੇ ਲਾਭ ਦੇ ਦੋਹਰੇ ਅਹੁਦਿਆਂ ਦੇ ਮਾਮਲੇ ਵਿੱਚ ਰਾਹਤ ਦਿੰਦਿਆਂ ਚੋਣ ਕਮਿਸ਼ਨ ਵੱਲੋਂ ਉਨ੍ਹਾਂ ਨੂੰ ਵਿਧਾਨ ਸਭਾ ਤੋਂ ਬਰਖ਼ਾਸਤ ਕਰਨ ਦੇ ਨੋਟੀਫਿਕੇਸ਼ਨ ਨੂੰ ਰੱਦ ਕਰ ਦਿੱਤਾ ਤੇ ਭਾਰਤੀ ਚੋਣ ਕਮਿਸ਼ਨ ਨੂੰ ਮੁੜ ਤੋਂ ਇਸ ਮਾਮਲੇ ਦੀ ਸੁਣਵਾਈ ਕਰਨ ਦੇ ਆਦੇਸ਼ ਦਿੱਤੇ ਹਨ। ਅਦਾਲਤ ਨੇ ਕਿਹਾ ਹੈ ਕਿ ਵਿਧਾਇਕਾਂ ਦਾ ਪੱਖ ਨਾ ਸੁਣ ਕੇ ਕੁਦਰਤੀ ਨਿਆਂ ਨਹੀਂ ਦਿੱਤਾ ਗਿਆ।

ਹਾਈ ਕੋਰਟ ਦੇ ਜਸਟਿਸ ਸੰਜੀਵ ਖੰਨਾ ਤੇ ਜਸਟਿਸ ਚੰਦਰ ਸ਼ੇਖਰ ਦੀ ਅਗਵਾਈ ਵਾਲੇ ਬੈਂਚ ਨੇ ਸ਼ੁਕਰਵਾਰ ਨੂੰ ਸੁਣਾਏ ਅਪਣੇ 79 ਸਫ਼ੇ ਦੇ ਫ਼ੈਸਲੇ ਵਿੱਚ ਕਿਹਾ ਕਿ 19 ਜਨਵਰੀ 2018 ਦਾ ਚੋਣ ਕਮਿਸ਼ਨ ਦਾ ਫ਼ੈਸਲਾ ਵਿਗਾੜ ਵਾਲਾ ਹੈ ਤੇ ਚੋਣ ਕਮਿਸ਼ਨ ਕੁਦਰਤੀ ਨਿਆਂ ਦੇ ਸਿਧਾਂਤ ਦੀ ਪਾਲਣਾ ਕਰਨ ਵਿੱਚ ਨਾਕਾਮ ਰਿਹਾ ਜੋ ਕਿ ਕਾਨੂੰਨ ਦੀ ਗੜਬੜੀ ਸੀ ਕਿਉਂਕਿ ਵਿਧਾਇਕਾਂ ਦੀ ਜ਼ੁਬਾਨੀ ਸੁਣਵਾਈ ਨਹੀਂ ਕੀਤੀ ਗਈ ਸੀ। ਖਚਾਖਚ ਭਰੀ ਅਦਾਲਤ ਵਿੱਚ ਫ਼ੈਸਲਾ ਸੁਣਾਏ ਜਾਂਦਿਆਂ ਹੀ ਆਪ ਦੇ ਵੀਹ ਵਿਧਾਇਕ ਖ਼ੁਸ਼ੀ ਨਾਲ ਖੀਵੇ ਹੋ ਉੱਠੇ। ਇਨ੍ਹਾਂ ਵਿਧਾਇਕਾਂ ਨੂੰ ਚੋਣ ਕਮਿਸ਼ਨ ਨੇ ਕੇਜਰੀਵਾਲ ਸਰਕਾਰ ਵੱਲੋਂ ਸੰਸਦੀ ਸਕੱਤਰ ਬਣਾਏ ਜਾਣ ਕਰਕੇ ਲਾਭ ਦਾ ਦੋਹਰਾ ਅਹੁਦਾ ਮੰਨਦਿਆਂ ਬਰਖ਼ਾਸਤ ਕਰ ਦਿੱਤਾ ਸੀ। ਚੋਣ ਕਮਿਸ਼ਨ ਕੋਲ ਤਤਕਾਲੀ ਰਾਸ਼ਟਰਪਤੀ ਨੇ ਮਾਮਲਾ ਭੇਜਿਆ ਸੀ ਤੇ ਚੋਣ ਕਮਿਸ਼ਨ ਨੇ ਉਸ ਦੇ ਅਨੁਸਾਰ ਵਿਧਾਨ ਸਭਾ ਤੋਂ ਮੈਂਬਰੀ ਰੱਦ ਕਰ ਦਿੱਤੀ ਸੀ। ਵਿਧਾਇਕਾਂ ਨੇ ਕਮਿਸ਼ਨ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ।

ਉਧਰ ਇਹ ਮੁੱਦਾ ਉਠਾਉਣ ਵਾਲੇ ਕਾਂਗਰਸ ਦੇ ਸੂਬਾ ਪ੍ਰਧਾਨ ਅਜੈ ਮਾਕਨ ਨੇ ਕਿਹਾ ਕਿ ਉਹ ਵਿਧਾਇਕਾਂ ਵੱਲੋਂ ਦੋਹਰੇ ਲਾਭ ਦਾ ਮਾਮਲਾ ਮੁੜ ਚੋਣ ਕਮਿਸ਼ਨ ਕੋਲ ਲੈ ਕੇ ਜਾਣਗੇ। ਉਨ੍ਹਾਂ ਕਿਹਾ ਕਿ ਹਾਈ ਕੋਰਟ ਨੇ ਚੋਣ ਕਮਿਸ਼ਨ ਨੂੰ ਕੁਦਰਤੀ ਨਿਆਂ ਤਹਿਤ ਵਿਧਾਇਕਾਂ ਦਾ ਪੱਖ ਮੁੜ ਸੁਣਨ ਲਈ ਕਿਹਾ ਹੈ ਪਰ ਹਾਈ ਕੋਰਟ ਨੇ ਰਾਸ਼ਟਰਪਤੀ ਦੇ ਫ਼ੈਸਲੇ ਮਗਰੋਂ ਚੋਣ ਕਮਿਸ਼ਨ ਦੇ ਫ਼ੈਸਲੇ ਨੂੰ ਗਲਤ ਕਰਾਰ ਨਹੀਂ ਦਿੱਤਾ, ਇਹ ਫੌਰੀ ਰਾਹਤ ਹੀ ਹੈ। ਇਸ ਫ਼ੈਸਲੇ ਮਗਰੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸੱਚ ਦੀ ਜਿੱਤ ਹੈ ਤੇ ਦਿੱਲੀ ਦੇ ਲੋਕਾਂ ਵੱਲੋਂ ਚੁਣੇ ਨੁਮਾਇੰਦਿਆਂ ਨੂੰ ਗਲਤ ਤਰੀਕੇ ਨਾਲ ਬਰਖ਼ਾਸਤ ਕੀਤਾ ਗਿਆ ਸੀ। ਤਿਲਕ ਨਗਰ ਦੇ ਵਿਧਾਇਕ ਜਰਨੈਲ ਸਿੰਘ ਨੇ ਕਿਹਾ ਕਿ ਹੁਣ ਦਿੱਲੀ ਵਿੱਚ ਉਪ ਚੋਣਾਂ ਨਹੀਂ ਹੋਣਗੀਆਂ ਤੇ ਵਿਧਾਇਕ ਲੋਕਾਂ ਦੇ ਕੰਮ ਕਰ ਸਕਣਗੇ।

'ਆਪ' ਦੇ ਬੁਲਾਰੇ ਵਿਧਾਇਕ ਸੌਰਭ ਭਾਰਦਵਾਜ ਨੇ ਫ਼ੈਸਲੇ ਮਗਰੋਂ ਕਿਹਾ ਕਿ ਤਤਕਾਲੀ ਚੋਣ ਕਮਿਸ਼ਨ ਨੇ ਕੇਂਦਰ ਨੂੰ ਖ਼ੁਸ਼ ਕਰਨ ਲਈ 'ਆਪ' ਵਿਧਾਇਕਾਂ ਨੂੰ ਬਰਖ਼ਾਸਤ ਕਰਕੇ ਲੋਕਤੰਤਰੀ ਰਵਾਇਤਾਂ ਦਾ ਘਾਣ ਕੀਤਾ ਸੀ। ਦਿੱਲੀ ਵਿਧਾਨ ਸਭਾ ਦੇ ਸਪੀਕਰ ਰਾਮ ਨਿਵਾਸ ਗੋਇਲ ਨੇ ਕਿਹਾ ਕਿ ਅਦਾਲਤੀ ਫ਼ੈਸਲੇ ਮਗਰੋਂ ਮੌਜੂਦਾ ਚੱਲ ਰਹੇ ਬਜਟ ਸੈਸ਼ਨ ਦੌਰਾਨ ਸਦਨ ਦੀ ਕਾਰਵਾਈ ਵਿੱਚ ਉਹ ਵੀਹ ਵਿਧਾਇਕਾਂ ਨੂੰ ਸ਼ਾਮਲ ਹੋਣ ਦੇਣਗੇ। ਇਸੇ ਦੌਰਾਨ 'ਆਪ' ਵਿਧਾਇਕ ਜਤਿੰਦਰ ਸਿੰਘ ਤੋਮਰ ਨੇ ਸਦਨ ਵਿੱਚ ਕਿਹਾ ਕਿ ਅੱਜ ਦਾ ਦਿਨ ਵਿਧਾਨ ਸਭਾ ਲਈ ਵਿਸ਼ੇਸ਼ ਹੈ। ਇਸ ਦੌਰਾਨ ਹੀ ਸਪੀਕਰ ਨੇ ਭਾਜਪਾ ਦੇ ਸਦਨ ਤੋਂ ਮੁਅੱਤਲ ਕੀਤੇ ਗਏ ਵਿਧਾਇਕ ਓ.ਪੀ. ਸ਼ਰਮਾ ਨੂੰ ਮੁੜ ਸਦਨ ਆਉਣ ਦੀ ਇਜਾਜ਼ਤ ਦੇ ਦਿੱਤੀ। ਆਪ ਨੇ ਅੱਜ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਉਸਦੇ ਵੀਹ ਵਿਧਾਇਕਾਂ ਨੂੰ ਅਯੋਗ ਠਹਿਰਾਏ ਜਾਣਾ ਚੁਣੀ ਹੋਈ ਸਰਕਾਰ ਨੂੰ ਅਸਥਿਰ ਕਰਨ ਦੀ ਗੰਭੀਰ ਕੋਸ਼ਿਸ਼ ਸੀ ਅਤੇ ਚੋਣ ਕਮਿਸ਼ਨਰ ਇਸ ਕਾਰਵਾਈ ਲਈ ਅਸਤੀਫ਼ਾ ਦੇਣ ਜਾਂ ਫਿਰ ਮੁਆਫੀ ਮੰਗਣ।

ਆਪ ਦੀ ਦਿੱਲੀ ਇਕਾਈ ਦੇ ਮੁੱਖ ਬੁਲਾਰੇ ਸੌਰਵ ਭਾਰਦਵਾਜ ਨੇ ਸਾਬਕਾ ਮੁੱਖ ਚੋਣ ਕਮਿਸ਼ਨਰ ਏ ਕੇ ਜਿਓਤੀ ਨੂੰ ਨਿਸ਼ਾਨਾਂ ਬਣਾਉਂਦਿਆਂ ਕਿਹਾ ਕਿ ਉਸ ਨੇ ਇਹ ਫੈਸਲਾ ਕੇਂਦਰ ਸਰਕਾਰ ਨੂੰ ਖ਼ੁਸ਼ ਕਰਨ ਲਈ ਕੀਤਾ ਸੀ। ਪਾਰਟੀ ਆਗੂ ਆਸ਼ੂਤੋਸ਼ ਨੇ ਕਿਹਾ ਕਿ ਚੋਣ ਕਮਿਸ਼ਨ ਦਾ ਫੈਸਲਾ ਲੋਕਾਂ ਦੇ ਫ਼ਤਵੇ ਉੱਤੇ ਡਾਕਾ ਮਾਰਨ ਬਰਾਬਰ ਸੀ।



ਦਿੱਲੀ ਹਾਈ ਕੋਰਟ ਦੇ ਫ਼ੈਸਲੇ ਮਗਰੋਂ ਵਿਧਾਇਕਾਂ ਨਾਲ ਖ਼ੁਸ਼ੀ ਮਨਾਉਂਦੇ ਹੋਏ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਅਤੇ ਉਪ ਮੁੱਖ ਮੰਤਰੀ ਸਿਸੋਦੀਆ।

### ਚੋਣ ਕਮਿਸ਼ਨ ਵੱਲੋਂ ਸੁਪਰੀਮ ਕੋਰਟ 'ਚ ਜਾਣ ਦੇ ਸੰਕੇਤ

**ਨਵੀਂ ਦਿੱਲੀ/ਨਿਊਜ਼ ਬਿਊਰੋ:** ਚੋਣ ਕਮਿਸ਼ਨ ਨੇ ਇਸ਼ਾਰਾ ਕੀਤਾ ਹੈ ਕਿ ਵੀਹ ਵਿਧਾਇਕਾਂ ਨੂੰ ਮੁਅੱਤਲ ਕਰਨ ਦੇ ਫੈਸਲੇ ਨੂੰ ਰੱਦ ਕਰਨ ਸਬੰਧੀ ਦਿੱਲੀ ਹਾਈ ਕੋਰਟ ਦੇ ਫੈਸਲੇ ਨੂੰ ਉਸ ਦਾ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣ ਦਾ ਕੋਈ ਇਰਾਦਾ ਨਹੀਂ ਹੈ। ਕਮਿਸ਼ਨ ਕੋਲ ਸੁਪਰੀਮ ਕੋਰਟ ਵਿੱਚ ਜਾਣ ਦੀ ਕੋਈ ਉਦਾਹਰਣ ਨਹੀ ਹੈ। ਮੁੱਖ ਚੋਣ ਕਮਿਸ਼ਨਰ ਓਪੀ ਰਾਵਤ ਨੇ ਹਾਈ ਕੋਰਟ ਦੇ ਫੈਸਲੇ ਉੱਤੇ ਕਿਸੇ ਪ੍ਰਕਾਰ ਦੀ ਟਿੱਪਣੀ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਪਹਿਲਾਂ ਹਾਈਕੋਰਟ ਦੇ ਹੁਕਮ ਦੀ ਕਾਪੀ ਦੇਖ ਲੈਣ ਦਿਓ ਤਾਂ ਫਿਰ ਦਫਤਰ ਕਾਰਵਾਈ ਕਰਨ ਬਾਰੇ ਫੈਸਲਾ ਕਰੇਗਾ।

# ਪੰਜਾਬ 'ਚ ਨਸ਼ਿਆਂ ਖ਼ਿਲਾਫ਼ ਇਨਕਲਾਬੀ ਮੁਹਿੰਮ ਦੀ ਕੈਪਟਨ ਵਲੋਂ ਧੂਮ ਧੜੱਕੇ ਨਾਲ ਸ਼ੁਰੂਆਤ

**ਬੰਗਾ/ਨਿਊਜ਼ ਬਿਊਰੋ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬੰਗਾ 'ਚ ਕਰਵਾਏ ਇੱਕ ਸੂਬਾ ਪੱਧਰ ਦੇ ਵਿਸ਼ੇਸ਼ ਸਮਾਗਮ ਮੌਕੇ ਦੇਸ਼ ਦੇ ਮਹਾਨ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਨੌਜਵਾਨਾਂ ਦੇ ਸ਼ਕਤੀਕਰਨ ਦਾ ਤਹੱਈਆ ਕੀਤਾ ਤੇ ਪੰਜਾਬ ਵਾਸੀਆਂ ਨੂੰ ਸੂਬੇ ਵਿੱਚੋਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟ ਦੇਣ ਲਈ ਸਹਿਯੋਗ ਕਰਨ ਦਾ ਸੱਦਾ ਦਿੱਤਾ। 23 ਮਾਰਚ ਦਾ ਇਹ ਇਤਿਹਾਸਕ ਦਿਹਾੜਾ ਨੌਜਵਾਨਾਂ ਦੇ ਸ਼ਕਤੀਕਰਨ ਨੂੰ ਸਮਰਪਿਤ ਕਰਦਿਆਂ ਮੁੱਖ ਮੰਤਰੀ ਨੇ ਡੈਪੋ (ਡਰੱਗ ਐਬਿਊਜ਼ ਪ੍ਰੀਵੈਨਸ਼ਨ ਅਫਸਰ) ਮੁਹਿੰਮ ਸ਼ੁਰੂ ਕੀਤੀ ਜਿਸ ਤਹਿਤ ਨਸ਼ਿਆਂ ਵਿਰੁੱਧ ਵਿੱਢੀ ਜੰਗ 'ਚ ਪੰਜਾਬ ਦੇ ਨਾਗਰਿਕਾਂ ਤੇ ਸਰਕਾਰੀ ਮੁਲਾਜ਼ਮਾਂ ਨੂੰ ਵੀ ਜੋੜਿਆ ਗਿਆ ਹੈ। ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਡੈਪੋ ਮੁਹਿੰਮ ਤਹਿਤ ਆਪਣੇ ਆਲੇ-ਦੁਆਲੇ, ਮੁਹੱਲਿਆਂ ਜਾਂ ਸਬੰਧਤ ਥਾਵਾਂ 'ਤੇ ਕੰਮ ਕਰਨ ਲਈ ਹੋਰ ਸਮਰਪਿਤ ਵਾਲੰਟੀਅਰ ਨਾਲ ਜੋੜੇ ਜਾਣਗੇ ਜੋ ਸਥਾਨਕ ਪ੍ਰਸ਼ਾਸਨ, ਪੁਲੀਸ ਅਤੇ ਐੱਸਟੀਐੱਫ ਨਾਲ ਤਾਲਮੇਲ ਬਿਠਾਉਣਗੇ। ਉਨ੍ਹਾਂ ਦੱਸਿਆ ਕਿ ਸਰਕਾਰ ਦੀ ਮੁਹਿੰਮ ਦੌਰਾਨ ਡੈਪੋ ਦੀ ਵੈੱਬਸਾਈਟ 'ਤੇ ਹੁਣ ਤੱਕ 4.25 ਲੱਖ ਵਾਲੰਟੀਅਰ ਰਜਿਸਟਰ ਹੋ ਚੁੱਕੇ ਹਨ ਅਤੇ ਇਸ ਸਬੰਧੀ ਹੋਰ ਅਰਜ਼ੀਆਂ ਆਉਣ ਦੀ ਸੰਭਾਵਨਾ ਹੈ। ਮੁੱਖ ਮੰਤਰੀ ਨੇ ਇਸ ਮੌਕੇ ਸ਼ਹੀਦਾਂ ਦੀ ਯਾਦ ਵਿੱਚ ਬਣੀ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਯਾਦਗਾਰ ਅਤੇ ਅਜਾਇਬ ਘਰ ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ। ਮੁੱਖ ਮੰਤਰੀ ਨੇ ਸ਼ਹੀਦ ਭਗਤ ਸਿੰਘ ਦੇ ਬੁੱਤ 'ਤੇ ਫੁੱਲ ਮਾਲਾ ਭੇਟ ਕੀਤੀ ਅਤੇ ਸ਼ਹੀਦ ਭਗਤ ਸਿੰਘ ਦੇ ਪਿਤਾ ਸਰਦਾਰ ਕਿਸ਼ਨ ਸਿੰਘ ਦੀ ਯਾਦਗਾਰ 'ਤੇ ਸ਼ਰਧਾਂਜਲੀ ਦਿੱਤੀ।




### ਮੁਹਾਲੀ ਹਵਾਈ ਅੱਡੇ ਦੇ ਨਾਂ ਦਾ ਮਾਮਲਾ ਕੇਂਦਰ ਕੋਲ ਚੁੱਕਾਂਗੇ: ਕੈਪਟਨ

ਮੁਹਾਲੀ ਦੇ ਕੌਮਾਂਤਰੀ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਦੀ ਮੰਗ ਦਾ ਜ਼ਿਕਰ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੂਬਾ ਸਰਕਾਰ ਪਹਿਲਾਂ ਹੀ ਇਸ ਮਸਲੇ ਨੂੰ ਭਾਰਤ ਸਰਕਾਰ ਕੋਲ ਉਠਾ ਚੁੱਕੀ ਹੈ ਅਤੇ ਉਹ ਨਿੱਜੀ ਤੌਰ 'ਤੇ ਵੀ ਇਹ ਮਾਮਲਾ ਉਠਾਉਣਗੇ।

ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਨੌਜਵਾਨਾਂ ਨੂੰ ਇਨ੍ਹਾਂ ਸ਼ਹੀਦਾਂ ਦੀ ਕੁਰਬਾਨੀ ਤੋਂ ਪ੍ਰੇਰਣਾ ਲੈ ਕੇ ਆਪਣੇ ਅੰਦਰ ਦੇਸ਼ ਭਗਤੀ ਦਾ ਜਜ਼ਬਾ ਪੈਦਾ ਕਰਨ ਦਾ ਸੱਦਾ ਦਿੱਤਾ। ਸ੍ਰੀ ਸਿੱਧੂ ਨੇ ਮੁੱਖ ਮੰਤਰੀ ਨੂੰ ਨੌਜਵਾਨਾਂ ਲਈ ਨਵੀਂ ਨੀਤੀ ਬਣਾਉਣ ਦੀ ਬੇਨਤੀ ਕੀਤੀ ਜਿਸ ਰਾਹੀਂ ਉਨ੍ਹਾਂ ਨੂੰ ਮਿਆਰੀ ਸਿੱਖਿਆ ਅਤੇ ਰੁਜ਼ਗਾਰ ਮਿਲੇ ਤਾਂ ਨੌਜਵਾਨਾਂ ਨੂੰ ਵਿਦੇਸ਼ਾਂ ਵੱਲ ਭੱਜਣ ਤੋਂ ਰੋਕਿਆ ਜਾ ਸਕੇ ਅਤੇ ਵਿਦੇਸ਼ਾਂ 'ਚ ਬੈਠੇ ਨੌਜਵਾਨਾਂ ਨੂੰ ਵਤਨ ਵੱਲ ਮੋੜਿਆ ਜਾ ਸਕੇ। ਇਸ ਮੌਕੇ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਸਤਵੀਰ ਸਿੰਘ ਪੱਲੀ ਝਿੱਕੀ ਦੀ ਅਗਵਾਈ ਹੇਠ ਮੁੱਖ ਮੰਤਰੀ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਸ਼ਹੀਦ ਭਗਤ ਸਿੰਘ, ਸੁਖਦੇਵ ਦੇ ਪਰਿਵਾਰਕ ਮੈਂਬਰ, ਸ਼ੇਰ ਸਪਾਟਾ ਤੇ ਸੱਭਿਆਚਾਰਕ ਦੇ ਅਧਿਕਾਰੀਆਂ ਤੋਂ ਇਲਾਵਾ ਵਿਧਾਇਕ ਅੰਗਦ ਸਿੰਘ, ਚੌਧਰੀ ਦਰਸ਼ਨ ਲਾਲ ਮੰਗੂਪੁਰ ਅਤੇ ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਅਮਰਪ੍ਰੀਤ ਸਿੰਘ ਲਾਲੀ ਵੀ ਹਾਜ਼ਰ ਸਨ।

# ਕੈਪਟਨ ਦੇ ਵਾਅਦਿਆਂ ਤੇ ਦਾਅਵਿਆਂ ਦੇ ਉੱਲਟ ਪੰਜਾਬ ਅਜੇ ਵੀ ਸ਼ਰੇਆਮ ਹੁੰਦੈ ਨਸ਼ਿਆਂ ਦਾ ਕਾਰੋਬਾਰ

**ਮੋਗਾ/ਬਿਊਰੋ ਨਿਊਜ਼:**

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਵਿੱਚ ਵਧਦੇ ਨਸ਼ਿਆਂ ਦੇ ਛੇਵੇਂ ਦਰਿਆ ਨੂੰ ਮੋਤੀਆਂ ਵਾਲੀ ਸਰਕਾਰ ਵੀ ਠੱਲ੍ਹ ਨਹੀਂ ਪਾ ਸਕੀ। ਨਸ਼ਾ, ਰੇਤ, ਕੇਬਲ, ਟਰਾਂਸਪੋਰਟ ਮਾਫੀਆ ਨੇ ਅਮੀਰ ਸੂਬੇ ਪੰਜਾਬ ਨੂੰ ਕੱਖੋਂ ਹੌਲਾ ਕਰਕੇ ਰੱਖ ਦਿੱਤਾ।

ਨਸ਼ਿਆਂ ਦੀ ਆਦਤ ਕਾਰਨ ਪੰਜਾਬ ਦੀ ਜਵਾਨੀ ਦਾ ਸਰੀਰ ਨਿੱਸਲ ਹੋ ਗਿਆ, ਨਾ ਹ ਸ਼ਕਲ-ਸੂਰਤ ਹੀ ਰਹੀ ਅਤੇ ਨਾ ਹੀ ਤਕੜਾ ਜੁੱਸਾ। ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਪੁਲੀਸ ਜ਼ਮੀਨੀ ਪੱਧਰ 'ਤੇ ਨਸ਼ਿਆਂ ਦੀ ਸਪਲਾਈ ਚੇਨ ਤੋੜਨ ਵਿੱਚ ਅਸਫ਼ਲ ਸਾਬਤ ਹੋਈ ਹੈ। ਭਾਵੇਂ ਪੁਲੀਸ ਨੇ ਹੁਣ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਪੂਰਾ ਤਾਣ ਲਾ ਦਿੱਤਾ ਹੈ ਪਰ ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਆਮ ਨਸ਼ੇੜੀਆਂ ਜਾਂ ਛੋਟੇ ਤਸਕਰਾਂ ਤੱਕ ਸੀਮਤ ਹੈ। ਪੁਲੀਸ ਦੀ ਸਖ਼ਤੀ ਕਾਰਨ ਨਸ਼ਾ ਬੰਦ ਹੋਣ ਦੀ ਥਾਂ ਮਹਿੰਗਾ ਹੋ ਗਿਆ ਹੈ। ਭਾਵੇਂ ਹਰ ਪਿੰਡ ਵਿੱਚ ਨਸ਼ਾ ਵਿਕ ਰਿਹਾ ਹੈ ਪਰ ਇੱਥੇ ਨਸ਼ਿਆਂ ਲਈ ਬਦਨਾਮ ਪਿੰਡਾਂ ਦੌਲੇਵਾਲਾ ਮਾਇਰ, ਨੂਰਪੁਰ ਹਕੀਮਾਂ ਤੇ ਕੋਟ ਮੁਹੰਮਦ ਖਾਂ ਦੇ ਬਹੁਤੇ ਤਸਕਰ ਜੇਲ੍ਹਾਂ ਵਿੱਚ ਹਨ ਪਰ ਧੰਦਾ ਬੇਰੋਕ ਜਾਰੀ ਹੈ। ਪੁਲੀਸ ਅਧਿਕਾਰੀ ਵੀ ਮੰਨਦੇ ਹਨ ਕਿ ਨਸ਼ਿਆਂ ਨੂੰ ਠੱਲ੍ਹ ਪਾਉਣੀ ਸੌਖੀ ਨਹੀਂ। ਜ਼ਿਲ੍ਹਾ ਪੁਲੀਸ ਮੁਖੀ ਰਾਜਜੀਤ ਸਿੰਘ ਹੁੰਦਲ ਨੇ ਇੱਥੇ ਡਰੱਗ ਸੈੱਲ ਮੁਖੀ ਨੂੰ ਛੱਡ ਕੇ ਬਾਕੀ ਸਾਰਾ ਅਮਲਾ ਬਦਲ ਦਿੱਤਾ ਹੈ। ਪਿੰਡ ਦੌਲੇਵਾਲਾ ਦੇ ਪੰਚ ਹਰਬੰਸ ਸਿੰਘ ਤੇ ਹੋਰਾਂ ਨੇ ਕਿਹਾ ਕਿ ਪਿੰਡ ਵਿੱਚ ਇੱਜ਼ਤਦਾਰ ਲੋਕ ਵੀ ਹਨ ਪਰ ਕੁਝ ਲੋਕਾਂ ਕਾਰਨ ਇਸ ਪਿੰਡ ਦੇ ਮੱਥੇ ਉੱਤੇ ਕਲੰਕ ਲੱਗ ਗਿਆ ਹੈ। ਉਨ੍ਹਾਂ ਕਿਹਾ ਕਿ ਭਾਵੇਂ ਪਿੰਡ ਵਿੱਚ ਪੁਲੀਸ ਚੌਕੀ ਬਿਠਾ ਦਿੱਤੀ ਗਈ ਹੈ, ਪਰ ਪੁਲੀਸ ਇਮਾਨਦਾਰੀ ਨਾਲ ਆਪਣੀ ਜ਼ਿੰਮੇਵਾਰੀ ਨਿਭਾਵੇ ਤਾਂ ਡਰੱਗ ਐਬਿਊਜ਼ ਪ੍ਰੀਵੈਨਸ਼ਨ ਅਫਸਰ (ਡੇਪੋ) ਦੀ ਵੀ ਲੋੜ ਨਹੀਂ। ਉਨ੍ਹਾਂ ਦਾਅਵਾ ਕੀਤਾ ਕਿ ਪੁਲੀਸ ਦੀ ਸਖ਼ਤੀ ਦਾ ਕੋਈ ਬਹੁਤਾ ਫ਼ਰਕ ਨਹੀਂ ਪਿਆ। ਪਿੰਡ ਨੂਰਪੁਰ ਹਕੀਮਾਂ ਦੀ ਮਹਿਲਾ ਸਰਪੰਚ ਕੁਲਵਿੰਦਰ ਕੌਰ ਦੇ ਪਤੀ ਸਾਬਕਾ ਸਰਪੰਚ ਅਸ਼ੋਕ ਸਿੰਘ ਨੇ ਕਿਹਾ ਕਿ ਜੇ ਪਹਿਲਾਂ ਸਖ਼ਤੀ ਹੁੰਦੀ ਤਾਂ ਅੱਜ ਪਿੰਡ ਦਾ ਇਹ ਹਾਲ ਨਾ ਹੁੰਦਾ। ਉਨ੍ਹਾਂ ਦਾਅਵਾ ਕੀਤਾ ਕਿ ਪਿੰਡ 'ਚ ਨਸ਼ੇ ਦੀ ਵਿਕਰੀ ਬਰਕਰਾਰ ਹੈ। ਉਨ੍ਹਾਂ ਕਿਹਾ ਕਿ ਪੁਲੀਸ ਲਈ ਕਥਿਤ ਕਮਾਈ ਦੇ ਸਾਧਨ ਬਣੇ ਇਸ ਧੰਦੇ ਨੂੰ ਨਕੇਲ ਪਾਉਣ ਲਈ ਪੁਲੀਸ-ਤਸਕਰ ਗੱਠਜੋੜ ਤੋੜਨ ਦੀ ਲੋੜ ਹੈ। ਇੱਥੇ ਡਰੱਗ ਸੈੱਲ ਮੁਖੀ ਇੰਸਪੈਕਟਰ ਰਮੇਸ਼ਪਾਲ ਨੇ ਪੁਲੀਸ ਦੀ ਸਖ਼ਤੀ ਤੇ ਦਬਾਅ ਕਾਰਨ ਨਸ਼ੇ ਨੂੰ ਠੱਲ੍ਹ ਪੈਣ ਦਾ ਦਾਅਵਾ ਕਰਦਿਆਂ ਇਹ ਮੰਨਿਆ ਕਿ ਨਸ਼ਿਆਂ ਨੂੰ ਪਿੰਡਾਂ ਵਿੱਚ ਹੁਣ ਔਰਤਾਂ ਨੇ ਕਿੱਤਾ ਬਣਾ ਲਿਆ ਹੈ।

# ਭਗਤ ਸਿੰਘ ਤੇ ਸਾਵਰਕਰ ਦਾ ਰਾਸ਼ਟਰਵਾਦ

**ਸੁਰਿੰਦਰਪਾਲ ਸਿੰਘ ਗੋਲਡੀ**

ਅੱਜ ਭਾਰਤ ਵਿਚ ਰਾਸ਼ਟਰਵਾਦ ਦੀ ਅੰਨ੍ਹੀ ਪੱਟੀ ਬੰਨ੍ਹੀ ਹਜੂਮ, ਗਲੀਆਂ, ਚੌਰਾਹਿਆਂ ਵਿਚ ਦਨਦਨਾਉਂਦਾ ਫਿਰਦਾ ਹੈ। ਰਾਸ਼ਟਰਵਾਦ ਦੇ ਨਾਮ 'ਤੇ ਹੋ ਰਹੀ ਹਿੰਸਾ ਤੇ ਕੇਂਦਰੀ ਹਕੂਮਤ ਦੀ ਚੁੱਪ ਖਤਰਨਾਕ ਮਾਹੌਲ ਸਿਰਜ ਰਹੀ ਹੈ। ਅਜਿਹੇ ਸਮੇਂ ਵਿਚ ਦੋ 'ਬੁੱਧੀਜੀਵੀਆਂ' ਸਰਦਾਰ ਭਗਤ ਸਿੰਘ ਤੇ ਸਾਵਰਕਰ ਦੇ ਰਾਸ਼ਟਰਵਾਦ ਨੂੰ ਲੈ ਕੇ ਵਿਚਾਰ ਚਰਚਾ ਵਿਚ ਹਨ। ਇਨ੍ਹਾਂ ਵਿਚੋਂ ਇਕ ਨਿਰਪੱਖਤਾ ਨਾਲ ਰਾਸ਼ਟਰਵਾਦ ਜਿਹਦੇ ਵਿਚ ਸਮੁੱਚਾ ਰਾਸ਼ਟਰ ਸ਼ਾਮਲ ਹੈ, ਉਹਦੀ ਗੱਲ ਕਰਦਾ ਹੈ ਅਤੇ ਇਸ ਰਾਸ਼ਟਰ ਲਈ ਮਰਨ, ਮਾਰਨ ਤੱਕ ਜਾ ਅੱਪੜਦਾ ਹੈ ਤੇ ਦੂਜਾ ਸਾਵਰਕਰ ਨਿਰੋਲ ਬ੍ਰਾਹਮਣਵਾਦੀ ਹੈ ਤੇ ਜਾਨ ਬਖਸ਼ਣ ਲਈ ਲਿਲਕੜੀਆਂ ਕੱਢਦਾ ਹੈ। ਭਗਤ ਸਿੰਘ ਤੇ ਸਾਵਰਕਰ ਦੋ ਪਟੀਸ਼ਨਾਂ ਜੋ ਹਿੰਦ ਤੇ ਹਿੰਦੂਤਵ ਦਾ ਅੰਤਰ ਦੱਸਦੀਆਂ ਹਨ। 86 ਸਾਲ ਪਹਿਲਾਂ 23 ਮਾਰਚ 1931 ਨੂੰ ਸ਼ਹੀਦ ਭਗਤ ਸਿੰਘ ਤੇ ਉਸ ਦੇ ਦੋ ਬੇਹੱਦ ਨੇੜਲੇ ਸਾਥੀ ਸ਼ਹੀਦ ਰਾਜਗੁਰੂ ਤੇ ਸ਼ਹੀਦ ਸੁਖਦੇਵ ਨੂੰ ਬ੍ਰਿਟਿਸ਼ ਸਰਕਾਰ ਨੇ ਫਾਂਸੀ 'ਤੇ ਲਟਕਾ ਦਿੱਤਾ ਸੀ। ਆਪਣੀ ਸ਼ਹਾਦਤ ਦੇ ਵਕਤ ਭਗਤ ਸਿੰਘ ਸਿਰਫ 23 ਸਾਲ ਦੇ ਸਨ, ਇਸ ਤੱਥ ਦੇ ਬਾਵਜੂਦ ਭਗਤ ਸਿੰਘ ਦੇ ਸਾਹਮਣੇ ਉਸ ਦੀ ਪੂਰੀ ਜ਼ਿੰਦਗੀ ਪਈ ਹੋਈ ਸੀ। ਉਨ੍ਹਾਂ ਨੇ ਅੰਗਰੇਜ਼ ਸਰਕਾਰ ਕੋਲੋਂ ਮਾਫੀ ਪੱਤਰ ਭੇਜਣ ਤੋਂ ਇਨਕਾਰ ਕਰ ਦਿੱਤਾ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਸ਼ੁੱਭਚਿੰਤਕ ਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਚਾਹੁੰਦੇ ਸਨ ਕਿ ਭਗਤ ਸਿੰਘ ਅੰਗਰੇਜ਼ ਸਰਕਾਰ ਕੋਲੋਂ ਮਾਫੀ ਮੰਗ ਕੇ ਛੁੱਟ ਜਾਵੇ। ਪਰ ਭਗਤ ਸਿੰਘ ਨੇ ਆਪਣੀ ਆਖਰੀ ਪਟੀਸ਼ਨ ਤੇ ਵਸੀਅਤਨਾਮੇ ਵਿਚ ਇਹ ਮੰਗ ਕੀਤੀ ਕਿ ਅੰਗਰੇਜ਼ ਉਨ੍ਹਾਂ 'ਤੇ ਲਗਾਏ ਗਏ ਇਸ ਦੋਸ਼ ਤੋਂ ਨਾ ਮੁਕਰਨ ਕਿ ਉਨ੍ਹਾਂ ਨੇ ਅੰਗਰੇਜ਼ ਰਾਜ ਦੇ ਖਿਲਾਫ ਯੁੱਧ ਛੇੜਿਆ ਸੀ। ਉਨ੍ਹਾਂ ਦੀ ਇਕ ਹੋਰ ਮੰਗ ਸੀ ਕਿ ਉਨ੍ਹਾਂ ਨੂੰ ਗੋਲੀ ਨਾਲ ਉਡਾ ਦਿੱਤਾ ਜਾਵੇ, ਫਾਂਸੀ ਦੇ ਦੁਆਰਾ ਮੌਤ ਨਾ ਦਿੱਤੀ ਜਾਵੇ। ਇਹ ਦਸਤਾਵੇਜ਼ ਭਾਰਤ ਬਾਰੇ ਉਨ੍ਹਾਂ ਦੇ ਸੁਪਨੇ ਨੂੰ ਵੀ ਉਜਾਗਰ ਕਰਦਾ ਹੈ, ਜਿਸ ਵਿਚ ਕਿਰਤੀ ਜਨਤਾ ਅੰਗਰੇਜ਼ਾਂ ਦੇ ਹੀ ਨਹੀਂ, ਭਾਰਤੀ ਸਰਮਾਏਦਾਰਾਂ ਦੇ ਅੱਤਿਆਚਾਰਾਂ ਤੋਂ ਵੀ ਅਜ਼ਾਦ ਹੋਵੇ। ਇਕ ਅਜਿਹੇ ਸਮੇਂ ਵਿਚ ਭਾਰਤੀ ਜਨਤਾ ਪਾਰਟੀ ਨੇ ਆਪਣੀ ਰਾਸ਼ਟਰੀ ਕਾਰਜਕਾਰਨੀ ਵਿਚ ਰਾਸ਼ਟਰਵਾਦ ਨੂੰ ਆਪਣਾ ਸਭ ਤੋਂ ਪ੍ਰਮੁਖ ਏਜੰਡਾ ਬਣਾਉਣ ਦਾ ਐਲਾਨ ਕੀਤਾ। ਇਹ ਮੁਨਾਸਬ ਹੋਵੇਗਾ ਕਿ ਅਸੀਂ ਭਗਤ ਸਿੰਘ ਦੀ ਦੇਸ਼ਭਗਤੀ ਦੀ ਭਾਵਨਾ ਤੇ ਉਨ੍ਹਾਂ ਦੇ ਸੁਪਨੇ ਦੀ ਤੁਲਨਾ ਸੰਘ ਪਰਿਵਾਰ ਦੇ ਰੋਲ ਮਾਡਲ ਵੀਡੀ ਸਾਵਰਕਰ ਨਾਲ ਕਰੀਏ। ਉਸ ਸਾਵਰਕਰ ਨਾਲ ਜੋ ਹਿੰਦੂਤਵ ਦੇ ਵਿਚਾਰ ਦਾ ਲੇਖਕ ਤੇ ਜਨਮਦਾਤਾ ਹੈ, ਜਿਸ ਦੀ ਸਹੁੰ ਭਾਜਪਾ ਵਾਰ-ਵਾਰ ਖਾਂਦੀ ਹੈ।

1911 ਵਿਚ ਜਦ ਸਾਵਰਕਰ ਨੂੰ ਉਨ੍ਹਾਂ ਦੀਆਂ ਕ੍ਰਾਂਤੀਕਾਰੀ ਗਤੀਵਿਧੀਆਂ ਦੇ ਲਈ ਅੰਡੇਮਾਨ ਦੀ ਖਤਰਨਾਕ ਸੇਲਯੁਲਰ ਜੇਲ੍ਹ ਵਿਚ ਭੇਜਿਆ ਗਿਆ ਸੀ, ਤਦ ਸਾਵਰਕਰ ਨੇ ਆਪਣੇ 50 ਸਾਲਾਂ ਦੀ ਸਜ਼ਾ ਸ਼ੁਰੂ ਹੋਣ ਦੇ ਕੁਝ ਮਹੀਨਿਆਂ ਦੇ ਅੰਦਰ ਹੀ ਅੰਗਰੇਜ਼ਾਂ ਦੇ ਸਾਹਮਣੇ ਉਸ ਨੂੰ ਜਲਦੀ ਰਿਹਾਅ ਕਰਨ ਦੀ ਅਪੀਲ ਕੀਤੀ ਸੀ। ਇਕ ਵਾਰ ਫਿਰ 1913 ਵਿਚ ਤੇ 1921 ਵਿਚ। ਮੁੱਖ ਭੂਮੀ ਵਿਚ ਤਬਦੀਲ ਕੀਤੇ ਜਾਣ ਅਤੇ 1924 ਵਿਚ ਰਿਹਾਅ ਕਰਨ ਤੱਕ ਉਨ੍ਹਾਂ ਨੇ ਅੰਗਰੇਜ਼ਾਂ ਦੇ ਸਾਹਮਣੇ ਅਜਿਹੀ ਅਰਜ਼ੀ ਦਿੱਤੀ, ਉਸ ਦੀਆਂ ਪਟੀਸ਼ਨਾਂ ਦੀ ਮੁਖ ਪੰਕਤੀ ਸੀ, 'ਮੈਨੂੰ ਛੱਡ ਦਿਓ ਮੈਂ ਭਾਰਤ ਦੀ ਅਜ਼ਾਦੀ ਦੀ ਲੜਾਈ ਨੂੰ ਛੱਡ ਦਿਆਂਗੇ ਤੇ ਅੰਗਰੇਜ਼ ਸਰਕਾਰ ਦੇ ਪ੍ਰਤੀ ਵਫ਼ਾਦਾਰ ਰਹਾਂਗਾ।'

ਸਾਵਰਕਰ ਦੀ ਹਮਾਇਤ ਕਰਨ ਵਾਲੇ ਤਰਕ ਦਿੰਦੇ ਹਨ ਕਿ ਇਹ ਇਕ ਰਾਜਨੀਤਕ ਕਦਮ ਸੀ। ਪਰ ਉਸ ਦੇ ਅਲੋਚਕ ਅਜਿਹਾ ਮੰਨਣ ਤੋਂ ਇਨਕਾਰ ਕਰਦੇ ਹਨ। ਅਸਲ ਵਿਚ ਅੰਡੇਮਾਨ ਤੋਂ ਬਾਹਰ ਨਿਕਲਣ ਉਨ੍ਹਾਂ ਨੇ ਅੰਗਰੇਜ਼ਾਂ ਨਾਲ ਕੀਤਾ ਵਾਅਦਾ ਨਿਭਾਇਆ ਤੇ ਸੁਤੰਤਰਤਾ ਸੰਗਰਾਮ ਤੋਂ ਦੂਰ ਰਹੇ। ਏਨਾ ਹੀ ਨਹੀਂ, ਉਨ੍ਹਾਂ ਨੇ ਅਸਲ ਵਿਚ ਫੁੱਟ ਪੈਦਾ ਕਰਨ ਵਾਲੇ ਹਿੰਦੂਤਵ ਦੇ ਸਿਧਾਂਤ ਨੂੰ ਜਨਮ ਦੇ ਕੇ ਅੰਗਰੇਜ਼ਾਂ ਦੀ ਮਦਦ ਕੀਤੀ ਜੋ ਕਿ ਮੁਸਲਮ ਲੀਗ ਦੇ ਦੋ ਰਾਸ਼ਟਰ ਦੇ ਸਿਧਾਂਤ ਦਾ ਹੀ ਦੂਸਰਾ ਰੂਪ ਹੈ।

ਅਸੀਂ ਪਾਠਕਾਂ ਦੀ ਨਜ਼ਰ ਵਿਚ ਭਗਤ ਸਿੰਘ ਦੀ ਅੰਤਮ ਪਟੀਸ਼ਨ ਤੇ ਵੀਡੀ ਸਾਵਰਕਰ ਦੀ ਪਟੀਸ਼ਨ ਪੇਸ਼ ਕਰ ਰਹੇ ਹਾਂ-

## ਭਗਤ ਸਿੰਘ ਦੀ ਅੰਤਮ ਪਟੀਸ਼ਨ

***(ਲਾਹੌਰ ਜੇਲ੍ਹ 1931)***

ਸੇਵਾ ਵਿਖੇ,

ਗਵਰਨਰ ਪੰਜਾਬ।

ਸਤਿਕਾਰ ਨਾਲ ਹੇਠ ਲਿਖੀਆਂ ਗੱਲਾਂ ਤੁਹਾਡੀ ਸੇਵਾ ਵਿਚ ਰੱਖ ਰਹੇ ਹਾਂ।

ਭਾਰਤ ਦੀ ਬ੍ਰਿਟਿਸ਼ ਸਰਕਾਰ ਦੇ ਸਰਵਉੱਚ ਅਧਿਕਾਰੀ ਵਾਇਸਰਾਏ ਨੇ ਇਕ ਵਿਸ਼ੇਸ਼ ਹੁਕਮ ਜਾਰੀ ਕਰਕੇ ਲਾਹੌਰ ਸਾਜ਼ਿਸ਼ ਕਾਂਡ ਦੀ ਸੁਣਵਾਈ ਦੇ ਲਈ ਇਕ ਵਿਸ਼ੇਸ਼ ਟ੍ਰਿਬਿਊਨਲ ਸਥਾਪਤ ਕੀਤਾ ਸੀ, ਜਿਸ ਨੇ 7 ਅਕਤੂਬਰ 1930 ਨੂੰ ਸਾਨੂੰ ਫਾਂਸੀ ਦੀ ਸਜ਼ਾ ਸੁਣਾਈ ਸੀ। ਸਾਡੇ ਵਿਰੁੱਧ ਸਭ ਤੋਂ ਵੱਡਾ ਦੋਸ਼ ਇਹ ਲਗਾਇਆ ਗਿਆ ਹੈ ਕਿ ਅਸੀਂ ਸਮਰਾਟ ਜਾਰਜ ਪੰਚਮ ਦੇ ਵਿਰੁੱਧ ਯੁੱਧ ਕੀਤਾ ਹੈ।

ਅਦਾਲਤ ਦੇ ਇਸ ਨਿਰਣੇ ਨਾਲ ਦੋ ਗੱਲਾਂ ਸਪੱਸ਼ਟ ਹੋ ਜਾਂਦੀਆਂ ਹਨ। ਪਹਿਲੀ ਇਹ ਕਿ ਅੰਗਰੇਜ਼ ਜਾਤੀ ਤੇ ਭਾਰਤੀ ਜਨਤਾ ਦੇ ਵਿਚਾਲੇ ਇਕ ਯੁੱਧ ਚਲ ਰਿਹਾ ਹੈ, ਦੂਸਰੀ ਇਹ ਕਿ ਅਸੀਂ ਨਿਸ਼ਚਤ ਤੌਰ 'ਤੇ ਇਸ ਯੁੱਧ ਵਿਚ ਹਿੱਸਾ ਲਿਆ ਹੈ। ਅਦਾਲਤ ਨੇ ਇਸ ਦੀ ਵਿਆਖਿਆ ਬਹੁਤ ਹੱਦ ਤੱਕ ਵਧਾ ਚੜ੍ਹਾ ਕੇ ਕੀਤੀ ਹੈ। ਅਜਿਹਾ ਕਰਕੇ ਅਦਾਲਤ ਨੇ ਸਾਨੂੰ ਸਨਮਾਨਿਤ ਕੀਤਾ ਹੈ। ਪਹਿਲੀ ਗੱਲ ਦੇ ਸੰਬੰਧ ਵਿਚ ਅਸੀਂ ਕੁਝ ਵਿਸਥਾਰ ਨਾਲ ਰੋਸ਼ਨੀ ਪਾਉਣਾ ਚਾਹੁੰਦੇ ਹਾਂ। ਅਸੀਂ ਨਹੀਂ ਸਮਝਦੇ ਕਿ ਪ੍ਰਤੱਖ ਰੂਪ ਵਿਚ ਅਜਿਹੀ ਕੋਈ ਲੜਾਈ ਛਿੜੀ ਹੋਈ ਹੈ। ਅਸੀਂ ਨਹੀਂ ਜਾਣਦੇ ਕਿ ਯੁੱਧ ਛਿੜਨ ਤੋਂ ਅਦਾਲਤ ਦਾ ਮਨੋਰਥ ਕੀ ਹੈ? ਪ੍ਰੰਤੂ ਇਸ ਵਿਆਖਿਆ ਨੂੰ ਸਵੀਕਾਰ ਕਰਦੇ ਹਾਂ ਅਤੇ ਨਾਲ ਹੀ ਅਸੀਂ ਇਸ ਠੀਕ ਸੰਦਰਭ ਵਿਚ ਸਮਝਾਉਣਾ ਚਾਹੁੰਦੇ ਹਾਂ। ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਯੁੱਧ ਛਿੜਿਆ ਹੈ, ਇਹ ਲੜਾਈ ਤੱਦ ਤੱਕ ਚਲਦੀ ਰਹੇਗੀ, ਜਦ ਤੱਕ ਕਿ ਸ਼ਕਤੀਸ਼ਾਲੀ ਵਿਅਕਤੀਆਂ ਨੇ ਭਾਰਤੀ ਜਨਤਾ ਤੇ ਕਿਰਤੀਆਂ ਦੀ ਆਮਦਨ ਦੇ ਸਾਧਨਾਂ 'ਤੇ ਆਪਣਾ ਕਬਜ਼ਾ ਕੀਤਾ ਹੋਇਆ ਹੈ। ਭਾਵੇਂ ਅਜਿਹੇ ਵਿਅਕਤੀ ਅੰਗਰੇਜ਼ ਪੂੰਜੀਪਤੀ ਹਨ ਜਾਂ ਅੰਗਰੇਜ਼ ਜਾਂ ਸਰਮਾਏਦਾਰ ਭਾਰਤੀ ਹੀ ਹੋਣ। ਉਨ੍ਹਾਂ ਨੇ ਆਪਸ ਵਿਚ ਮਿਲਜੁਲ ਕੇ ਇਕ ਲੁੱਟ ਜਾਰੀ ਕਰਕੇ ਰੱਖੀ ਹੋਈ ਹੈ। ਭਾਵੇਂ ਸ਼ੁੱਧ ਭਾਰਤੀ ਪੂੰਜੀਪਤੀਆਂ ਦੇ ਦੁਆਰਾ ਹੀ ਗਰੀਬਾਂ ਦਾ ਖ਼ੂਨ ਚੂਸਿਆ ਜਾ ਰਿਹਾ ਹੈ, ਪਰ ਇਸ ਸਥਿਤੀ ਵਿਚ ਕੋਈ ਫਰਕ ਨਹੀਂ ਪੈਂਦਾ। ਜੇਕਰ ਸਾਡੀ ਸਰਕਾਰ ਕੁਝ ਨੇਤਾਵਾਂ ਜਾਂ ਭਾਰਤੀ ਸਮਾਜ ਦੇ ਨੇਤਾਵਾਂ 'ਤੇ ਪ੍ਰਭਾਵ ਜਮਾਉਣ ਵਿਚ ਸਫਲ ਹੋ ਜਾਏ, ਕੁਝ ਸਹੂਲਤਾਂ ਮਿਲ ਜਾਣ ਜਾਂ ਸਮਝੌਤੇ ਹੋ ਜਾਣ, ਇਸ ਵਿਚ ਵੀ ਸਥਿਤੀ ਨਹੀਂ ਬਦਲ ਸਕਦੀ ਤੇ ਜਨਤਾ 'ਤੇ ਇਸ ਦਾ ਪ੍ਰਭਾਵ ਬਹੁਤ ਘੱਟ ਪੈਂਦਾ ਹੈ। ਅਸੀਂ ਇਸ ਗੱਲ ਦੀ ਵੀ ਚਿੰਤਾ ਨਹੀਂ ਕਿ ਨੌਜਵਾਨਾਂ ਨੂੰ ਇਕ ਵਾਰ ਫਿਰ ਧੋਖਾ ਦਿੱਤਾ ਗਿਆ ਹੈ ਤੇ ਇਸ ਗੱਲ ਦਾ ਵੀ ਡਰ ਨਹੀਂ ਹੈ ਕਿ ਸਾਡੇ ਰਾਜਨੀਤਕ ਨੇਤਾ ਮਾਰਗ ਤੋਂ ਤਿਲਕ ਗਏ ਹਨ, ਜੋ ਕਿ ਗੰਭੀਰ ਅਪਰਾਧ ਹੈ। ਉਹ ਸਮਝੌਤਿਆਂ ਦੀ ਗੱਲਬਾਤ ਵਿਚ ਨਿਰ-ਅਪਰਾਧ, ਬੇਘਰ ਤੇ ਬਸਹਾਰਾ ਬਲੀਦਾਨੀਆਂ ਨੂੰ ਭੁੱਲ ਗਏ ਹਨ, ਜਿਨ੍ਹਾਂ ਨੂੰ ਬਦਕਿਸਮਤੀ ਨਾਲ ਕ੍ਰਾਂਤੀਕਾਰੀ ਪਾਰਟੀ ਦਾ ਮੈਂਬਰ ਸਮਝਿਆ ਜਾਂਦਾ ਹੈ। ਸਾਡੇ ਰਾਜਨੀਤਕ ਨੇਤਾ ਉਨ੍ਹਾਂ ਨੂੰ ਆਪਣਾ ਦੁਸ਼ਮਣ ਮੰਨਦੇ ਹਨ, ਕਿਉਂਕਿ ਉਨ੍ਹਾਂ ਦੇ ਵਿਚਾਰ ਵਿਚ ਉਹ ਹਿੰਸਾ ਵਿਚ ਵਿਸ਼ਵਾਸ ਰੱਖਦੇ ਹਨ। ਸਾਡੇ ਯੋਧਿਆਂ ਨੇ ਆਪਣਾ ਸਭ ਕੁਝ ਬਲੀਦਾਨ ਕਰ ਦਿੱਤਾ। ਸੁਤੰਤਰ ਸੰਗ੍ਰਾਮ ਨਾਲ ਜੁੜੀਆਂ ਭਾਰਤੀ ਔਰਤਾਂ ਨੇ ਆਪਣੇ ਪਤੀਆਂ ਨੂੰ ਦੇਸ਼ ਤੇ ਅਜ਼ਾਦੀ ਲਈ ਕੁਰਬਾਨ ਕੀਤਾ, ਭਰਾਵਾਂ ਨੂੰ ਭੇਂਟ ਕੀਤਾ ਤੇ ਜੋ ਕੁਝ ਵੀ ਉਨ੍ਹਾਂ ਕੋਲ ਸੀ, ਸਭ ਸਮਰਪਿਤ ਕਰ ਦਿੱਤਾ। ਉਨ੍ਹਾਂ ਨੇ ਆਪਣੇ ਆਪ ਨੂੰ ਵੀ ਸਮਰਪਿਤ ਕਰ ਦਿੱਤਾ। ਪਰੰਤੂ ਤੁਹਾਡੀ ਸਰਕਾਰ ਉਨ੍ਹਾਂ ਨੂੰ ਬਾਗੀ ਸਮਝਦੀ ਹੈ, ਤੁਹਾਡੇ ਏਜੰਟ ਭਾਵੇਂ ਹੀ ਝੂਠੀਆਂ ਕਹਾਣੀਆਂ ਬਣਾ ਕੇ ਬਦਨਾਮ ਕਰ ਦੇਣ ਤੇ ਪਾਰਟੀ ਦੀ ਪ੍ਰਸਿੱਧੀ ਨੂੰ ਹਾਨੀ ਪਹੁੰਚਾਉਣ ਦਾ ਯਤਨ ਕਰਨ, ਪਰੰਤੂ ਇਹ ਯੁੱਧ ਚਲਦਾ ਰਹੇਗਾ। ਹੋ ਸਕਦਾ ਹੈ ਇਹ ਲੜਾਈ ਭਿੰਨ ਭਿੰਨ ਦਿਸ਼ਾਵਾਂ ਵਿਚ ਭਿੰਨ ਭਿੰਨ ਸਰੂਪ ਗ੍ਰਹਿਣ ਕਰੇ। ਕਿਸੇ ਸਮੇਂ ਇਹ ਲੜਾਈ ਪ੍ਰਗਟ ਰੂਪ ਲੈ ਲਵੇ, ਕਦੀ ਗੁਪਤ ਦਿਸ਼ਾ ਵਿਚ ਚਲਦੀ ਰਹੇ, ਕਦੀ ਭਿਆਨਕ ਰੂਪ ਧਾਰਨ ਕਰ ਲਵੇ, ਕਦੀ ਕਿਸਾਨ ਦੇ ਪੱਧਰ 'ਤੇ ਯੁੱਧ ਜਾਰੀ ਰਹੇ ਤੇ ਕਦੀ ਇਹ ਘਟਨਾ ਏਨੀ ਭਿਆਨਕ ਹੋ ਜਾਵੇ ਕਿ ਜੀਵਨ ਤੇ ਮੌਤ ਦੀ ਬਾਜ਼ੀ ਲਗ ਜਾਵੇ। ਚਾਹੇ ਵੀ ਕੋਈ ਪ੍ਰਸਥਿਤੀ ਹੋਵੇ, ਇਸ ਦਾ ਪ੍ਰਭਾਵ ਤੁਹਾਡੇ 'ਤੇ ਪਵੇਗਾ। ਇਹ ਤੁਹਾਡੀ ਇੱਛਾ ਹੈ ਕਿ ਤੁਸੀਂ ਜਿਸ ਪ੍ਰਸਥਿਤੀ ਨੂੰ ਭਾਵੇਂ ਚੁਣ ਲਵੋ, ਪਰੰਤੂ ਇਹ ਲੜਾਈ ਜਾਰੀ ਰਹੇਗੀ। ਇਸ ਵਿਚ ਛੋਟੀਆਂ ਛੋਟੀਆਂ ਗੱਲਾਂ ਦਾ ਧਿਆਨ ਨਹੀਂ ਦਿੱਤਾ ਜਾਵੇਗਾ, ਬਹੁਤ ਸੰਭਵ ਹੈ ਕਿ ਇਹ ਯੁੱਧ ਭਿਅੰਕਰ ਸਰੂਪ ਗ੍ਰਹਿਣ ਕਰ ਲਵੇ। ਪਰ ਨਿਸ਼ਚਿਤ ਹੀ ਇਹ ਉਸ ਸਮੇਂ ਤੱਕ ਸਮਾਪਤ ਨਹੀਂ ਹੋਵੇਗਾ, ਜਦ ਤੱਕ ਸਮਾਜ ਦਾ ਵਰਤਮਾਨ ਢਾਂਚਾ ਖਤਮ ਨਹੀਂ ਹੋ ਜਾਂਦਾ। ਹਰੇਕ ਵਸਤੂ ਵਿਚ ਪਰਿਵਰਤਨ ਜਾਂ ਕ੍ਰਾਂਤੀ ਖਤਮ ਨਹੀਂ ਹੋ ਜਾਂਦੀ ਤੇ ਮਨੁੱਖੀ ਦ੍ਰਿਸ਼ਟੀ ਵਿਚ ਇਕ ਨਵੀਨ ਯੁੱਗ ਦੀ ਸ਼ੁਰੂਆਤ ਨਹੀਂ ਹੋ ਜਾਂਦੀ। ਨੇੜਲੇ ਭਵਿੱਖ ਵਿਚ ਅੰਤਮ ਯੁੱਧ ਲੜਿਆ ਜਾਵੇਗਾ, ਇਹ ਯੁੱਧ ਅੰਤਮ ਹੋਵੇਗਾ। ਸਮਰਾਜਵਾਦ ਅਤੇ ਪੂੰਜੀਵਾਦ ਕੁਝ ਦਿਨਾਂ ਦੇ ਮਹਿਮਾਨ ਹਨ, ਇਹ ਉਹ ਲੜਾਈ ਹੈ, ਜਿਸ ਵਿਚ ਅਸੀਂ ਪ੍ਰਤੱਖ ਰੂਪ ਵਿਚ ਭਾਗ ਲਿਆ ਹੈ ਤੇ ਅਸੀਂ ਆਪਣੇ 'ਤੇ ਮਾਣ ਮਹਿਸੂਸ ਕਰਦੇ ਹਾਂ ਕਿ ਇਸ ਯੁੱਧ ਨੂੰ ਨਾ ਤਾਂ ਅਸੀਂ ਅਰੰਭ ਕੀਤਾ ਹੈ ਤੇ ਨਾ ਇਹ ਸਾਡੇ ਜੀਵਨ ਦੇ ਨਾਲ ਹੀ ਖਤਮ ਹੋਵੇਗਾ। ਸਾਡੀਆਂ ਸੇਵਾਵਾਂ ਇਤਿਹਾਸ ਦੇ ਉਸ ਅਧਿਆਇ ਵਿਚ ਲਿਖੀਆਂ ਜਾਣਗੀਆਂ, ਜਿਸ ਨੂੰ ਜਤਿੰਦਰ ਨਾਥ ਦਾਸ ਤੇ ਭਗਵਤੀਚਰਨ ਦੇ ਬਲੀਦਾਨਾਂ ਨੇ ਵਿਸ਼ੇਸ਼ ਤੌਰ 'ਤੇ ਰੋਸ਼ਨ ਕਰ ਦਿੱਤਾ। ਉਨ੍ਹਾਂ ਦੇ ਬਲੀਦਾਨ ਮਹਾਨ ਹਨ।



ਜਿੱਥੋਂ ਤੱਕ ਸਾਡੀ ਕਿਸਮਤ ਦਾ ਸੰਬੰਧ ਹੈ, ਅਸੀਂ ਜ਼ੋਰਦਾਰ ਸ਼ਬਦਾਂ ਵਿਚ ਇਹ ਕਹਿਣਾ ਚਾਹੁੰਦੇ ਹਾਂ ਕਿ ਤੁਸੀਂ ਸਾਨੂੰ ਫਾਂਸੀ ਤੇ ਲਟਕਾਉਣ ਦਾ ਫੈਸਲਾ ਕਰ ਲਿਆ ਹੈ। ਜੇਕਰ ਅਜਿਹਾ ਕਰੋਗੇ ਹੀ ਤਾਂ ਤੁਹਾਡੇ ਹੱਥਾਂ ਵਿਚ ਸ਼ਕਤੀ ਹੈ ਤੇ ਤੁਹਾਨੂੰ ਅਧਿਕਾਰ ਵੀ ਪ੍ਰਾਪਤ ਹੈ। ਪਰੰਤੂ ਇਸ ਤਰ੍ਹਾਂ ਤੁਸੀਂ ਜਿਸ ਦੀ ਲਾਠੀ ਉਸ ਦੀ ਮੱਝ ਵਾਲਾ ਸਿਧਾਂਤ ਹੀ ਅਪਨਾ ਰਹੇ ਹੋ ਤੇ ਤੁਸੀਂ ਉਸ 'ਤੇ ਦ੍ਰਿੜ ਹੋ। ਸਾਡੇ ਮੁੱਕਦਮੇ ਦੀ ਸੁਣਵਾਈ ਇਸ ਗੱਲ ਨੂੰ ਸਿੱਧ ਕਰਨ ਦੇ ਲਈ ਕਾਫੀ ਹੈ ਕਿ ਅਸੀਂ ਕਦੀ ਕੋਈ ਬੇਨਤੀ ਨਹੀਂ ਕੀਤੀ ਤੇ ਨਾ ਹੀ ਹੁਣ ਵੀ ਅਸੀਂ ਤੁਹਾਡੇ ਕੋਲੋਂ ਕਿਸੇ ਤਰ੍ਹਾਂ ਦੀ ਦਿਆ ਦੀ ਬੇਨਤੀ ਕਰਦੇ ਹਾਂ। ਅਸੀਂ ਤੁਹਾਡੇ ਤੋਂ ਕੇਵਲ ਇਹੀ ਮੰਗ ਕਰਨਾ ਚਾਹੁੰਦੇ ਹਾਂ ਕਿ ਤੁਹਾਡੀ ਸਰਕਾਰ ਦੇ ਇਕ ਅਦਾਲਤ ਦੇ ਨਿਰਣੇ ਦੇ ਅਨੁਸਾਰ ਸਾਡੇ ਵਿਰੁੱਧ ਯੁਧ ਜਾਰੀ ਰੱਖਣ ਦਾ ਮੁਕੱਦਮਾ ਹੈ। ਇਸ ਸਥਿਤੀ ਵਿਚ ਅਸੀਂ ਯੁੱਧ ਬੰਦੀ ਹਾਂ। ਇਸ ਆਧਾਰ 'ਤੇ ਅਸੀਂ ਤੁਹਾਡੇ ਤੋਂ ਮੰਗ ਕਰਦੇ ਹਾਂ ਕਿ ਸਾਡੇ ਨਾਲ ਯੁੱਧ ਬੰਦੀਵਾਨਾਂ ਵਾਲਾ ਵਿਹਾਰ ਕੀਤਾ ਜਾਵੇ ਤੇ ਸਾਨੂੰ ਫਾਂਸੀ ਦੇਣ ਦੇ ਬਦਲੇ ਗੋਲੀ ਨਾਲ ਉਡਾ ਦਿੱਤਾ ਜਾਵੇ। ਹੁਣ ਇਹ ਸਿੱਧ ਕਰਨਾ ਤੁਹਾਡਾ ਕੰਮ ਹੈ ਕਿ ਤੁਹਾਨੂੰ ਇਸ ਫੈਸਲੇ ਵਿਚ ਵਿਸ਼ਵਾਸ ਹੈ ਜੋ ਤੁਹਾਡੀ ਸਰਕਾਰ ਦੀ ਅਦਾਲਤ ਨੇ ਕੀਤਾ ਹੈ। ਤੁਸੀਂ ਆਪਣੇ ਕਾਰਜ ਦੁਆਰਾ ਇਸ ਗੱਲ ਦਾ ਪ੍ਰਮਾਣ ਦੇਵੋ, ਅਸੀਂ ਨਿਮਰਤਾ ਪੂਰਨ ਤੁਹਾਨੂੰ ਬੇਨਤੀ ਕਰਦੇ ਹਾਂ ਕਿ ਤੁਸੀਂ ਆਪਣੇ ਸੈਨਾ ਵਿਭਾਗ ਨੂੰ ਹੁਕਮ ਦੇ ਦੇਵੋ ਕਿ ਸਾਨੂੰ ਗੋਲੀ ਨਾਲ ਉਡਾਉਣ ਦੇ ਲਈ ਇਕ ਫ਼ੌਜੀ ਟੋਲੀ ਭੇਜ ਦਿੱਤੀ ਜਾਵੇ।

**ਤੁਹਾਡਾ ਭਗਤ ਸਿੰਘ**

(ਸਰੋਤ : ਭਗਤ ਸਿੰਘ ਤੇ ਸਾਥੀਆਂ ਦੇ ਸੰਪੂਰਨ ਦਸਤਾਵੇਜ਼, ਰਾਹੁਲ ਫਾਊਂਡੇਸ਼ਨ)

## ਵੀਡੀ ਸਾਵਰਕਰ ਦੀ ਪਟੀਸ਼ਨ

***(ਸੇਲਯੁਲਰ ਜੇਲ੍ਹ, ਅੰਡਮਾਨ 1913)***

ਸੇਵਾ ਵਿਖੇ

ਗ੍ਰਹਿ ਵਿਭਾਗ, ਭਾਰਤ ਸਰਕਾਰ।

ਮੈਂ ਤੁਹਾਡੇ ਸਾਹਮਣੇ ਦਿਆ ਪੂਰਵਕ ਵਿਚਾਰ ਦੇ ਲਈ ਹੇਠ ਲਿਖੀਆਂ ਬੇਨਤੀਆਂ ਕਰਨਾ ਚਾਹੁੰਦਾ ਹਾਂ-

1. 1911 ਦੇ ਜੂਨ ਵਿਚ ਜਦ ਮੈਂ ਇੱਥੇ ਆਇਆ ਮੈਨੂੰ ਆਪਣੀ ਪਾਰਟੀ ਦੇ ਦੂਸਰੇ ਦੋਸ਼ੀਆਂ ਦੇ ਨਾਲ ਚੀਫ ਕਮਿਸ਼ਨਰ ਦੇ ਆਫਿਸ ਲਿਆਂਦਾ ਗਿਆ। ਇੱਥੇ ਮੈਨੂੰ 'ਡੀ' ਅਰਥਾਤ ਡੇਂਜਰਸ (ਖਤਰਨਾਕ) ਸ਼੍ਰੇਣੀ ਦੇ ਕੈਦੀ ਦੇ ਤੌਰ 'ਤੇ ਪੇਸ਼ ਕੀਤਾ ਗਿਆ, ਬਾਕੀ ਦੋਸ਼ੀਆਂ ਨੂੰ ਡੀ ਸ਼੍ਰੇਣੀ ਵਿਚ ਨਹੀਂ ਰੱਖਿਆ ਗਿਆ। ਇਸ ਦੇ ਬਾਅਦ ਮੈਨੂੰ ਛੇ ਮਹੀਨੇ ਇਕੱਲੇ ਵੱਖਰੇ ਸੈਲ ਵਿਚ ਰੱਖਿਆ ਗਿਆ। ਦੂਸਰੇ ਕੈਦੀਆਂ ਨਾਲ ਅਜਿਹਾ ਨਹੀਂ ਕੀਤਾ ਗਿਆ, ਇਸ ਦੌਰਾਨ ਮੈਨੂੰ ਨਾਰੀਅਲ ਨੂੰ ਛਿੱਲਣ ਦੇ ਕੰਮ ਵਿਚ ਲਗਾਇਆ ਗਿਆ। ਜਦ ਕਿ ਮੇਰੇ ਹੱਥਾਂ ਤੋਂ ਖ਼ੂਨ ਵਹਿ ਰਿਹਾ ਸੀ, ਇਸ ਦੇ ਬਾਅਦ ਮੈਨੂੰ ਤੇਲ ਕੱਢਣ ਦੀ ਚੱਕੀ ਤੇ ਲਗਾਇਆ ਗਿਆ, ਜੋ ਕਿ ਜੇਲ੍ਹ ਵਿਚ ਕੀਤੇ ਜਾਣ ਵਾਲਾ ਸਭ ਤੋਂ ਔਖਾ ਕੰਮ ਹੈ। ਹਾਲਾਂਕਿ ਇਸ ਦੌਰਾਨ ਮੇਰਾ ਕਿਰਦਾਰ ਬਹੁਤ ਚੰਗਾ ਰਿਹਾ, ਪਰ ਫਿਰ ਵੀ ਛੇ ਮਹੀਨੇ ਦੇ ਬਾਅਦ ਮੈਨੂੰ ਜੇਲ੍ਹ ਤੋਂ ਰਿਹਾਅ ਨਹੀਂ ਕੀਤਾ ਗਿਆ, ਜਦ ਕਿ ਮੇਰੇ ਨਾਲ ਆਏ ਦੂਸਰੇ ਦੋਸ਼ੀਆਂ ਨੂੰ ਰਿਹਾਅ ਕਰ ਦਿੱਤਾ ਗਿਆ। ਉਸ ਸਮੇਂ ਤੋਂ ਹੁਣ ਤੱਕ ਮੈਂ ਆਪਣੇ ਵਿਹਾਰ ਜਿੰਨਾ ਸੰਭਵ ਹੋ ਸਕਦਾ, ਚੰਗਾ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਜਦ ਮੈਂ ਤਰੱਕੀ ਦੇ ਲਈ ਪਟੀਸ਼ਨ ਲਗਾਈ ਤਦ ਮੈਨੂੰ ਕਿਹਾ ਗਿਆ ਕਿ ਮੈਂ ਵਿਸ਼ੇਸ਼ ਸ਼੍ਰੇਣੀ ਦਾ ਕੈਦੀ ਹਾਂ, ਇਸ ਲਈ ਮੈਨੂੰ ਤਰੱਕੀ ਨਹੀਂ ਦਿੱਤੀ ਜਾ ਸਕਦੀ। ਜਦ ਸਾਡੇ ਵਿਚੋਂ ਕਿਸੇ ਨੇ ਚੰਗੇ ਭੋਜਨ ਜਾਂ ਵਿਸ਼ੇਸ਼ ਵਿਹਾਰ ਦੀ ਮੰਗ ਕੀਤੀ ਤਦ ਸਾਨੂੰ ਕਿਹਾ ਗਿਆ ਕਿ ਤੁਸੀਂ ਸਿਰਫ ਸਾਧਾਰਨ ਕੈਦੀ ਹੋ, ਇਸ ਲਈ ਤੁਹਾਨੂੰ ਉਹੀ ਭੋਜਨ ਖਾਣਾ ਹੋਵੇਗਾ, ਜੋ ਦੂਸਰੇ ਕੈਦੀ ਖਾਂਦੇ ਹਨ।



ਇਸ ਤਰ੍ਹਾਂ ਸ੍ਰੀਮਾਨ ਤੁਸੀਂ ਦੇਖ ਸਕਦੇ ਹੋ ਕਿ ਸਾਨੂੰ ਵਿਸ਼ੇਸ਼ ਕਸ਼ਟ ਦੇਣ ਲਈ ਸਾਨੂੰ ਵਿਸ਼ੇਸ਼ ਸ਼੍ਰੇਣੀ ਦੇ ਕੈਦੀ ਦੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ।

ਜਦ ਮੇਰੇ ਮੁਕੱਦਮੇ ਦੇ ਜ਼ਿਆਦਾਤਰ ਲੋਕਾਂ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਤਾਂ ਮੇਰੀ ਰਿਹਾਈ ਦੀ ਦਰਖਾਸਤ ਦਿੱਤੀ। ਹਾਲਾਂਕਿ ਮੇਰੇ 'ਤੇ ਜ਼ਿਆਦਾ ਤੋਂ ਜ਼ਿਆਦਾ ਤਾਂ ਤਿੰਨ ਵਾਰ ਮੁਕੱਦਮਾ ਚੱਲਿਆ, ਫਿਰ ਵੀ ਮੈਨੂੰ ਰਿਹਾਅ ਨਹੀਂ ਕੀਤਾ ਗਿਆ। ਜਦ ਕਿ ਜਿਨ੍ਹਾਂ ਨੂੰ ਰਿਹਾਅ ਕੀਤਾ ਗਿਆ ਉਨ੍ਹਾਂ 'ਤੇ ਦੋ ਦਰਜਨ ਤੋਂ ਜ਼ਿਆਦਾ ਵਾਰ ਮੁਕੱਦਮਾ ਚੱਲਿਆ ਹੈ। ਪਰ ਜਦ ਆਖਿਰਕਾਰ ਮੇਰੀ ਰਿਹਾਈ ਦਾ ਹੁਕਮ ਆਇਆ ਤਦ ਸੰਯੋਗ ਨਾਲ ਕੁਝ ਰਾਜਨੀਤਕ ਕੈਦੀਆਂ ਨੂੰ ਜੇਲ੍ਹ ਵਿਚ ਲਿਆਂਦਾ ਗਿਆ ਤੇ ਮੈਨੂੰ ਉਨ੍ਹਾਂ ਨਾਲ ਬੰਦ ਕਰ ਦਿੱਤਾ ਗਿਆ, ਕਿਉਂਕਿ ਮੇਰਾ ਮੁਕੱਦਮਾ ਉਨ੍ਹਾਂ ਨਾਲ ਚਲ ਰਿਹਾ ਸੀ।

ਜੇਕਰ ਮੈਂ ਭਾਰਤੀ ਜੇਲ੍ਹ ਵਿਚ ਰਹਿੰਦਾ ਤਾਂ ਇਸ ਸਮੇਂ ਤੱਕ ਮੈਨੂੰ ਕਾਫੀ ਮੁਕਤੀ ਮਿਲ ਗਈ ਹੁੰਦੀ। ਮੈਂ ਆਪਣੇ ਘਰ ਜ਼ਿਆਦਾ ਪੱਤਰ ਭੇਜ ਸਕਦਾ। ਲੋਕ ਮੈਨੂੰ ਮਿਲਣ ਆਉਂਦੇ ਜੇਕਰ ਮੈਂ ਸਾਧਾਰਨ ਤੇ ਸਰਲ ਕੈਦੀ ਹੁੰਦਾ ਤਾਂ ਉਸ ਸਮੇਂ ਤੱਕ ਮੈਂ ਇਸ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਹੁੰਦਾ, ਪਰ ਵਰਤਮਾਨ ਸਮੇਂ ਵਿਚ ਮੈਨੂੰ ਨਾ ਤਾਂ ਭਾਰਤੀ ਜੇਲ੍ਹ ਦੀ ਸਹੂਲਤ ਮਿਲ ਰਹੀ ਹੈ ਨਾ ਹੀ ਇਸ ਬੰਦੀ ਬਸਤੀ ਦੇ ਨਿਯਮ ਮੇਰੇ 'ਤੇ ਲਾਗੂ ਹੋ ਰਹੇ ਹਨ। ਮੈਨੂੰ ਕਈ ਤਰ੍ਹਾਂ ਦੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਸ ਲਈ ਹਜ਼ੂਰ ਕੀ ਮੈਨੂੰ ਭਾਰਤੀ ਜੇਲ੍ਹ ਵਿਚ ਭੇਜ ਕੇ ਜਾਂ ਮੈਨੂੰ ਦੂਸਰੇ ਕੈਦੀਆਂ ਦੀ ਤਰ੍ਹਾਂ ਸਾਧਾਰਨ ਕੈਦੀ ਐਲਾਨ ਕੇ ਇਸ ਖਤਰਨਾਕ ਸਥਿਤੀ ਤੋਂ ਬਾਹਰ ਕੱਢਣ ਦੀ ਕ੍ਰਿਪਾ ਕਰੋਗੇ? ਮੈਂ ਕਿਸੇ ਤਰਜੀਹੀ ਵਿਹਾਰ ਦੀ ਮੰਗ ਨਹੀਂ ਕਰ ਰਿਹਾ, ਜਦ ਕਿ ਮੈਂ ਮੰਨਦਾ ਹਾਂ ਕਿ ਇਕ ਰਾਜਨੀਤਕ ਬੰਦੀ ਹੋਣ ਦੇ ਕਾਰਨ ਮੈਂ ਕਿਸੇ ਵੀ ਅਜ਼ਾਦ ਦੇਸ਼ ਦੇ ਸੱਭਿਅਕ ਪ੍ਰਸ਼ਾਸ਼ਣ ਤੋਂ ਅਜਿਹੀ ਆਸ ਰੱਖ ਸਕਦਾ ਹਾਂ। ਮੈਂ ਤਾਂ ਬੱਸ ਅਜਿਹੀਆਂ ਰਿਆਇਤਾਂ ਤੇ ਅਨਾਇਤਾਂ ਦੀ ਮੰਗ ਕਰ ਰਿਹਾ ਹਾਂ, ਜਿਸ ਦੇ ਹੱਕਦਾਰ ਸਭ ਤੋਂ ਵੰਚਿਤ ਦੋਸ਼ੀ ਤੇ ਪੇਸ਼ਾਵਰ ਅਪਰਾਧੀ ਵੀ ਮੰਨੇ ਜਾਂਦੇ ਹਨ। ਮੈਨੂੰ ਸਥਾਈ ਤੌਰ 'ਤੇ ਜੇਲ੍ਹ ਵਿਚ ਬੰਦ ਰੱਖਣ ਦੀ ਵਰਤਮਾਨ ਯੋਜਨਾ ਨੂੰ ਦੇਖਦੇ ਹੋਏ ਮੈਂ ਜੀਵਨ ਤੇ ਆਸ ਬਚਾਈ ਰੱਖਣ ਨੂੰ ਲੈ ਕੇ ਪੂਰੀ ਤਰ੍ਹਾਂ ਨਾ ਉਮੀਦ ਹੁੰਦਾ ਜਾ ਰਿਹਾ ਹਾਂ। ਮਿਆਦੀ ਕੈਦੀਆਂ ਦੀ ਸਥਿਤੀ ਅਲੱਗ ਹੈ, ਪਰ ਸ੍ਰੀਮਾਨ ਜੀ ਮੇਰੀਆਂ ਅੱਖਾਂ ਦੇ ਸਾਹਮਣੇ 50 ਸਾਲ ਨੱਚ ਰਹੇ ਹਾਂ। ਮੈਂ ਏਨੇ ਲੰਬੇ ਸਮੇਂ ਨੂੰ ਇਸ ਖਤਰਨਾਕ ਜੇਲ੍ਹ ਵਿਚ ਗੁਜ਼ਾਰਨ ਦੇ ਲਈ ਨੈਤਿਕ ਊਰਜਾ ਕਿੱਥੋਂ ਜਮ੍ਹਾ ਕਰਾਂ, ਜਦ ਕਿ ਮੈਂ ਉਨ੍ਹਾਂ ਰਿਆਇਤਾਂ ਤੋਂ ਵੰਚਿਤ ਹਾਂ, ਜਿਸ ਦੀ ਉਮੀਦ ਸਭ ਤੋਂ ਹਿੰਸਕ ਕੈਦੀ ਵੀ ਆਪਣੇ ਜੀਵਨ ਨੂੰ ਸੌਖਾ ਬਣਾਉਣ ਦੇ ਲਈ ਕਰ ਸਕਦਾ ਹੈ? ਜਾਂ ਤਾਂ ਮੈਨੂੰ ਭਾਰਤੀ ਜੇਲ੍ਹ ਵਿਚ ਭੇਜ ਦਿੱਤਾ ਜਾਵੇ, ਕਿਉਂਕਿ ਮੈਂ ਉੱਥੇ (ਸਜ਼ਾ ਵਿਚ ਛੁੱਟ ਹਾਸਲ ਕਰ ਸਕਦਾ ਹਾਂ, (ਬੀ) ਉੱਥੇ ਮੈਂ ਹਰ ਚਾਰ ਮਹੀਨੇ 'ਤੇ ਆਪਣੇ ਲੋਕਾਂ ਨੂੰ ਮਿਲ ਸਕਾਂਗੇ। ਜੋ ਲੋਕ ਬਦਕਿਸਮਤੀ ਨਾਲ ਜੇਲ੍ਹ ਵਿਚ ਹਨ, ਉਹੀ ਇਹ ਜਾਣਦੇ ਹਨ ਕਿ ਆਪਣੇ ਸਕੇ ਸੰਬੰਧੀਆਂ ਤੇ ਨਜ਼ਦੀਕੀ ਲੋਕਾਂ ਨਾਲ ਮਿਲਣਾ ਕਿੰਨਾ ਵੱਡਾ ਸੁੱਖ ਹੈ। (ਸੀ) ਸਭ ਤੋਂ ਵਧ ਮੇਰੇ ਨਾਲ ਭਾਵੇਂ ਕਾਨੂੰਨ ਨਹੀਂ ਪਰ 14 ਸਾਲ ਦੇ ਬਾਅਦ ਰਿਹਾਈ ਦਾ ਨੈਤਿਕ ਅਧਿਕਾਰ ਤਾਂ ਹੋਵੇਗਾ ਜਾਂ ਜੇਕਰ ਮੈਨੂੰ ਭਾਰਤ ਨਹੀਂ ਭੇਜਿਆ ਜਾ ਸਕਦਾ ਤਾਂ ਘੱਟ ਤੋਂ ਘੱਟ ਮੈਨੂੰ ਹੋਰ ਕੈਦੀ ਦੀ ਤਰ੍ਹਾਂ ਜੇਲ੍ਹ ਦੇ ਬਾਹਰ ਆਸ ਦੇ ਨਾਲ ਨਿਕਲਣ ਦੀ ਇਜਾਜ਼ਤ ਦਿੱਤੀ ਜਾਵੇ। ਪੰਜ ਸਾਲ ਦੇ ਬਾਅਦ ਮੁਲਾਕਾਤਾਂ ਦੀ ਇਜਾਜ਼ਤ ਦਿੱਤੀ ਜਾਵੇ। ਮੈਨੂੰ ਟਿਕਟ ਲੀਡ ਦਿੱਤੀ ਜਾਵੇ ਤਾਂ ਕਿ ਮੈਂ ਆਪਣੇ ਪਰਿਵਾਰ ਨੂੰ ਇੱਥੇ ਬੁਲਾ ਸਕਾਂ। ਤਦ ਮੈਨੂੰ ਸਿਰਫ ਇਕ ਗੱਲ ਦੀ ਸ਼ਿਕਾਇਤ ਰਹੇਗੀ ਕਿ ਮੈਨੂੰ ਸਿਰਫ ਮੇਰੀ ਗਲਤੀ ਦਾ ਦੋਸ਼ੀ ਮੰਨਿਆ ਜਾਵੇ, ਨਾ ਕਿ ਦੂਸਰੇ ਦੀ ਗਲਤੀ ਦਾ। ਇਹ ਇਕ ਦੁਖਾਂਤਕ ਸਥਿਤੀ ਹੈ ਕਿ ਮੈਨੂੰ ਇਨ੍ਹਾਂ ਸਾਰੀਆਂ ਚੀਜ਼ਾਂ ਲਈ ਬੇਨਤੀ ਕਰਨੀ ਪੈ ਰਹੀ ਹੈ, ਜੋ ਸਾਰੇ ਇਨਸਾਨਾਂ ਦਾ

ਬਾਕੀ ਸਫ਼ਾ 30 'ਤੇ

# ਹਿੰਦੂ ਰਾਸ਼ਟਰਵਾਦ ਮਨੁੱਖਤਾ ਲਈ ਖਤਰਨਾਕ

**ਬਲਕਰਨ ਸਿੰਘ, ਕੈਨੇਡਾ**

ਫੋਟੋ- ਆਰ ਐਸ ਐਸ ਦੇ ਮੁਖੀ ਭਾਗਵਤ



ਭਾਰਤ ਵਿਚ ਫਾਸ਼ੀਵਾਦ ਦਾ ਇਤਿਹਾਸ ਲੱਗਭੱਗ ਓਨਾ ਹੀ ਪੁਰਾਣਾ ਹੈ, ਜਿੰਨਾ ਕਿ ਜਰਮਨੀ ਤੇ ਇਟਲੀ ਵਿਚ। ਜਰਮਨੀ ਤੇ ਇਟਲੀ ਵਿਚ ਫਾਸ਼ੀਵਾਦੀ ਪਾਰਟੀਆਂ 1910 ਦੇ ਦਹਾਕੇ ਦੇ ਅੰਤ ਜਾਂ 1920 ਦੇ ਦਹਾਕੇ ਦੀ ਸ਼ੁਰੂਆਤ ਵਿਚ ਬਣੀਆਂ। ਭਾਰਤ ਵਿਚ ਆਰ ਐਸ ਐਸ ਦੀ ਸਥਾਪਨਾ 1925 ਦੌਰਾਨ ਨਾਗਪੁਰ ਵਿਖੇ ਦੁਸਹਿਰੇ ਵਾਲੇ ਦਿਨ ਹੋਈ। ਆਰ ਐਸ ਐਸ ਦੇ ਸੰਸਥਾਪਕ ਸਨ, ਕੇਸ਼ਵ ਬਲੀਰਾਮ ਹੇਡਗੇਵਾਰ। ਹੇਡਗੇਵਾਰ ਜਿਸ ਵਿਅਕਤੀ ਦੇ ਪ੍ਰਭਾਵ ਵਿਚ ਫਾਸ਼ੀਵਾਦੀ ਵਿਚਾਰਾਂ ਦੇ ਸੰਪਰਕ ਵਿਚ ਆਇਆ ਸੀ, ਉਸ ਦਾ ਨਾਮ ਮੁੰਜੇ ਸੀ। ਮੁੰਜੇ 1931 ਵਿਚ ਇਟਲੀ ਗਿਆ ਸੀ ਤੇ ਉੱਥੇ ਉਸ ਨੇ ਮੋਸੋਲਿਨੀ ਨਾਲ ਵੀ ਮੁਲਾਕਾਤ ਕੀਤੀ ਸੀ। 1924 ਤੋਂ 1935 ਦੇ ਵਿਚਾਲੇ ਆਰ ਐਸ ਐਸ ਨਾਲ ਨੇੜਲੇ ਅਖ਼ਬਾਰ ਕੇਸਰੀ ਨੇ ਮੁਸੋਲਿਨੀ ਤੇ ਉਸ ਦੀ ਫਾਸ਼ੀਵਾਦੀ ਸੱਤਾ ਤੇ ਵਿਚਾਰਧਾਰਾ ਦੀ ਪ੍ਰਸੰਸ਼ਾ ਵਿਚ ਲਗਾਤਾਰ ਲੇਖ ਛਾਪੇ। ਮੁੰਜੇ ਨੇ ਹੇਡਗੇਵਾਰ ਨੂੰ ਮੁਸੋਲਿਨੀ ਦੁਆਰਾ ਨੌਜਵਾਨਾਂ ਦੇ ਦਿਮਾਗਾਂ ਵਿਚ ਜ਼ਹਿਰ ਘੋਲ ਕੇ ਉਨ੍ਹਾਂ ਨੂੰ ਫਾਸ਼ੀਵਾਦੀ ਸੰਗਠਨ ਵਿਚ ਸ਼ਾਮਲ ਕਰਨ ਦੇ ਤੌਰ ਤਰੀਕਿਆਂ ਦੇ ਬਾਰੇ ਵਿਚ ਦੱਸਿਆ। ਹੇਡਗੇਵਾਰ ਨੇ ਉਨ੍ਹਾਂ ਤੌਰ ਤਰੀਕਿਆ ਦਾ ਇਸਤੇਮਾਲ ਉਸ ਸਮੇਂ ਤੋਂ ਸ਼ੁਰੂ ਕਰ ਦਿੱਤਾ ਸੀ ਤੇ ਆਰ ਐਸ ਐਸ ਅੱਜ ਵੀ ਉਨ੍ਹਾਂ ਤਰੀਕਿਆਂ ਦਾ ਇਸਤੇਮਾਲ ਕਰਦੀ ਹੈ। 1930 ਦੇ ਦਹਾਕੇ ਦੇ ਅੰਤ ਤੱਕ ਭਗਵੇਂਵਾਦੀਆਂ ਨੇ ਮੁੰਬਈ ਵਿਚ ਸਥਿਤ ਇਤਾਲਵੀ ਕੌਂਸਲੇਟ ਨਾਲ ਵੀ ਸੰਪਰਕ ਸਥਾਪਤ ਕੀਤਾ। ਉੱਥੇ ਮੌਜੂਦ ਇਤਾਲਵੀ ਫਾਸ਼ੀਵਾਦੀਆਂ ਨੇ ਭਗਵੇਂਵਾਦੀਆਂ ਨਾਲ ਸੰਪਰਕ ਕਾਇਮ ਰੱਖਿਆ।

ਲੱਗਭੱਗ ਉਸ ਸਮੇਂ ਇਕ ਹੋਰ ਹਿੰਦੂ ਕੱਟੜ ਪੰਥੀ ਵਿਨਾਇਕ ਦਾਮੋਦਰ ਸਾਵਰਕਰ, ਜਿਸ ਦਾ ਵੱਡਾ ਭਰਾ ਗਨੇਸ਼ ਦਾਮੋਦਰ ਸਾਵਰਕਰ ਆਰ ਐਸ ਐਸ ਦੇ ਸੰਸਥਾਪਕਾਂ ਵਿਚੋਂ ਇਕ ਸੀ, ਨੇ ਜਰਮਨੀ ਦੇ ਨਾਤਸੀਆਂ ਨਾਲ ਸੰਪਰਕ ਸਥਾਪਤ ਕੀਤਾ। ਸਾਵਰਕਰ ਨੇ ਜਰਮਨੀ ਵਿਚ ਹਿਟਲਰ ਦੁਆਰਾ ਯਹੂਦੀਆਂ ਦੇ ਸਫਾਏ ਨੂੰ ਸਹੀ ਠਹਿਰਾਇਆ ਤੇ ਭਾਰਤ ਵਿਚ ਮੁਸਲਮਾਨਾਂ ਦੀ ਸਮੱਸਿਆ ਦੇ ਹੱਲ ਦਾ ਵੀ ਇਹੀ ਰਸਤਾ ਦੱਸਿਆ। ਜਰਮਨੀ ਵਿਚ ਯਹੂਦੀ ਨਸਲਕੁਸ਼ੀ ਦਾ ਅੰਤਮ ਹੱਲ ਜੋ ਹਿਟਲਰ ਨੇ ਲੱਭਿਆ ਸੀ, ਉਹ ਸਾਵਰਕਰ ਦੇ ਲਈ ਇਕ ਮਾਡਲ ਸੀ। ਸਾਵਰਕਰ ਦੇ ਲਈ ਨਾਤਸੀ ਰਾਸ਼ਟਰਵਾਦੀ ਸਨ, ਜਦ ਕਿ ਯਹੂਦੀ ਰਾਸ਼ਟਰ ਵਿਰੋਧੀ। ਲੈਨਿਨ ਨੇ ਬਹੁਤ ਪਹਿਲਾਂ ਭਵਿੱਖਬਾਣੀ ਕੀਤੀ ਸੀ ਕਿ ਨਸਲਵਾਦੀ ਅੰਨ੍ਹੇ ਰਾਸ਼ਟਰਵਾਦੀ ਹਨ, ਪਾਗਲਪਨ ਦੇ ਸ਼ਿਕਾਰ ਹਨ, ਇਹ ਅਕਸਰ ਕਿਸੇ ਵੀ ਸਥਾਨ ’ਤੇ ਸੱਭਿਆਚਾਰਕ, ਰਾਸ਼ਟਰਵਾਦ ਦਾ ਚੋਲਾ ਪਾ ਕੇ ਆ ਸਕਦੇ ਹਨ। ਭਾਰਤ ਵਿਚ ਹਿੰਦੂ ਫਾਸ਼ੀਵਾਦੀ ਅੰਨ੍ਹੇ, ਭਗਵੇਂ ਰਾਸ਼ਟਰਵਾਦ ਦਾ ਜਾਮਾ ਪਾ ਕੇ ਹੀ ਸਾਹਮਣੇ ਆ ਰਹੇ ਹਨ।

ਆਰ ਐਸ ਐਸ ਨੇ ਵੀ ਖੁੱਲ੍ਹੇ ਤੌਰ ’ਤੇ ਜਰਮਨੀ ਵਿਚ ਨਾਤਸੀਆਂ ਦੁਆਰਾ ਯਹੂਦੀਆਂ ਦੇ ਕਤਲੇਆਮ ਦਾ ਸਮਰਥਨ ਕੀਤਾ। ਹੇਡਗੇਵਾਰ ਨੇ ਮੌਤ ਤੋਂ ਪਹਿਲਾਂ ਗੋਲਵਾਲਕਰ ਨੂੰ ਆਪਣਾ ਉਤਰਾਧਿਕਾਰੀ ਨਿਯੁਕਤ ਕੀਤਾ। ਗੋਲਵਾਲਕਰ ਨੇ ਆਪਣੀ ਪੁਸਤਕ, ‘ਵੀ ਆਰ ਅਵਰ ਨੇਸ਼ਨ ਹੁੱਡ ਡਿਫਾਇਨਡ’ ਤੇ ਬਾਅਦ ਵਿਚ ਪ੍ਰਕਾਸ਼ਿਤ ਹੋਈ, ‘ਬੰਚ ਆਫ ਥਾਟਸ’ ਵਿਚ ਜਰਮਨੀ ਦੇ ਨਾਤਸੀਆਂ ਦੁਆਰਾ ਉਠਾਏ ਗਏ ਕਦਮਾਂ ਦੇ ਸਮਰਥਨ ਕੀਤਾ ਸੀ। ਗੋਲਵਲਕਰ ਆਰ ਐਸ ਐਸ ਦੇ ਲੋਕਾਂ ਲਈ ਪੂਜਨੀਕ ਸਰਸੰਘ ਚਾਲਕ ਸੀ। ਉਸ ਨੂੰ ਆਦਰ ਨਾਲ ਸੰਘ ਦੇ ਲੋਕ ਗੁਰੂ ਜੀ ਕਹਿੰਦੇ ਹਨ। ਗੋਲਵਲਕਰ ਨੇ ਬਨਾਰਸ ਹਿੰਦੂ ਵਿਸ਼ਵ ਵਿਦਿਆਲਯ ਵਿਚ ਮੈਡੀਕਲ ਦੀ ਪੜ੍ਹਾਈ ਕੀਤੀ ਤੇ ਉਸ ਦੇ ਬਾਅਦ ਕੁਝ ਸਮੇਂ ਦੇ ਲਈ ਇੱਥੇ ਪੜ੍ਹਾਇਆ ਵੀ। ਉਸ ਸਮੇਂ ਦੌਰਾਨ ਉਸ ਨੂੰ ਗੁਰੂ ਜੀ ਦਾ ਨਾਮ ਮਿਲਿਆ। ਹੇਡਗੇਵਾਰ ਦੇ ਕਹਿਣ ’ਤੇ ਗੋਲਵਲਕਰ ਨੇ ਸੰਘ ਦੀ ਮੈਂਬਰਸ਼ਿਪ ਲਈ ਤੇ ਕੁਝ ਸਮੇਂ ਤੱਕ ਸੰਘ ਵਿਚ ਕੰਮ ਕੀਤਾ। ਆਪਣੇ ਧਾਰਮਿਕ ਰੁਝਾਨ ਦੇ ਕਾਰਨ ਗੋਲਵਲਕਰ ਕੁਝ ਸਮੇਂ ਦੇ ਲਈ ਆਰ ਐਸ ਐਸ ਤੋਂ ਚਲਾ ਗਿਆ ਤੇ ਕਿਸੇ ਗੁਰੂ ਦੇ ਕੋਲ ਜਾ ਕੇ ਸੰਨਿਆਸ ਧਾਰ ਲਿਆ। ਇਸ ਦੇ ਬਾਅਦ ਸੰਨ 1939 ਦੌਰਾਨ ਗੋਲਵਲਕਰ ਫਿਰ ਆਰ ਐਸ ਐਸ ਵਿਚ ਵਾਪਸ ਆ ਗਿਆ। ਉਸ ਸਮੇਂ ਤੱਕ ਹੇਡਗੇਵਾਰ ਮੌਤ ਦੇ ਕਿਨਾਰੇ ਸੀ ਤੇ ਉਸ ਨੇ ਗੋਲਵਲਕਰ ਨੂੰ ਆਪਣਾ ਉਤਰਾਧਿਕਾਰੀ ਨਿਯੁਕਤ ਕਰ ਲਿਆ। ਸੰਨ 1940 ਤੋਂ ਲੈ ਕੇ ਗੋਲਵਲਕਰ ਆਰ ਐਸ ਐਸ ਦੇ ਸੁਪਰੀਮੋ ਰਿਹਾ। ਗੋਲਵਲਕਰ ਦੀ ਅਗਵਾਈ ਵਿਚ ਹੀ ਆਰ ਐਸ ਐਸ ਦੇ ਉਹ ਸਾਰੇ ਸੰਗਠਨ ਹੋਂਦ ਵਿਚ ਆਏ ਜਿਨ੍ਹਾਂ ਨੂੰ ਅੱਜ



**ਆਰ ਐਸ ਐਸ ਨੇ ਅੰਗਰੇਜ਼ਾਂ ਦੇ ਖਿਲਾਫ਼ ਕਿਸੇ ਵੀ ਅਜ਼ਾਦੀ ਸੰਘਰਸ਼ ਵਿਚ ਹਿੰਸਾ ਨਹੀਂ ਲਿਆ। ਆਰ ਐਸ ਐਸ ਬ੍ਰਿਟਿਸ਼ ਸਾਮਰਾਜਵਾਦੀਆਂ ਦੇ ਨਾਲ ਤਾਲਮੇਲ ਕਰਨ ਦੇ ਲਈ ਤਿਆਰ ਸੀ। ਉਨ੍ਹਾਂ ਦਾ ਨਿਸ਼ਾਨਾ ਸ਼ੁਰੂ ਤੋਂ ਹੀ ਮੁਸਲਮਾਨ, ਕਮਿਊਨਿਸਟ ਤੇ ਇਸਾਈ ਸਨ। ਪਰ ਬ੍ਰਿਟਿਸ਼ ਸ਼ਾਸ਼ਕ ਕਦੇ ਵੀ ਉਨ੍ਹਾਂ ਦੇ ਨਿਸ਼ਾਨੇ ’ਤੇ ਨਹੀਂ ਸਨ। ਭਾਰਤ ਛੱਡੋ ਅੰਦੋਲਨ ਦੇ ਦੌਰਾਨ ਆਰ ਐਸ ਐਸ ਦੇਸ਼ ਪੱਧਰ ਦੇ ਸੰਘਰਸ਼ ਵਿਚ ਸ਼ਾਮਲ ਨਹੀਂ ਹੋਈ ਸੀ ਤੇ ਉਸ ਨੇ ਇਸ ਅੰਦੋਲਨ ਦਾ ਵਿਰੋਧ ਕੀਤਾ ਸੀ ਤੇ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ।**

ਅਸੀਂ ਜਾਣਦੇ ਹਾਂ। ਆਰ ਐਸ ਐਸ ਨੇ ਇਸ ਦੌਰਾਨ ਆਪਣੇ ਸਕੂਲਾਂ ਦਾ ਨੈਟਵਰਕ ਪੂਰੇ ਦੇਸ਼ ਵਿਚ ਫੈਲਾਇਆ। ਇਸ ਸਮੇਂ ਦੌਰਾਨ ਆਰ ਐਸ ਐਸ ਦੀਆਂ ਸ਼ਾਖਾਵਾਂ ਵੱਡੇ ਪੈਮਾਨੇ ’ਤੇ ਪੂਰੇ ਦੇਸ਼ ਵਿਚ ਫੈਲੀਆਂ। ਵਿਸ਼ਵ ਹਿੰਦੂ ਪ੍ਰੀਸ਼ਦ ਵਰਗੇ ਆਰ ਐਸ ਐਸ ਦੇ ਕੱਟੜਵਾਦੀ ਸੰਗਠਨ ਇਸ ਦੌਰਾਨ ਹੋਂਦ ਵਿਚ ਆਏ। ਗੋਲਵਲਕਰ ਨੇ ਹੀ ਆਰ ਐਸ ਐਸ ਦੀ ਫਾਸ਼ੀਵਾਦੀ ਵਿਚਾਰਧਾਰਾ ਨੂੰ ਇਕ ਸੰਗਠਿਤ ਰੂਪ ਦਿੱਤਾ ਤੇ ਉਸ ਦੀ ਅਗਵਾਈ ਵਿਚ ਆਰ ਐਸ ਐਸ ਦੀ ਪਹੁੰਚ ਮਹਾਰਾਸ਼ਟਰ ਦੇ ਬ੍ਰਾਹਮਣਾਂ ਤੋਂ ਬਾਹਰ ਤੱਕ ਗਈ। ਆਰ ਐਸ ਐਸ ਸਹੀ ਅਰਥਾਂ ਵਿਚ ਇਕ ਆਲ ਇੰਡੀਆ ਭਾਰਤੀ ਸੰਗਠਨ ਗੋਲਵਲਕਰ ਦੀ ਅਗਵਾਈ ਵਿਚ ਬਣਿਆ।

**ਅੰਗਰੇਜ਼ਾਂ ਦੇ ਟਾਊਟ**

ਆਰ ਐਸ ਐਸ ਨੇ ਅੰਗਰੇਜ਼ਾਂ ਦੇ ਖਿਲਾਫ਼ ਕਿਸੇ ਵੀ ਅਜ਼ਾਦੀ ਸੰਘਰਸ਼ ਵਿਚ ਹਿੰਸਾ ਨਹੀਂ ਲਿਆ। ਆਰ ਐਸ ਐਸ ਬ੍ਰਿਟਿਸ਼ ਸਾਮਰਾਜਵਾਦੀਆਂ ਦੇ ਨਾਲ ਤਾਲਮੇਲ ਕਰਨ ਦੇ ਲਈ ਤਿਆਰ ਸੀ। ਉਨ੍ਹਾਂ ਦਾ ਨਿਸ਼ਾਨਾ ਸ਼ੁਰੂ ਤੋਂ ਹੀ ਮੁਸਲਮਾਨ, ਕਮਿਊਨਿਸਟ ਤੇ ਇਸਾਈ ਸਨ। ਪਰ ਬ੍ਰਿਟਿਸ਼ ਸ਼ਾਸ਼ਕ ਕਦੇ ਵੀ ਉਨ੍ਹਾਂ ਦੇ ਨਿਸ਼ਾਨੇ ’ਤੇ ਨਹੀਂ ਸਨ। ਭਾਰਤ ਛੱਡੋ ਅੰਦੋਲਨ ਦੇ ਦੌਰਾਨ ਆਰ ਐਸ ਐਸ ਦੇਸ਼ ਪੱਧਰ ਦੇ ਸੰਘਰਸ਼ ਵਿਚ ਸ਼ਾਮਲ ਨਹੀਂ ਹੋਈ ਸੀ ਤੇ ਉਸ ਨੇ ਇਸ ਅੰਦੋਲਨ ਦਾ ਵਿਰੋਧ ਕੀਤਾ ਸੀ ਤੇ ਅੰਗਰੇਜ਼ਾਂ ਦਾ ਸਾਥ ਦਿੱਤਾ ਸੀ। ਸੰਘ ਆਗੂ ਸ਼ਿਆਮ ਪ੍ਰਸਾਦ ਮੁਖਰਜੀ ਦੁਆਰਾ ਬੰਗਾਲ ਵਿਚ ਅੰਗਰੇਜ਼ਾਂ ਦੇ ਪੱਖ ਵਿਚ ਖੁੱਲ੍ਹ ਕੇ ਬੋਲਣਾ ਇਸ ਦਾ ਇਕ ਬਹੁਤ ਵੱਡਾ ਸਬੂਤ ਹੈ। ਗਲਤੀ ਨਾਲ ਜੇਕਰ ਕੋਈ ਸੰਘ ਦਾ ਮੈਂਬਰ ਅੰਗਰੇਜ਼ਾਂ ਦੁਆਰਾ ਗ੍ਰਿਫ਼ਤਾਰ ਕੀਤਾ ਗਿਆ ਤਾਂ ਹਰ ਵਾਰ ਉਸ ਨੇ ਮਾਫੀਨਾਮਾ ਲਿਖ ਕੇ ਬ੍ਰਿਟਿਸ਼ ਰਾਜ ਦੇ ਪ੍ਰਤੀ ਆਪਣੀ ਵਫਾਦਾਰੀ ਨੂੰ ਦੁਹਰਾਇਆ ਤੇ ਹਮੇਸ਼ਾ ਵਫਾਦਾਰ ਰਹਿਣ ਦਾ ਵਾਅਦਾ ਕੀਤਾ। ਸਾਬਕਾ ਪ੍ਰਧਾਨ ਮੰਤਰੀ ਅਟਲ ਵਿਹਾਰੀ ਵਾਜਪਾਈ ਨੇ ਵੀ ਇਹੀ ਕੰਮ ਕੀਤਾ। ਅਜਿਹੇ ਸੰਘ ਲੀਡਰਾਂ ਦੀ ਸੂਚੀ ਬਹੁਤ ਲੰਬੀ ਹੈ ਜੋ ਮਾਫੀਨਾਮੇ ਲਿਖ ਲਿਖ ਕੇ ਬ੍ਰਿਟਿਸ਼ ਜੇਲ੍ਹਾਂ ਵਿਚੋਂ ਬਾਹਰ ਆਏ ਤੇ ਜਿਨ੍ਹਾਂ ਨੇ ਭਾਰਤੀ ਅਜ਼ਾਦੀ ਸੰਘਰਸ਼ ਦੇ ਨਾਇਕਾਂ ਦੇ ਖਿਲਾਫ਼ ਅੰਗਰੇਜ਼ਾਂ ਕੋਲ ਮੁਖਬਰੀ ਕਰਨ ਦਾ ਘਿਨੌਣਾ ਕੰਮ ਤੱਕ ਕੀਤਾ। ਬ੍ਰਿਟਿਸ਼ ਸਰਕਾਰ ਨੇ ਵੀ ਇਸ ਵਫ਼ਾਦਾਰੀ ਦਾ ਬਦਲਾ ਚੁਕਾਇਆ ਤੇ ਭਗਵੇਂਵਾਦੀਆਂ ਨੂੰ ਕਦੇ ਵੀ ਨਿਸ਼ਾਨਾ ਨਹੀਂ ਬਣਾਇਆ। ਆਰ ਐਸ ਐਸ ਅੱਜ ਰਾਸ਼ਟਰਵਾਦੀ ਹੋਣ ਦਾ ਭਾਵੇਂ ਜਿੰਨਾ ਮਰਜ਼ੀ ਗੁਣ ਗਾਇਨ ਕਰ ਲਵੇ, ਨਾਅਰੇਬਾਜ਼ੀ ਕਰ ਲਵੇ, ਪਰ ਉਹ ਭਾਰਤੀ ਅਜ਼ਾਦੀ ਦੇ ਇਤਿਹਾਸ ਵਿਚ ਆਪਣੇ ਗੱਦਾਰ ਹੋਣ ਦਾ ਦਾਗ ਕਦੇ ਵੀ ਨਹੀਂ ਮਿਟਾ ਸਕਣਗੇ। ਇਤਿਹਾਸ ਨੂੰ ਫਿਰ ਤੋਂ ਲਿਖਣ ਦੇ ਆਰ ਐਸ ਐਸ ਦੇ ਯਤਨਾਂ ਪਿੱਛੇ ਮੁੱਖ ਕਾਰਨ ਇਹੀ ਹੈ। ਉਹ ਆਪਣੀਆਂ ਪਿਛਲੀਆਂ ਕੀਤੀਆਂ ਕਰਤੂਤਾਂ ਤੋਂ ਡਰਦੇ ਹਨ, ਜੋ ਉਨ੍ਹਾਂ ਦਾ ਕਾਲਾ ਇਤਿਹਾਸ ਰਿਹਾ ਹੈ। ਹਿੰਸਾ ਨਾਲ ਉਹ ਬਹੁਤ ਪ੍ਰੇਮ ਕਰਦੇ ਹਨ। ਪਰ ਭਾਵ ਭੀੜਾਂ ਵਾਲੀ ਹਿੰਸਾ ਕਰਨ ਤੇ ਕਰਾਉਣ ਵਿਚ ਮਾਹਿਰ ਹਨ। ਉਹ ਕਦੇ ਵੀ ਜਨ ਅੰਦੋਲਨ ਵਿਚ ਸ਼ਾਮਲ ਨਹੀਂ ਹੋਏ ਤੇ ਉਨ੍ਹਾਂ ਵਿਚ ਕਿਸੇ ਵੀ ਜ਼ੁਲਮ ਨੂੰ ਝੱਲਣ ਦੀ ਤਾਕਤ ਨਹੀਂ। ਹਮੇਸ਼ਾ ਸੱਤਾ ਦੇ ਨਾਲ ਜੁੜੇ ਰਹਿਣ ਵਿਚ ਉਹ ਯਕੀਨ ਰੱਖਦੇ ਹਨ ਤੇ ਭ੍ਰਿਸ਼ਟ ਸੱਤਾ ਦੇ ਖਿਲਾਫ਼ ਜੂਝਣ ਵਾਲਿਆਂ ’ਤੇ ਕਾਇਰਤਾ ਪੂਰਨ ਹਿੰਸਕ ਹਮਲੇ ਕਰਨਾ ਇਨ੍ਹਾਂ ਦਾ ਸੁਭਾਅ ਰਿਹਾ ਹੈ। ਬਹੁਜਨ ਸਮਾਜ ਤੇ ਘੱਟ ਗਿਣਤੀਆਂ ਉਨ੍ਹਾਂ ਦੇ ਨਿਸ਼ਾਨੇ ’ਤੇ ਰਹੀ। ਮਨੁੱਖਤਾ ਦੇ ਹੱਕ ਵਿਚ ਸੰਘਰਸ਼ ਕਰਨ ਨਾਲ ਉਨ੍ਹਾਂ ਦਾ ਕੋਈ ਵਾਸਤਾ ਨਹੀਂ ਰਿਹਾ। ਸੰਘ ਦਾ ਪੂਰਾ ਢਾਂਚਾ ਸ਼ੁਰੂ ਤੋਂ ਫਾਸ਼ੀਵਾਦੀ ਰਿਹਾ ਹੈ, ਉਹ ਲੰਬੇ ਸਮੇਂ ਤੱਕ ਸਿਰਫ਼ ਮਰਦਾਂ ਦੇ ਲਈ ਖੁੱਲ੍ਹਿਆ ਸੀ। ਆਰ ਐਸ ਐਸ ਦੀ ਨਾਰੀ ਸ਼ਾਖਾ ਬਹੁਤ ਬਾਅਦ ਵਿਚ ਬਣਾਈ ਗਈ। ਆਰ ਐਸ ਐਸ ਦਾ ਪੂਰਾ ਅੰਦਰੂਨੀ ਢਾਂਚਾ ਹਿਟਲਰ ਤੇ ਮੁਸੋਲਿਨੀ ਪਾਰਟੀਆਂ ਨਾਲ ਹੂ-ਬ-ਹੂ ਮੇਲ ਖਾਂਦਾ ਹੈ। ਆਰ ਐਸ ਐਸ ਦਾ ਹਰ ਮੈਂਬਰ ਇਹ ਸਹੁੰ ਲੈਂਦਾ ਹੈ ਕਿ ਉਹ ਸਰਸੰਘਚਾਲਕ ਦੇ ਹਰ ਹੁਕਮ ਦਾ ਬਿਨਾਂ ਸਵਾਲ ਕੀਤੇ ਪਾਲਣਾ ਕਰੇਗਾ। ਸਰਸੰਘਚਾਲਕ ਸਭ ਤੋਂ ਉੱਪਰ ਹੁੰਦਾ ਹੈ ਤੇ ਉਸ ਦੇ ਹੇਠਾਂ ਇਕ ਸਰਕਾਰਜਵਾਹ ਹੁੰਦਾ ਹੈ, ਜਿਸ ਨੂੰ ਸਰਸੰਘ ਚਾਲਕ ਹੀ ਨਿਯਕਤ ਕਰਦਾ ਹੈ। ਇਕ ਕੇਂਦਰੀ ਕਾਰਜਕਾਰੀ ਮੰਡਲ ਹੁੰਦਾ ਹੈ, ਜਿਸ ਨੂੰ ਹਮੇਸ਼ਾ ਸਰਸੰਘਚਾਲਕ ਚੁਣਦਾ ਹੈ। ਆਪਣਾ ਉਤਰਾਅਧਿਕਾਰੀ ਵੀ ਸਰਸੰਘਚਾਲਕ ਚੁਣਦਾ ਹੈ। ਇਸ ਤਰ੍ਹਾਂ ਇਸ ਸੰਗਠਨ ਵਿਚ ਜਮਹੂਰੀਅਤ ਦੀ ਕੋਈ ਜਗ੍ਹਾ ਨਹੀਂ। ਨਾਤਸੀ ਤੇ ਫਾਸ਼ੀਵਾਦੀ ਪਾਰਟੀ ਦਾ ਪੂਰਾ ਢਾਂਚਾ ਇਸੇ ਤਰ੍ਹਾਂ ਦਾ ਹੈ। ਨਾਤਸੀ ਪਾਰਟੀ ਵਿਚ ‘ਫਿਊਹਰਰ’ ਦੇ ਨਾਮ ’ਤੇ ਸਹੁੰ ਲਈ ਜਾਂਦੀ ਹੈ ਤੇ ਫਾਸ਼ੀਵਾਦੀ ਪਾਰਟੀ ਵਿਚ ‘ਡਿਊਸ’ ਦੇ ਨਾਮ ’ਤੇ ਸਹੁੰ ਲਈ ਜਾਂਦੀ ਹੈ।

ਇਹ ਦੱਸਣ ਦੀ ਜ਼ਰੂਰਤ ਨਹੀਂ ਕਿ ਉਹ ਹਮੇਸ਼ਾ ਤੋਂ ਸਿਰਫ਼ ਹਿੰਦੂਆਂ ਦੇ ਲਈ ਖੁੱਲ੍ਹਾ ਹੈ। ਇਹ ਖੁੱਲ੍ਹੇ ਤੌਰ ’ਤੇ ਕਹਿੰਦਾ ਹੈ ਕਿ ਉਹ ਹਿੰਦੂਆਂ ਦੀ ਸੇਵਾ ਕਰਨ ਦੇ ਲਈ ਹੈ। ਸੰਘ ਨੇ ਕਦੇ ਵੀ ਮੂਲਨਿਵਾਸੀਆਂ ਅਰਥਾਤ ਦੱਬੇ ਕੁਚਲੇ ਲੋਕਾਂ ਅਤੇ ਘੱਟ ਗਿਣਤੀ ਕੌਮਾਂ ਦੇ ਹਿੱਤ ਵਿਚ ਕੋਈ ਕੰਮ ਨਹੀਂ ਕੀਤਾ। ਇਸ ਦਾ ਸਮਰੱਥਨ ਹਮੇਸ਼ਾ ਪੂੰਜੀਪਤੀ ਵਰਗ, ਕਾਰਪੋਰੇਟ ਜਗਤ ਕਰਦਾ ਹੈ। ਗੋਲਵਲਕਰ ਨੇ ਆਪਣੀ ਪੁਸਤਕ ‘ਵੀ ਆਰ ਨੇਸ਼ਨ ਹੁੱਡ ਡਿਫਾਇੰਡ’ ਪੁਸਤਕ (ਪੰਨਾ 35) ਵਿਚ ਜਰਮਨ ਰਾਸ਼ਟਰਵਾਦ ਦੀਆਂ ਤਾਰੀਫਾਂ ਕਰਦੇ ਹੋਏ ਇਸ ਤੋਂ ਭਾਰਤੀਆਂ ਨੂੰ ਤੇ ਖਾਸ ਕਰਕੇ ਹਿੰਦੂਆਂ ਨੂੰ ਸਬਕ ਸਿਖਣ ਲਈ ਕਿਹਾ ਹੈ। ਉਹ ਲਿਖਦਾ ਹੈ, ‘ਆਪਣੀ ਜਾਤੀ ਤੇ ਆਪਣੀ ਸੰਸਕ੍ਰਿਤੀ ਦੀ ਸ਼ੁੱਧਤਾ ਬਣਾ ਕੇ ਰੱਖਣ ਦੇ ਲਈ ਜਰਮਨੀ ਨੇ ਦੇਸ਼ ਤੋਂ ਸਾਮੀ ਜਾਤੀਆਂ-ਯਹੂਦੀਆਂ ਦਾ ਸਫਾਇਆ ਕਰਕੇ ਵਿਸ਼ਵ ਨੂੰ ਹੈਰਾਨ ਕਰ ਦਿੱਤਾ। ਜਰਮਨੀ ਨੇ ਅਜਿਹਾ ਕਰਕੇ ਦੱਸ ਦਿੱਤਾ ਕਿ ਦੂਸਰੀਆਂ ਜਾਤਾਂ ਨਾਲ ਰਲ ਕੇ ਆਪਣਾ ਸੱਭਿਆਚਾਰ ਨਹੀਂ ਬਚਾਇਆ ਜਾ ਸਕਦਾ। ਹਿੰਦੋਸਤਾਨ ਵਿਚ ਸਾਡੇ ਲੋਕਾਂ ਦੇ ਲਾਭ ਲਈ ਇਹ ਇੱਕ ਚੰਗਾ ਸਬਕ ਹੈ। ਹਿਟਲਰ ਦੀ ਇਸ ਸੋਚ ਨੂੰ ਪੰਨਾ 47-48 ’ਤੇ ਗੋਲਵਲਕਰ ਭਾਰਤ ’ਤੇ ਲਾਗੂ ਕਰਨ ਦਾ ਸੁਝਾਅ ਦਿੰਦਾ ਹੋਇਆ ਆਖਦਾ ਹੈ, “ਜਾਤੀ ਤੇ ਸੰਸਕ੍ਰਿਤੀ ਦੀ ਪ੍ਰਸ਼ੰਸਾ ਤੋਂ ਇਲਾਵਾ ਮਨ ਵਿਚ ਕੋਈ ਵਿਚਾਰ ਨਹੀਂ ਲਿਆਉਣਾ ਚਾਹੀਦਾ, ਅਰਥਾਤ ਹਿੰਦੂ ਰਾਸ਼ਟਰਵਾਦੀ ਬਣ ਜਾਣਾ ਚਾਹੀਦਾ ਹੈ ਤੇ ਹਿੰਦੂ ਜਾਤੀ ਵਿਚ ਮਿਲ ਕੇ ਆਪਣੇ ਸੁਤੰਤਰ ਵਜੂਦ ਨੂੰ ਗੁਆ ਦੇਣਾ ਚਾਹੀਦਾ ਹੈ ਜਾਂ ਇਸ ਦੇਸ਼ ਵਿਚ ਪੂਰੀ ਤਰ੍ਹਾਂ ਹਿੰਦੂ ਰਾਸ਼ਟਰ ਦੀ ਗੁਲਾਮੀ ਕਰਦੇ ਹੋਏ ਬਿਨਾਂ ਕੋਈ ਮੰਗ ਕੀਤੇ, ਬਿਨਾਂ ਕਿਸੇ ਪ੍ਰਕਾਰ ਦੇ ਵਿਸ਼ੇਸ਼ ਅਧਿਕਾਰ ਮੰਗੇ, ਵਿਸ਼ੇਸ਼ ਪ੍ਰਕਾਰ ਦੀ ਕਾਮਨਾ ਕਰਨ ਦੀ ਤਾਂ ਉਮੀਦ ਹੀ ਨਹੀਂ ਕਰਨੀ ਚਾਹੀਦੀ। ਇਥੋਂ ਤੱਕ ਕਿ ਬਿਨਾਂ ਨਾਗਰਿਕਤਾ ਦੇ ਅਧਿਕਾਰ ਦੇ ਰਹਿਣਾ ਹੋਵੇਗਾ। ਉਨ੍ਹਾਂ ਦੇ ਲਈ ਇਸ ਤੋਂ ਇਲਾਵਾ ਹੋਰ ਕੋਈ ਰਸਤਾ ਨਹੀਂ ਛੱਡਣਾ ਚਾਹੀਦਾ। ਅਸੀਂ ਇਕ ਪ੍ਰਾਚੀਨ ਰਾਸ਼ਟਰ ਹਾਂ, ਸਾਨੂੰ ਵਿਦੇਸ਼ੀ ਜਾਤੀਆਂ ਤੋਂ ਜੋ ਸਾਡੇ ਦੇਸ਼ ਵਿਚ ਰਹਿ ਰਹੀਆਂ ਹਨ, ਉਸੇ ਤਰ੍ਹਾਂ ਨਿਪਟਣਾ ਚਾਹੀਦਾ, ਜਿਵੇਂ ਪ੍ਰਾਚੀਨ ਰਾਸ਼ਟਰ ਵਿਦੇਸ਼ੀ ਨਸਲਾਂ ਨਾਲ ਨਿਪਟਿਆ ਕਰਦੇ ਹਨ। ਗੱਲ ਬਿਲਕੁਲ ਸਾਫ਼ ਹੈ ਕਿ ਗੋਲਵਲਕਰ ਦੀ ਨੀਤੀ ਇਹੀ ਹੈ ਕਿ ਭਾਰਤ ਵਿਚ ਮੁਸਲਮਾਨਾਂ ਤੇ ਇਸਾਈਆਂ ਦਾ ਸਫਾਇਆ ਉਸੇ ਤਰ੍ਹਾਂ ਕੀਤੇ ਜਾਵੇ ਜਿਵੇਂ ਹਿਟਲਰ ਨੇ ਜਰਮਨ ਵਿਚ ਯਹੂਦੀਆਂ ਦਾ ਕੀਤਾ ਸੀ।

**ਸੰਘ ਦਾ ਰਾਸ਼ਟਰ ਕਿਹੜਾ ?**

ਸੰਘ ਦੀ ਵਿਚਾਰਧਾਰਾ ਅਨੁਸਾਰ ਹਿੰਦੂ ਸਿਰਫ਼ ਉੱਚ ਜਾਤੀ ਦੇ ਲੋਕ ਹਨ, ਜਿਨ੍ਹਾਂ ਕੋਲ ਆਰਥਿਕਤਾ ਦੇ ਵੱਡੇ ਸਾਧਨ ਹਨ। ਇਸਤਰੀਆਂ ਪ੍ਰਤੀ ਸੰਘ ਦਾ ਵਿਹਾਰ ਪੁਰਸ਼ ਤੋਂ ਨੀਵਾਂ ਹੈ ਤੇ ਉਹ ਇਸਤਰੀਆਂ ਨੂੰ ਬੱਚੇ ਜੰਮਣ ਦੀ ਮਸ਼ੀਨ ਤੋਂ ਇਲਾਵਾ ਹੋਰ ਕੁਝ ਨਹੀਂ ਸਮਝਦੇ। ਇਸ ਸੰਬੰਧ ਵਿਚ ਉਨ੍ਹਾਂ ਦੀ ਵਿਚਾਰਧਾਰਾ ਹਿਟਲਰ ਤੇ ਮੁਸੋਲਿਨੀ ਵਰਗੀ ਹੈ। ਜਿਵੇਂ ਹਿਟਲਰ ਤੇ ਮੁਸੋਲਿਨੀ ਸੋਚਦੇ ਸਨ ਕਿ ਇਸਤਰੀ ਸਿਰਫ਼ ਮਰਦ ਦੀ ਸੇਵਕ ਤੇ ਸਿਹਤਮੰਦ ਬੱਚੇ ਪੈਦਾ ਕਰਨ ਵਾਲੀ ਮਸ਼ੀਨ ਹੀ ਹੋਣੀ ਚਾਹੀਦੀ ਹੈ, ਉਸੇ ਤਰ੍ਹਾਂ ਸੰਘ ਦੇ ਨੀਤੀ ਘਾੜੇ ਇਸੇ ਸੋਚ ਨੂੰ ਹੀ ਅਪਨਾ ਰਹੇ ਹਨ। ਅਜੋਕੇ ਸੰਘ ਪ੍ਰਮੁਖ ਮੋਹਨ ਭਾਗਵਤ ਦਾ ਬਿਆਨ ਇਸੇ ਸੁਰ ਵਾਲਾ ਹੈ। ਉਹ ਵੀ ਆਖਦਾ ਹੈ ਕਿ ਇਸਤਰੀ ਸਿਹਤਮੰਦ ਅਤੇ ਬੌਧਿਕਤਾ ਵਾਲੇ ਹਿੰਦੂ ਬੱਚੇ ਪੈਦਾ ਕਰੇ। ਕਿਰਤ ਬਾਰੇ ਉਨ੍ਹਾਂ ਦੀ ਵਿਚਾਰਧਾਰਾ ਗੁਰੂ ਨਾਨਕ ਸਾਹਿਬ ਦੇ ਫਲਸਫੇ ਦੇ ਉਲਟ ਹੈ ਤੇ ਮਲਿਕ ਭਾਗੋਆਂ ਦੇ ਹੱਕ ਦੀ ਗੱਲ ਕਰਦੀ ਹੈ ਤੇ ਗਰੀਬ ਤੇ ਮਜ਼ਦੂਰਾਂ ਦਾ ਰੱਤ ਨਿਚੋੜਣ ਦੇ ਹੱਕ ਵਿਚ ਫੈਸਲਾ ਦਿੰਦੀ ਹੈ। ਸੰਘ ਵਿਚਾਰਧਾਰਾ ਅਨੁਸਾਰ ਮਜ਼ਦੂਰ ਵਰਗ ਦਾ ਕੰਮ ਹੈ ਕਿ ਮਹਾਨ ਪ੍ਰਾਚੀਨ ਹਿੰਦੂ ਰਾਸ਼ਟਰ ਦੀ ਉਨਤੀ ਤੇ ਪ੍ਰਗਤੀ ਦੇ ਲਈ ਬਿਨਾਂ ਸੁਆਲ ਉਠਾਏ ਕੰਮ ਕਰਦੇ ਰਹਿਣਾ। ਇਸ ’ਤੇ ਸੁਆਲ ਖੜੇ ਕਰਨਾ ਜਾਂ ਕਿਰਤ ਅਧਿਕਾਰਾਂ ਦੀ ਗੱਲ ਕਰਨਾ ਰਾਸ਼ਟਰ ਵਿਰੋਧੀ ਮੰਨਿਆ ਜਾਵੇਗਾ। ਹਰ ਕੋਈ ਆਪਣਾ ਕੰਮ ਕਰੇ, ਸੁਆਲ ਨਹੀਂ। ਕਰਮ ਆਪਣੇ ਜਨਮ ਤੋਂ ਤੈਅ ਹੁੰਦਾ ਹੈ। ਤੁਸੀਂ ਜਿੱਥੇ ਜਿਸ ਘਰ ਵਿਚ ਜਿਸ ਪਰਿਵਾਰ ਵਿਚ ਜਨਮੇ ਤੁਹਾਨੂੰ ਉਹੋ ਜਿਹਾ ਕੰਮ ਕਰਨਾ ਹੋਵੇਗਾ। ਇਸ ਤੋਂ ਜ਼ਾਹਿਰ ਹੈ ਕਿ ਸੰਘ ਮਨੂੰਵਾਦ ਨੂੰ ਸੰਵਿਧਾਨ ਮੰਨ ਕੇ ਜਾਤੀਵਾਦੀ ਵਿਵਸਥਾ ਤੇ ਮਨੂੰਵਾਦੀ ਸੱਭਿਆਚਾਰ ਨੂੰ ਲਾਗੂ ਕਰ ਰਿਹਾ ਹੈ। ਇਸੇ ਲਈ ਭਾਜਪਾ ਵਾਲੇ ਸੰਵਿਧਾਨ ਬਦਲਣ ਦੀਆਂ ਗੱਲਾਂ ਕਰਦੇ ਹਨ। ਸੰਘ ਅਨੁਸਾਰ ਹਿੰਦੂ ਰਾਸ਼ਟਰਵਾਦ ਦਾ ਅਰਥ ਹੈ ਪੂੰਜੀਪਤੀਆਂ, ਮਲਿਕ ਭਾਗੋਆਂ, ਦੁਕਾਨਦਾਰਾਂ ਦੀ ਬਰਾਦਰੀ। ਹਿਟਲਰ ਤੇ ਮੁਸੋਲਿਨੀ ਨੇ ਆਪਣੇ ਆਪਣੇ ਦੇਸ਼ਾਂ ਵਿਚ ਮਜ਼ਦੂਰਾਂ ਤੇ ਕਿਰਤੀਆਂ ਦੇ ਪ੍ਰਤੀ ਇਹੀ ਪੈਮਾਨਾ ਅਪਨਾਇਆ ਸੀ। ਉਹੀ ਆਰ ਐਸ ਐਸ ਵਾਲੇ ਅਪਨਾਉਣਾ ਚਾਹੁੰਦੇ ਹਨ।

**ਮੋਦੀ ਦਾ ਰਾਜ ਤੇ ਹਿੰਦੂ ਰਾਸ਼ਟਰਵਾਦ**

ਪਿਛਲੇ ਸਮੇਂ ਦੌਰਾਨ ਇਕ ਖਤਰਨਾਕ ਹਿੰਦੂ ਰਾਸ਼ਟਰ ਤਿਆਰ ਹੋ ਰਿਹਾ ਹੈ, ਜਿਸ ਦੀਆਂ ਨੀਤੀਆਂ ਨਾਗਪੁਰ ਤੋਂ ਤੈਅ ਹੁੰਦੀਆਂ ਹਨ। ਸੰਘ ਦਾ ਏਜੰਡਾ ਹਿੰਦੂ ਰਾਸ਼ਟਰ ਦਾ ਨਿਰਮਾਣ ਹੈ। ਇਸ ਲਈ ਮੋਦੀ ਸਰਕਾਰ ਦੇ ਬਣਨ ’ਤੇ ਐਲਾਨ ਹੋਇਆ ਕਿ 8 ਸੌ ਸਾਲ ਬਾਅਦ ਦੇਸ ਵਿਚ ਹਿੰਦੂਆਂ ਦਾ ਰਾਜ ਪਰਤਿਆ ਹੈ। ਇਹ ਬਿਆਨ ਹਿੰਦੂ ਪ੍ਰੀਸ਼ਦ ਦੇ ਨੇਤਾ ਅਸ਼ੋਕ ਸਿੰਘਲ ਨੇ ਦਿੱਤਾ। ਫਿਰ ਭਗਵੇਂਵਾਦੀਆਂ ਵੱਲੋਂ ਭਾਰਤ ਵਿਚ ਘੱਟ ਗਿਣਤੀਆਂ, ਦਲਿਤਾਂ, ਨਿਰਪੱਖ ਹਿੰਦੂਆਂ, ਪੱਛੜੇ ਵਰਗ ਦੇ ਲੋਕਾਂ, ਆਦਿਵਾਸੀਆਂ ’ਤੇ ਸਰਜੀਕਲ ਸਟਰਾਈਕ ਸ਼ੁਰੂ ਕਰ ਦਿੱਤਾ ਗਿਆ। ਪਹਿਲਾਂ ਚਰਚਾ ’ਤੇ ਹਮਲੇ ਹੋਏ, ਫਿਰ ਮੁਸਲਮਾਨ, ਦਲਿਤ ਨਿਸ਼ਾਨੇ ’ਤੇ ਆ ਗਏ। ਸਿੱਖ ਕੌਮ ਦੇ ਇਤਿਹਾਸ ਦਾ ਹਿੰਦੂਕਰਨ ਕਰਨਾ ਸ਼ੁਰੂ ਕਰ ਦਿੱਤਾ ਤੇ ਅੱਤਵਾਦੀ ਕਹਿ ਕੇ ਵਿਦੇਸ਼ਾਂ ਵਿਚ ਰਹਿ ਰਹੇ ਪ੍ਰਵਾਸੀ ਖਾਲਸਾ ਜੀ ਨੂੰ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ। ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਦੀ ਯਾਤਰਾ ਤੇ ਉਸ ਦੀ ਬਦਨਾਮੀ ਇਸੇ ਸੰਦਰਭ ਵਿਚ ਦੇਖੀ ਜਾ ਸਕਦੀ ਹੈ। ਕੈਨੇਡਾ ਦੇ ਉਭਰ ਰਹੇ ਰਾਜਨੀਤਕ ਨੇਤਾ ਸ. ਜਗਮੀਤ ਸਿੰਘ ਵਿਰੁੱਧ ਕੂੜ ਪ੍ਰਚਾਰ ਇਸੇ ਭਗਵੇਂਵਾਦੀ ਨੀਤੀ ਦਾ ਨਤੀਜਾ ਹੈ। ਲੇਖਕਾਂ ਦੀਆਂ ਹੱਤਿਆਵਾਂ ਤੇ ਇਨ੍ਹਾਂ ’ਤੇ ਹਮਲੇ, ਲਵ ਜਿਹਾਦ, ਘਰ ਵਾਪਸੀ ਦੇ ਨਾਮ ’ਤੇ ਗੁੰਡਾਗਰਦੀ ਸੰਘ ਨੀਤੀਆਂ ਦਾ ਨਤੀਜਾ ਹੈ, ਜਿਸ ਉੱਪਰ ਮੋਦੀ ਸਰਕਾਰ ਦੀ ਮੋਹਰ ਹੈ। ਗਊ ਰੱਖਿਆ ਦੇ ਬਹਾਨੇ ਊਨਾ ਤੇ ਹਰਿਆਣਾ ਤੇ ਹੋਰ ਪ੍ਰਾਂਤਾਂ ਵਿਚ ਦਲਿਤਾਂ ਤੇ ਮੁਸਲਮਾਨਾਂ ਉੱਪਰ ਕਾਤਲਾਨਾ ਹਮਲੇ ਇਸੇ ਭਗਵੇਂਵਾਦੀ ਅੱਤਵਾਦ ਦਾ ਨਵਾਂ ਰੂਪ ਹੈ।

### ਇਤਿਹਾਸ ਦੇ ਪੰਨੇ

# ਗੁਰੂਆਂ ਤੇ ਦੇਸ਼ ਭਗਤਾਂ ਦੀ ਧਰਤੀ ਮਾਲਵਾ

**ਡਾ. ਲਖਵੀਰ ਸਿੰਘ ਨਾਮਧਾਰੀ**

ਮਾਲਵੇ ਦੀ ਭੂਮੀ ਦੀ ਉਪਜਾਊ ਸ਼ਕਤੀ ਬਾਰੇ ਗੱਲ ਕਰੀਏ ਤਾਂ ਮਾਲਵੇ ਨੂੰ ਸਤਲੁਜ ਦਰਿਆ ਦੀਆਂ ਸੌ ਧਾਰਾਂ ਵਿੱਚ ਵਸੇ ਹੋਣ ਦਾ ਮਾਣ ਪ੍ਰਾਪਤ ਹੈ। ਪੂਰਬ ਤੋਂ ਪੱਛਮ ਵੱਲ ਵਗਦੇ ਸਤਲੁਜ ਦਰਿਆ ਦੀਆਂ ਅਨੇਕਾਂ ਧਾਰਾਂ, ਘੱਗਰ, ਮਾਰਕੰਡਾ ਅਤੇ ਸਰਸਵਤੀ ਦਰਿਆਵਾਂ ਨੇ ਪਹਾੜਾਂ ਤੋਂ ਉਪਜਾਊ ਮਿੱਟੀ ਲਿਆ ਕੇ ਇਸ ਭੂਮੀ ਨੂੰ ਜ਼ਰਖੇਜ਼ ਬਣਾਇਆ। ਇਤਿਹਾਸ ਮੁਤਾਬਕ ਸਤਲੁਜ ਦਰਿਆ ਨਾਭੇ ਤੋਂ ਉੱਤਰ ਵੱਲ ਦੀ ਹੁੰਦਾ ਹੋਇਆ ਛਪਾਰ, ਲੋਹਟ ਬੱਧੀ, ਠੀਕਰੀਵਾਲਾ, ਮੰਡੀ ਕਲਾਂ ਹੁੰਦਾ ਹੋਇਆ ਬਠਿੰਡਾ ਸ਼ਹਿਰ ਦੇ ਵਿਚਕਾਰੋਂ ਲੰਘਦਾ ਸੀ। ਬਠਿੰਡਾ ਉਸ ਸਮੇਂ ਸਤਲੁਜ ਦਰਿਆ ਦੇ ਕਿਨਾਰੇ 'ਤੇ ਵਸਿਆ ਸੀ। ਸਮੇਂ ਦੀ ਤਬਦੀਲੀ ਨਾਲ ਰੁਖ਼ ਬਦਲਦਾ ਹੋਇਆ ਸਤਲੁਜ ਮਾਛੀਵਾੜਾ, ਲੁਧਿਆਣਾ, ਜਗਰਾਉਂ, ਫ਼ਿਰੋਜ਼ਪੁਰ ਹੁੰਦਾ ਹੋਇਆ ਦਰਿਆ ਬਿਆਸ ਨਾਲ ਰਲ ਗਿਆ। ਹੌਲੀ-ਹੌਲੀ ਦਰਿਆਵਾਂ ਨੇ ਮਾਲਵੇ ਵਿੱਚੋਂ ਮੁੱਖ ਮੋੜ ਲਿਆ। ਸਰਸਵਤੀ, ਮਾਰਕੰਡਾ ਅਤੇ ਸਤਲੁਜ ਦੀਆਂ ਸੈਂਕੜੇ ਧਾਰਾਂ ਮਾਲਵੇ ਵਿੱਚੋਂ ਲੋਪ ਹੋ ਗਈਆਂ। ਇਸ ਵੱਡੀ ਭੂਗੋਲਿਕ ਤਬਦੀਲੀ ਨਾਲ ਮਾਲਵੇ ਦੀ ਸਰਸਬਜ਼ ਭੂਮੀ ਰੋਹੀ ਬੀਆਬਾਨ ਵਿੱਚ ਤਬਦੀਲ ਹੋ ਗਈ, ਥਾਂ-ਥਾਂ ਰੇਤ ਦੇ ਟਿੱਬੇ ਬੱਝ ਗਏ। ਉਪਜਾਊ ਮਾਲਵਾ, ਰੇਗਿਸਤਾਨ ਬਣ ਗਿਆ। ਮਾਲਵਾ ਜੰਗਲ ਦਾ ਰੂਪ ਧਾਰਨ ਕਰ ਗਿਆ। ਬਠਿੰਡੇ ਦੇ ਉੱਤਰ-ਪੂਰਬ ਵੱਲ ਸੈਂਕੜੇ ਕਿਲੋਮੀਟਰ ਇਲਾਕਾ ਲੱਖੀ ਜੰਗਲ ਦੇ ਨਾਂ ਨਾਲ ਪ੍ਰਸਿੱਧ ਹੋਇਆ। ਉਦਾਸੀਆਂ ਦੌਰਾਨ ਗੁਰੂ ਨਾਨਕ ਦੇਵ ਜੀ ਲੱਖੀ ਜੰਗਲ ਵਿੱਚ ਆਏ।

ਗੁਰੂ ਅੰਗਦ ਦੇਵ ਨੇ ਵੀ ਮਾਲਵੇ ਦੀ ਧਰਤੀ ਨੂੰ ਭਾਗ ਲਾਏ। ਗੁਰ ਹਰਗੋਬਿੰਦ ਸਾਹਿਬ ਨੇ ਲੰਮਾ ਸਮਾਂ ਮਾਲਵੇ ਵਿੱਚ ਨਿਵਾਸ ਰੱਖਿਆ। ਸਿੱਖੀ ਦਾ ਪ੍ਰਚਾਰ ਕਰਦਿਆਂ ਗੁਰੂ ਜੀ ਨੇ ਮਾਲਵੇ ਵਿੱਚ ਅਨੇਕਾਂ ਨਗਰ ਵਸਾਏ। ਗੁਰੂ ਹਰਗੋਬਿੰਦ ਸਾਹਿਬ ਨੇ ਭਾਈ ਰੂਪ ਚੰਦ ਦੇ ਨਾਂ 'ਤੇ ਭਾਈਰੂਪਾ ਪਿੰਡ ਬੰਨ੍ਹਿਆ ਜਿੱਥੇ ਅੱਜ ਵੀ ਛੇਵੇਂ ਪਾਤਸ਼ਾਹ ਦਾ ਰਥ, ਗੁਰੂ ਅਰਜਨ ਦੇਵ ਦੀਆਂ ਖੜਾਵਾਂ, ਗੁਰੂ ਹਰਿਰਾਏ ਜੀ ਦਾ ਵੀਰਾਂਗਣਾ ਅਤੇ ਗੁਰੂ ਗੋਬਿੰਦ ਸਿੰਘ ਦੀ ਢਾਲ ਦੇ ਦਰਸ਼ਨ ਕੀਤੇ ਜਾ ਸਕਦੇ ਹਨ। ਅੱਜ ਪੰਜਾਬ ਦਾ ਨੌਂ ਪੰਚਾਇਤਾਂ ਵਾਲਾ ਸਭ ਤੋਂ ਵੱਡਾ ਪਿੰਡ ਮਹਿਰਾਜ ਹੈ। ਇਹ ਪਿੰਡ ਗੁਰੂ ਹਰਗੋਬਿੰਦ ਸਾਹਿਬ ਨੇ ਸਿੱਧੂਆਂ ਦੇ ਨਾਂ ਬੰਨ੍ਹਿਆ ਸੀ। ਇੱਥੇ ਹੀ ਗੁਰੂਸਰ ਦੇ ਸਥਾਨ 'ਤੇ ਗੁਰੂਕਿਆਂ ਤੇ ਮੁਗ਼ਲਾਂ ਵਿਚਕਾਰ ਯੁੱਧ ਹੋਇਆ ਸੀ ਤੇ ਮੁਗ਼ਲਾਂ ਨੂੰ ਕਰਾਰੀ ਹਾਰ ਹੋਈ ਸੀ। ਗੁਰੂ ਹਰਿਰਾਏ ਤੇ ਗੁਰੂ ਤੇਗ ਬਹਾਦਰ ਨੇ ਵੀ ਮਾਲਵੇ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਗੁਰੂ ਗੋਬਿੰਦ ਸਿੰਘ ਨੇ ਇਤਿਹਾਸਕ ਚਿੱਠੀ (ਜ਼ਫਰਨਾਮਾ) ਵੀ ਮਾਲਵੇ ਦੀ ਧਰਤੀ ਦੀਨਾ ਕਾਂਗੜ ਤੋਂ ਹੀ ਔਰੰਗਜ਼ੇਬ ਨੂੰ ਲਿਖੀ ਸੀ। ਦਸਮੇਸ਼ ਪਿਤਾ ਦੀ ਕਲਮ ਤੋਂ ਚਿੱਠੀ ਵਿੱਚ ਲਿਖੇ ਇਹ ਸ਼ਬਦ ਇਸ ਗੱਲ ਦੀ ਸ਼ਾਹਦੀ ਭਰਦੇ ਹਨ:

ਕਿ ਤਸ਼ਰੀਫ ਦਰ ਕਸਬਹ ਕਾਂਗੜ ਕੁਨਦ।।
ਵਜ਼ਾਂ ਪਸ ਮੁਲਾਕਾਤ ਬਾਹਮ ਸ਼ਵਦ।।

ਲੱਖੀ ਜੰਗਲ ਵਿੱਚ ਗੁਰੂ ਗੋਬਿੰਦ ਸਿੰਘ ਨੇ ਇੱਕ ਵੱਡਾ ਕਵੀ ਦਰਬਾਰ ਲਾਇਆ। ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਸਾਬੋ ਕੀ ਤਲਵੰਡੀ ਵਿਖੇ ਸੰਪੂਰਨ ਹੋਈ। ਗੁਰੂ ਗੋਬਿੰਦ ਸਿੰਘ ਦੀ ਵਜ਼ੀਰ ਖਾਂ ਨਾਲ ਜੰਗ ਵੀ ਇਸ ਧਰਤੀ 'ਤੇ ਹੋਈ ਜਿੱਥੇ ਦਸਮੇਸ਼ ਗੁਰੂ ਨੇ 40 ਸਿੰਘਾਂ ਦਾ ਬੇਦਾਵਾ ਪਾੜ ਕੇ ਖਿਦਰਾਣੇ ਦੀ ਢਾਬ ਨੂੰ 'ਮੁਕਤਸਰ' ਦੇ ਰੂਪ ਵਿੱਚ ਬਦਲ ਦਿੱਤਾ। ਗੁਰੂ ਸਾਹਿਬ ਨੇ ਤਲਵੰਡੀ ਸਾਬੋ ਨੂੰ 'ਗੁਰੂ ਕੀ ਕਾਸ਼ੀ' ਦਾ ਵਰ ਦਿੱਤਾ ਜਿੱਥੇ ਅੱਜ ਗੁਰਦੁਆਰਾ ਲਿਖਣਸਰ ਸੁਸ਼ੋਭਿਤ ਹੈ। ਤਲਵੰਡੀ ਸਾਬੋ ਵਿੱਚ ਡੱਲੇ ਨਾਲ ਵਾਰਤਾ ਸਮੇਂ ਗੁਰੂ ਗੋਬਿੰਦ ਸਿੰਘ ਨੇ ਜੰਗਲ ਤੇ ਟਿੱਬਿਆਂ ਵਾਲੇ ਰੇਗਿਸਤਾਨੀ ਮਾਲਵੇ ਨੂੰ ਜ਼ਰਖੇਜ਼ ਭੂਮੀ ਬਣਨ ਦਾ ਵਰ ਦਿੱਤਾ।



ਇਸੇ ਖੇਤਰ ਵਿੱਚ ਮਾਛੀਵਾੜੇ ਦੇ ਜੰਗਲਾਂ 'ਚ ਹੀ ਗੁਰੂ ਸਾਹਿਬ ਨੇ 'ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਉਚਾਰਿਆ। ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਮਾਲਵੇ ਦੇ ਉੱਤਰ-ਪੂਰਬ ਵਿੱਚ ਚਮਕੌਰ ਦੀ ਗੜ੍ਹੀ ਦੀ ਜੰਗ 'ਚ ਸ਼ਹੀਦ ਹੋਏ ਤੇ ਮਾਲਵੇ ਦੇ ਫ਼ਤਹਿਗੜ੍ਹ ਸਾਹਿਬ ਵਿਖੇ ਹੀ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਹੋਈ। ਸ਼ਹੀਦੀਆਂ ਦਾ ਬਦਲਾ ਲੈਣ ਲਈ ਸਰਹਿੰਦ ਦੀ ਇੱਟ ਨਾਲ ਇੱਟ ਬਾਬਾ ਬੰਦਾ ਸਿੰਘ ਬਹਾਦਰ ਨੇ ਮਾਲਵੇ ਵਿੱਚ ਹੀ ਖੜਕਾਈ। ਮਾਲਵੇ ਦੇ ਭੱਟੀ ਰਾਜਪੂਤਾਂ ਦੀ ਪੀੜ੍ਹੀ ਵਿੱਚੋਂ ਸਿੱਧੂ ਅਤੇ ਸਿੱਧੂਆਂ ਦੀ ਨੌਵੀਂ ਪੀੜ੍ਹੀ ਵਿੱਚੋਂ ਬਰਾੜ ਪੈਦਾ ਹੋਏ। ਬਰਾੜਾਂ ਦਾ ਵੱਡਾ ਰਤਨ ਬਾਬਾ ਫੂਲ ਸੀ ਜਿਸ ਦੇ ਨਾਂ 'ਤੇ ਫੂਲ ਵੰਸ਼ ਦੀ ਸ਼ੁਰੂਆਤ ਤੇ ਫੂਲਕੀਆ ਮਿਸਲ ਦੀ ਸਥਾਪਨਾ ਹੋਈ ਅਤੇ ਪਿੰਡ ਫੂਲ (ਬਠਿੰਡਾ) ਵਸਿਆ। ਫੂਲ ਵੰਸ਼ ਵਿੱਚੋਂ ਹੀ ਨਾਭਾ, ਪਟਿਆਲਾ, ਜੀਂਦ ਰਿਆਸਤਾਂ ਦਾ ਜਨਮ ਹੋਇਆ, ਜਿਨ੍ਹਾਂ ਨੇ ਅੰਗਰੇਜ਼ ਦੇ ਸਮੇਂ ਤੱਕ ਮਾਲਵੇ ਵਿੱਚ ਰਾਜ ਕੀਤਾ। ਬਾਬਾ ਫੂਲ ਦੇ ਪੋਤਰੇ ਮਹਾਰਾਜਾ ਆਲਾ ਸਿੰਘ ਨੇ ਪਟਿਆਲਾ ਅਤੇ ਬਰਨਾਲਾ ਆਬਾਦ ਕੀਤਾ। ਫੂਲ ਵੰਸ਼ ਦੇ ਹੀ ਸੁਰਤੀਆ ਸਿੰਘ ਨੇ ਸੰਗਰੂਰ ਆਬਾਦ ਕੀਤਾ। ਪੰਜਾਬ ਦੀਆਂ 12 ਮਿਸਲਾਂ ਵਿੱਚੋਂ ਫੂਲਕੀਆ ਮਿਸਲ ਸ਼੍ਰੋਮਣੀ ਸੀ। ਮਹਾਰਾਜਾ ਭੂਪਿੰਦਰ ਸਿੰਘ ਸਮੇਂ ਇਕੱਲੀ ਪਟਿਆਲਾ ਰਿਆਸਤ ਦੇ ਹੀ ਮਾਲਵੇ ਵਿੱਚ 3840 ਪਿੰਡ ਅਤੇ 14 ਸ਼ਹਿਰ ਸਨ। ਪੰਜਾਬ ਦਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸੇ ਵੰਸ਼ ਵਿੱਚੋਂ ਹੈ। ਸ਼ੁਕਰਚੱਕੀਆ ਮਿਸਲ ਦੇ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਵੀ ਮਾਲਵੇ ਵਿੱਚ ਆਪਣੇ ਨਾਨਕੇ ਪਿੰਡ ਬਡਰੁੱਖਾਂ (ਸੰਗਰੂਰ) 'ਚ ਹੋਇਆ।

ਅੰਗਰੇਜ਼ਾਂ ਨੇ ਸੰਨ 1849 ਵਿੱਚ ਪੂਰੇ ਭਾਰਤ 'ਤੇ ਕਬਜ਼ਾ ਕਰ ਲਿਆ ਸੀ ਅਤੇ ਸਭ ਤੋਂ ਪਹਿਲਾਂ ਆਜ਼ਾਦੀ ਸੰਗਰਾਮ ਦਾ ਮੁੱਢ ਵੀ ਮਾਲਵੇ ਦੀ ਧਰਤੀ ਤੋਂ ਬੱਝਿਆ। 12 ਅਪਰੈਲ 1857 ਨੂੰ ਰਾਮ ਸਿੰਘ ਨੇ ਕੂਕਾ ਅੰਦੋਲਨ ਦੀ ਨੀਂਹ ਰੱਖ ਕੇ ਅੰਗਰੇਜ਼ਾਂ ਖ਼ਿਲਾਫ਼ ਆਜ਼ਾਦੀ ਪ੍ਰਾਪਤੀ ਲਈ ਬਿਗਲ ਵਜਾ ਦਿੱਤਾ ਸੀ ਜਿਸ ਨੂੰ ਭਾਰਤ ਦੀ ਆਜ਼ਾਦੀ ਦਾ ਪ੍ਰਥਮ ਜਨਤਕ ਅੰਦੋਲਨ ਮੰਨਿਆ ਜਾਂਦਾ ਹੈ। ਗਦਰ, ਕਾਮਾਗਾਟਾਮਾਰੂ, ਬੱਬਰ ਅਕਾਲੀ ਅਤੇ ਅਕਾਲੀ ਲਹਿਰ ਦੇ ਅਨੇਕਾਂ ਮਲਵਈ ਦੇਸ਼ ਭਗਤਾਂ ਨੇ ਆਜ਼ਾਦੀ ਪ੍ਰਾਪਤੀ ਲਈ ਆਪਣੀਆਂ ਜਾਨਾਂ ਦੇਸ਼ ਤੋਂ ਨਿਛਾਵਰ ਕਰ ਦਿੱਤੀਆਂ ਤੇ ਕਾਲੇਪਾਣੀ ਅਤੇ ਉਮਰ ਕੈਦ ਵਰਗੀਆਂ ਸਜ਼ਾਵਾਂ ਝੱਲੀਆਂ। ਭਾਈ ਮਹਾਰਾਜ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ ਅਤੇ ਸ਼ਹੀਦ ਊਧਮ ਸਿੰਘ ਵਰਗੇ ਯੋਧੇ ਮਾਲਵੇ ਨਾਲ ਹੀ ਸਬੰਧਿਤ ਸਨ। ਬਰਤਾਨਵੀ ਹਕੂਮਤ ਅਤੇ ਰਜਵਾੜਾਸ਼ਾਹੀ ਖਿਲਾਫ਼ ਪਰਜਾ ਮੰਡਲ ਅਤੇ ਮੁਜ਼ਾਰਾ ਕਿਸਾਨ ਅੰਦੋਲਨ ਸਿਰਫ਼ ਮਾਲਵੇ ਦੀਆਂ ਲੋਕ ਲਹਿਰਾਂ ਸਨ।

ਬਾਹਰੋਂ ਦੇਖਿਆਂ ਵਰਤਮਾਨ ਮਾਲਵਾ ਵਿਕਾਸ ਦਾ ਇੱਕ ਅਦਭੁੱਤ ਮਾਡਲ ਨਜ਼ਰ ਆਉਂਦਾ ਹੈ। ਜੇ ਅਸੀਂ ਮਾਲਵੇ ਦੇ ਵਰਤਮਾਨ ਅੰਦਰੂਨੀ ਸੱਚ ਨੂੰ ਫਰੋਲ ਕੇ ਵੇਖੀਏ ਤਾਂ ਆਪਮੁਹਾਰੇ ਸ਼ਹਿਰੀਕਰਨ, ਉਦਯੋਗੀਕਰਨ ਅਤੇ ਸੰਸਾਰੀਕਰਨ ਨੇ ਮਾਲਵੇ ਦੀ ਧਰਤੀ ਨੂੰ ਗ੍ਰਹਿਣ ਲਾ ਦਿੱਤਾ ਹੈ। ਮੌਜੂਦਾ ਵਿਕਾਸ ਨੇ ਲੁਧਿਆਣੇ ਦੇ ਬੁੱਢੇ ਨਾਲੇ ਤੋਂ ਲੈ ਕੇ ਨਹਿਰਾਂ ਦਾ ਪਵਿੱਤਰ ਪਾਣੀ ਪਲੀਤ ਕਰ ਦਿੱਤਾ ਹੈ। ਖੇਤੀਬਾੜੀ ਵਿੱਚ ਵਰਤੀਆਂ ਜਾਂਦੀਆਂ ਖਾਦਾਂ ਅਤੇ ਕੀਟਨਾਸ਼ਕਾਂ ਆਦਿ ਨਾਲ ਮਿੱਤਰ ਕੀੜੇ ਮਰ ਰਹੇ ਹਨ। ਮਾਲਵੇ ਦੀ ਜ਼ਰਖੇਜ਼ ਭੂਮੀ ਸ਼ਕਤੀਹੀਣ ਹੋ ਰਹੀ ਹੈ, ਹਵਾ ਪ੍ਰਦੂਸ਼ਿਤ ਹੋ ਰਹੀ ਹੈ। ਘਰਾਂ ਅਤੇ ਬਸਤੀਆਂ ਦੇ ਗੰਦੇ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਬਾਹਰੋਂ ਸੋਹਣੇ ਦਿਸਣ ਵਾਲੇ ਸ਼ਹਿਰ ਨਰਕ ਦੇ ਨਮੂਨੇ ਬਣ ਰਹੇ ਹਨ। ਵੱਡੀ ਪੱਧਰ 'ਤੇ ਪ੍ਰਦੂਸ਼ਣ ਫੈਲਣ ਕਾਰਨ ਅੱਜ ਮਾਲਵਾ ਮਾਰੂ ਬੀਮਾਰੀਆਂ ਅਤੇ ਕੈਂਸਰ ਦੀ ਮਾਰ ਹੇਠ ਹੈ।

### ਮਾਮਲਾ ਮੱਕਾ ਮਸਜਿਦ ਟ੍ਰੇਨ ਵਿਚ 2007 ਵਿਚ ਹੋਏ ਬੰਬ ਧਮਾਕਿਆਂ ਦਾ

## ਹੈਦਰਾਬਾਦ ਦੀ ਐੱਨਆਈਏ ਅਦਾਲਤ ਤੋਂ ਸਵਾਮੀ ਅਸੀਮਾਨੰਦ ਦੇ ਬਿਆਨ ਦੀ ਫਾਈਲ ਗਾਇਬ

**ਹੈਦਰਾਬਾਦ/ਬਿਊਰੋ ਨਿਊਜ਼:** ਇੱਥੋਂ ਦੀ ਮੱਕਾ ਮਸਜਿਦ ਟ੍ਰੇਨ ਵਿਚ ਸਾਲ 2007 ਵਿਚ ਹੋਏ ਬੰਬ ਧਮਾਕਿਆਂ ਦੇ ਮੁਕੱਦਮੇ ਵਿਚ ਇਕ ਅਹਿਮ ਦਸਤਾਵੇਜ਼ ਗਾਇਬ ਹੋ ਗਿਆ ਹੈ। ਕਥਿਤ ਭਗਵੇਂ ਅੱਤਵਾਦੀ ਸਵਾਮੀ ਅਸੀਮਾਨੰਦ ਦਾ ਬਿਆਨ ਹੈਦਰਾਬਾਦ ਦੀ ਇਕ ਹੇਠਲੀ ਅਦਾਲਤ ਕੋਲ ਸੀ ਜੋ ਹੁਣ ਨਹੀਂ ਮਿਲ ਰਿਹਾ ਹੈ। ਇਹ ਗੱਲ ਉਦੋਂ ਸਾਹਮਣੇ ਆਈ ਜਦੋਂ ਇਸ ਮਾਮਲੇ ਵਿਚ ਮੁੱਖ ਜਾਂਚ ਅਧਿਕਾਰੀ ਤੇ ਸੀਬੀਆਈ ਦੇ ਐੱਸਪੀ ਟੀ ਰਾਜਾ ਬਾਲਾਜੀ ਨੇ ਬੀਤੇ ਦਿਨੀਂ ਅਸੀਮਾਨੰਦ ਦੀ ਗਵਾਹੀ ਦਰਜ ਕਰਨ ਦਾ ਕੰਮ ਸ਼ੁਰੂ ਕੀਤਾ। ਇਸ ਮਾਮਲੇ ਦੇ ਐੱਨਆਈਏ ਨੂੰ ਦਿੱਤੇ ਜਾਣ ਤੋਂ ਪਹਿਲਾਂ ਮੁਕੱਦਮੇ ਦੀ ਪਹਿਲੀ ਚਾਰਜਸ਼ੀਟ ਬਾਲਜੀ ਨੇ ਹੀ ਤਿਆਰ ਕੀਤੀ ਸੀ। ਮੱਕਾ ਮਸਜਿਦ ਵਿਚ ਨਮਾਜ਼ ਦੌਰਾਨ 18 ਮਈ 2007 ਨੂੰ ਇਕ ਧਮਾਕਾ ਹੋਇਆ ਸੀ, ਜਿਸ ਵਿਚ 9 ਲੋਕ ਮਾਰੇ ਗਏ ਸਨ ਤੇ 58 ਲੋਕ ਜ਼ਖ਼ਮੀ ਹੋਏ ਸਨ। ਬਾਅਦ ਵਿਚ ਪੁਲੀਸ ਨੇ ਮੁਜ਼ਾਹਰਾਕਾਰੀਆਂ 'ਤੇ ਗੋਲੀਬਾਰੀ ਕੀਤੀ, ਜਿਸ ਵਿਚ ਕੁਝ ਹੋਰ ਲੋਕ ਮਾਰੇ ਗਏ।



ਇਸ ਮੁਕੱਦਮੇ ਵਿਚ ਅਦਾਲਤ ਨੇ 160 ਤੋਂ ਵੱਧ ਗਵਾਹਾਂ ਦੇ ਬਿਆਨ ਦਰਜ ਕੀਤੇ, ਜਿਨ੍ਹਾਂ ਵਿਚ ਧਮਾਕੇ ਦੇ ਪੀੜਤਾਂ ਤੋਂ ਲੈ ਕੇ ਆਰ. ਐੱਸ. ਐੱਸ. ਦੇ ਪ੍ਰਚਾਰਕ ਤੇ ਹੋਰ ਸਨ।

ਅਸੀਮਾਨੰਦ ਨੂੰ ਸਾਲ 2017 ਵਿਚ ਜ਼ਮਾਨਤ ਦੇ ਦਿੱਤੀ ਗਈ ਸੀ, ਪਰ ਸ਼ਰਤ ਸੀ ਕਿ ਉਹ ਹੈਦਰਾਬਾਦ ਤੇ ਸਿਕੰਦਰਾਬਾਦ ਤੋਂ ਬਾਹਰ ਨਹੀਂ ਜਾਣਗੇ। ਬੀਤੇ ਦਿਨੀਂ ਐੱਨਆਈਏ ਦੇ ਮੁਕੱਦਮਿਆਂ ਲਈ ਗਠਿਤ ਵਿਸ਼ੇਸ਼ ਅਦਾਲਤ ਦੇ ਜੱਜ ਦੇ ਰਵਿੰਦਰ ਰੈੱਡੀ ਨੇ ਅਦਾਲਤ ਦੇ ਮੁਲਾਜ਼ਮਾਂ ਨੂੰ ਬਹੁਤ ਝਾੜਾਂ ਪਾਈਆਂ ਹਨ। ਜਦੋਂ ਇਸ ਮਾਮਲੇ ਨਾਲ ਜੁੜੇ ਕਈ ਅਹਿਮ ਦਸਤਾਵੇਜ਼ ਰੱਦ ਪਾਏ ਗਏ। ਮੁਕੱਦਮੇ ਦੀ ਕਾਰਵਾਈ ਨੂੰ ਡੇਢ ਘੰਟਾ ਰੋਕਣਾ ਪਿਆ, ਜਿਸ ਦੌਰਾਨ ਅਫ਼ਸਰਾਂ ਨੇ ਕੁਝ ਦਸਤਾਵੇਜ਼ ਖੋਜ ਕੱਢੇ ਤੇ ਅਦਾਲਤ ਦੇ ਸਾਹਮਣੇ ਪੇਸ਼ ਕੀਤੇ।

ਇਸ ਦੌਰਾਨ ਬਾਲਾਜੀ ਨੂੰ ਪਤਾ ਲੱਗਿਆ ਕਿ ਸਵਾਮੀ ਅਸੀਮਾਨੰਦ ਦੇ ਸੀਬੀਆਈ ਦੇ ਸਾਹਮਣੇ ਦਿੱਤੇ ਬਿਆਨ ਦੀ ਕਾਪੀ ਹੀ ਗਾਇਬ ਸੀ। ਇਹ ਦੋ ਪੰਨਿਆਂ ਦਾ ਬਿਆਨ ਹੈ, ਜਿਸ ਵਿਚ ਅਸੀਮਾਨੰਦ ਨੇ ਕਥਿਤ ਸਾਜ਼ਿਸ਼ ਦਾ ਵੇਰਵਾ ਦਿੱਤਾ ਸੀ। ਐੱਨਆਈਏ ਦੀ ਚਾਰਜਸ਼ੀਟ ਵਿਚ ਇਸ ਦਸਤਾਵੇਜ਼ ਨੂੰ 'ਮੈਮੋ ਆਫ ਡਿਸਕਲੋਜ਼ਰ' ਗਿਣਤੀ 88 ਦਾ ਨਾਂ ਦਿੱਤਾ ਗਿਆ ਸੀ। ਇਸ ਵਿਚ ਆਰ. ਐੱਸ. ਐੱਸ. ਦੇ ਉੱਚ ਨੇਤਾਵਾਂ ਦੇ ਦਰਜ ਹਨ।

## ਯੂਨਾਈਟਿਡ ਸਿੱਖਸ ਸਿੱਖ ਏਡ ਟੀਮ ਵਲੋਂ ਸੈਂਟਾ ਰੋਜ਼ਾ ਸਕੂਲ ਨੂੰ ਸੰਗੀਤ ਸਾਜ਼ ਦਾਨ



**ਸੈਨਹੋਜ਼ੇ/ਹੁਸਨ ਲੜੋਆ ਬੰਗਾ,** ਸਿੱਖ ਭਾਈਚਾਰੇ ਵਿਚ ਸਰਗਰਮ ਸੰਸਥਾ ਯੂਨਾਈਟਿਡ ਸਿੱਖਸ ਸਿੱਖ ਏਡ ਟੀਮ ਨੇ ਅਨੋਵਾ ਸਕੂਲ, ਸੈਂਟਾ ਰੋਜ਼ਾ ਨੂੰ ਸੰਗੀਤ ਸਾਜ਼ ਦਾਨ ਕਰਨ ਦਾ ਸ਼ੁਭ ਕੰਮ ਕੀਤਾ ਜੋ ਸਕੂਲ ਵਿੱਚ ਕੁਝ ਸਮਾਂ ਪਹਿਲਾਂ ਲੱਗੀ ਅੱਗ ਨਾਲ ਸੜ ਗਿਆ ਸੀ। ਇਸ ਸਾਜ਼ ਦਾਨ ਕਰਨ ਮੌਕੇ ਨੌਜਵਾਨ ਸਵੈ-ਸੇਵੀ ਗੁਰਸਿਮਰ ਸਿੰਘ ਬੇਅ ਏਰੀਆ, ਮਿਲਪੀਟਸ, ਫਰੀਮਾਂਟ ਅਤੇ ਸੈਂਟਾ ਰੋਜ਼ਾ ਕਾਊਂਟੀ ਦੀ ਸਿੱਖ ਸੰਗਤ ਦੇ ਮੈਂਬਰ ਹਾਜ਼ਰ ਸਨ। ਸੰਸਥਾ ਦੇ ਪ੍ਰਬੰਧਕਾਂ ਨੇ ਆਪਣੇ ਵਲੰਟੀਅਰਾਂ ਖਾਸ ਕਰਕੇ ਦਾਨ ਦੇਣ ਵਾਲਿਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਵਿਚ ਗੁਰਸਿਮਰਨ ਸਿੰਘ ਯੁਵਾ ਯੂਨਿਟ ਯੂਨੀਟਿਡ ਸਿੱਖ ਵਲੰਟੀਅਰ, ਕਰਨਦੀਪ ਸਿੰਘ ਯੂਥ ਪ੍ਰੋਗਰਾਮ ਦੇ ਐਡਵੋਕੇਟ, ਅਮਰੀਕੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਸਵੰਤ ਸਿੰਘ ਹੋਠੀ ਅਤੇ ਸੈਂਟਾ ਰੋਜ਼ਾ ਤੋਂ ਜੈ ਸਿੰਘ ਨੇ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ, ਜਿਨ੍ਹਾਂ ਨੇ ਮਦਦ ਲਈ ਵਿਸ਼ੇਸ਼ ਯਤਨ ਕੀਤੇ।

### ਪਾਠਕਾਂ ਦੀ ਸੱਥ

## ਬਾਦਲਸ਼ਾਹੀ ਦੀ ਕਰੋਪੀ ਦਾ ਸ਼ਿਕਾਰ ਭਾਈ ਹਿੰਮਤ ਸਿੰਘ ਦੀ ਹਿੰਮਤ !

**ਤਰਲੋਚਨ ਸਿੰਘ ਦੁਪਾਲਪੁਰ**
(001-408-915-1268)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਚੱਲਦੇ ਬਾਦਲਸ਼ਾਹੀ ਦੇ ਦਬਦਬੇ ਬਾਰੇ ਵੈਸੇ ਕੋਈ ਮਿਸਾਲਾਂ ਦੇਣ ਦੀ ਲੋੜ ਨਹੀਂ ਕਿਉਂਕਿ ਇਹ ਚਿੱਟੇ ਦਿਨ ਵਾਂਗ ਸਭ ਨੂੰ ਗਿਆਤ ਹੈ ਕਿ ਦਹਾਕਿਆਂ ਤੋਂ ਬਾਦਲ ਪਰਿਵਾਰ ਇਸ ਮਹਾਨ ਸਿੱਖ ਸੰਸਥਾ ਨੂੰ ਜੇਬ੍ਹ 'ਚ ਪਾਈ ਬੈਠਾ ਹੈ। ਫਿਰ ਵੀ ਵੱਡੇ ਬਾਦਲ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਸਿਰੋਪਾਓ ਨਾ ਦੇਣ ਵਾਲੇ ਭਾਈ ਬਲਵੀਰ ਸਿੰਘ ਫਰਾਂਸ ਨੂੰ ਨੌਕਰੀ ਤੋਂ ਉਸੇ ਦਿਨ ਫ਼ਾਰਗ ਕਰ ਦੇਣ ਦੀ ਉਘੜਵੀਂ ਘਟਨਾ ਦਾ ਸਭ ਨੂੰ ਪਤਾ ਹੈ। ਅਜਿਹੀ ਹੀ ਦੂਸਰੀ ਮਿਸਾਲ ਹੈ ਭਾਈ ਹਿੰਮਤ ਸਿੰਘ ਜੀ ਦੀ, ਜੋ ਕਿ ਲੰਬੇ ਅਰਸੇ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਹਾਇਕ ਗ੍ਰੰਥੀ ਵਜੋਂ ਡਿਊਟੀ ਨਿਭਾਉਂਦੇ ਆ ਰਹੇ ਸਨ। ਇਨ੍ਹਾਂ ਨੂੰ ਬਾਦਲ ਪਰਿਵਾਰ ਦੀ ਕਰੋਪੀ ਦਾ ਸ਼ਿਕਾਰ ਸਿਰਫ਼ ਇਸੇ ਕਰਕੇ ਬਣਨਾ ਪਿਆ ਕਿਉਂਕਿ ਇਹ ਭਾਈ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਸਾਬ੍ਹੋ ਦੀ ਤਲਵੰਡੀ ਗਿਆਨੀ ਗੁਰਮੁਖ ਸਿੰਘ ਦੇ ਛੋਟੇ ਭਰਾ ਹਨ।



ਸੌਦਾ ਸਾਧ ਨੂੰ ਮੁਆਫ਼ੀ ਦੇਣ ਫਿਰ ਕਥਿਤ ਮੁਆਫ਼ੀਨਾਮਾ ਵਾਪਸ ਲੈਣ ਵਾਲੇ ਡਰਾਮੇ ਉਪਰੰਤ ਜਦੋਂ ਗਿਆਨੀ ਗੁਰਮੁਖ ਸਿੰਘ ਜੀ ਨੇ ਬਾਦਲਸ਼ਾਹੀ ਦੇ ਸਾਰੇ ਅੰਦਰੂਨੀ ਪੜਦੇ ਫੋਲਦਿਆਂ ਮੀਡੀਏ ਨੂੰ ਸਾਰੀ ਹਕੀਕਤ ਦੱਸ ਦਿੱਤੀ ਕਿ ਕਿਵੇਂ ਸੁਖਬੀਰ ਬਾਦਲ ਦੇ ਹੁਕਮ ਨਾਲ ਸਾਨੂੰ ਚੰਡੀਗੜ੍ਹ ਸੀ.ਐਮ. ਦੀ ਕੋਠੀ 'ਚ ਬੁਲਾ ਕੇ ਹੁਕਮ ਚਾੜ੍ਹਿਆ ਗਿਆ ਕਿ ਸੌਦਾ ਸਾਧ ਨੂੰ ਮੁਆਫ਼ ਕਰਨ ਦਾ ਹੁਕਮਨਾਮਾ ਜਾਰੀ ਕਰੋ। ਇਹ ਸੱਚ ਬਾਹਰ ਆਉਣ ਨਾਲ ਦੁਨੀਆ ਭਰ ਵਿਚ ਬਾਦਲ ਪਰਿਵਾਰ ਦੀ ਤੋਏ-ਤੋਏ ਹੋ ਗਈ ਤਾਂ ਉਨ੍ਹਾਂ ਦੇ ਇਸ਼ਾਰੇ 'ਤੇ ਪਹਿਲਾਂ ਤਾਂ ਗਿਆਨੀ ਗੁਰਮੁਖ ਸਿੰਘ ਨੂੰ ਜਥੇਦਾਰੀ ਤੋਂ ਜਬਰੀ ਸੇਵਾ ਮੁਕਤ ਕਰ ਦਿੱਤਾ ਗਿਆ। ਫਿਰ ਉਨ੍ਹਾਂ ਦੇ ਛੋਟੇ ਭਰਾ ਭਾਈ ਹਿੰਮਤ ਸਿੰਘ 'ਤੇ ਦਬਾਅ ਪਾਇਆ ਗਿਆ ਕਿ ਉਹ ਗਿਆਨੀ ਗੁਰਮੁਖ ਸਿੰਘ ਵਿਰੁੱਧ ਝੂਠ ਬੋਲਣ ਦੇ ਇਲਜ਼ਾਮ ਲਾਵੇ! ਇਸ ਕੰਮ ਬਦਲੇ ਉਨ੍ਹਾਂ ਨੂੰ ਕਿਸੇ ਵੱਡੇ ਅਹੁਦੇ 'ਤੇ ਨਿਯੁਕਤ ਕਰਨ ਤੋਂ ਇਲਾਵਾ ਮਾਇਕ ਲਾਲਚ ਵੀ ਦਿੱਤੇ ਗਏ। ਜਦੋਂ ਭਾਈ ਹਿੰਮਤ ਸਿੰਘ ਕਿਸੇ ਵੀ ਦਬਾਅ ਅੱਗੇ ਨਾ ਝੁਕੇ ਅਤੇ ਮਾਇਕ ਲਾਲਚਾਂ ਨੂੰ ਵੀ ਉਨ੍ਹਾਂ ਲੱਤ ਮਾਰ ਕੇ ਪੰਥ ਪ੍ਰਸਤੀ ਦਾ ਰਾਹ ਚੁਣਿਆ, ਤਦ ਉਨ੍ਹਾਂ ਨੂੰ ਵੀ ਕਾਇਦੇ ਕਾਨੂੰਨ ਛਿੱਕੇ ਟੰਗ ਕੇ ਘਰੇ ਤੋਰ ਦਿੱਤਾ ਗਿਆ!

ਬਾਦਲੀ-ਕਰੋਪੀ ਕਾਰਨ ਅਚਾਨਕ ਬੇ-ਰੁਜ਼ਗਾਰ ਹੋਏ ਭਾਈ ਹਿੰਮਤ ਸਿੰਘ ਨੇ ਹਿੰਮਤ ਨਾ ਹਾਰੀ। ਸਕੂਲਾਂ ਵਿਚ ਪੜ੍ਹਦੇ ਆਪਣੇ ਬੱਚਿਆਂ ਦੀ ਪ੍ਰਵਰਿਸ਼ ਹਿਤ ਧਾਰਮਿਕ ਕਾਰਜਾਂ ਵਿਚ ਵਰਤੋਂਯੋਗ ਆਈਟਮਾਂ ਦਾ ਆਨਲਾਈਨ ਸਟੋਰ ਖੋਲ੍ਹ ਲਿਆ ਹੈ। ਸ੍ਰੀ ਅੰਮ੍ਰਿਤਸਰ ਵਿਖੇ ਤਰਨ ਤਾਰਨ ਰੋਡ 'ਤੇ ਸਥਿਤ ਸ਼ਹੀਦ ਊਧਮ ਸਿੰਘ ਨਗਰ ਦੀ ਗਲੀ ਨੰਬਰ 2, ਐਲ-6/2598 ਵਿਚ ਖੋਲ੍ਹੇ ਸਟੋਰ 'ਚੋਂ ਹੱਥੀਂ ਕਢਾਈ ਕੀਤੇ ਰੁਮਾਲਿਆਂ ਤੋਂ ਇਲਾਵਾ, ਸ਼ਾਨਦਾਰ ਚੰਦੋਏ, ਕ੍ਰਿਪਾਨਾਂ ਅਤੇ ਸਰਬਲੋਹ ਦੇ ਬਰਤਨ ਵੀ ਦੇਸ਼ ਵਿਦੇਸ਼ 'ਚ ਮੰਗਵਾਏ ਜਾ ਸਕਦੇ ਹਨ। ਨਿਮਰ ਸੁਭਾਅ ਵਾਲੇ ਤੇ ਮਿੱਠ ਬੋਲੜੇ ਭਾਈ ਹਿੰਮਤ ਸਿੰਘ ਦਾ ਵੱਟਸ ਐਪ ਨੰਬਰ 98773-41110 ਅਤੇ ਸੰਪਰਕ ਨੰਬਰ 98140-20313 ਹੈ।

ਬਾਦਲ ਪਰਿਵਾਰ ਦੇ ਲਾਲਚਾਂ ਨੂੰ ਠੁਕਰਾ ਕੇ ਪੰਥ ਪ੍ਰਸਤੀ ਦਾ ਸਬੂਤ ਦੇਣ ਵਾਲੇ ਭਾਈ ਹਿੰਮਤ ਸਿੰਘ ਦੇ ਧਾਰਮਿਕ ਵਾਸਤਾਂ ਦੇ ਸਟੋਰ ਤੋਂ ਸਮੂਹ ਸਿੱਖ ਸੰਗਤਾਂ ਨੂੰ ਲਾਭ ਉਠਾਉਣਾ ਚਾਹੀਦਾ ਹੈ।

## ਅੰਤਰਰਾਸ਼ਟਰੀ ਗਾਖ਼ਲ ਕਬੱਡੀ ਕੱਪ ਪਹਿਲੀ ਅਪ੍ਰੈਲ ਨੂੰ

*ਉੱਘੇ ਕਬੱਡੀ ਪ੍ਰੇਮੀ ਸਰਬਣ ਸਿੰਘ ਬੱਲ ਕਰਨਗੇ ਉਦਘਾਟਨ*





**ਜਲੰਧਰ/ਬਿਊਰੋ ਨਿਊਜ਼ :** ਜਲੰਧਰ ਜ਼ਿਲ੍ਹੇ ਦੇ ਸਿਰਕੱਢ ਪਿੰਡ ਗਾਖ਼ਲਾਂ ਵਿਖੇ ਮਿਤੀ 1 ਅਪ੍ਰੈਲ 2018 ਐਤਵਾਰ ਨੂੰ ਹੋਣ ਵਾਲੇ 31ਵੇਂ ਅੰਤਰਰਾਸ਼ਟਰੀ ਕਬੱਡੀ ਕੱਪ ਦਾ ਉਦਘਾਟਨ ਮਹਾਨ ਕਬੱਡੀ ਖਿਡਾਰੀ ਅਤੇ ਕੋਚ ਸਰਬਣ ਸਿੰਘ ਬੱਲ ਕਰਨਗੇ। ਜ਼ਿਕਰਯੋਗ ਹੈ ਕਿ ਸ. ਬੱਲ ਦਾ ਕਬੱਡੀ ਨੂੰ ਦੁਨੀਆਂ ਭਰ ਵਿਚ ਹਰਮਨਪਿਆਰੀ ਖੇਡ ਬਣਾਉਣ ਵਿਚ ਬਹੁਤ ਵੱਡਾ ਯੋਗਦਾਨ ਹੈ ਅਤੇ ਸੰਨ 1974 ਵਿਚ ਪਹਿਲੀ ਵਾਰ ਇੰਗਲੈਂਡ ਵਿਚ ਕਬੱਡੀ ਟੀਮਾਂ ਨੂੰ ਨਗਦ ਇਨਾਮ ਦੇਣ ਦੀ ਸ਼ੁਰੂਆਤ ਇਨ੍ਹਾਂ ਵਲੋਂ ਕੀਤੀ ਗਈ ਸੀ। ਇਹ ਵੀ ਬੱਲ ਦੀ ਹੀ ਦੇਣ ਹੈ ਕਿ ਕੌਡੀਆਂ ਦੀ ਖੇਡ ਕਬੱਡੀ ਅੱਜ ਲੱਖਾਂ ਕਰੋੜਾਂ ਦੀ ਬਣ ਗਈ ਹੈ। ਅੱਜ ਦਾ ਖਿਡਾਰੀ ਜੋ ਕਬੱਡੀ ਦੇ ਖੇਤਰ ਵਿਚ ਪ੍ਰਵੇਸ਼ ਕਰਕੇ ਇਕ ਵੱਖਰਾ ਮਾਣ ਮਹਿਸੂਸ ਕਰਦਾ ਹੈ ਉਸਦੇ ਪਿੱਛੇ ਵੀ ਸ੍ਰ. ਬੱਲ ਦਾ ਹੀ ਵੱਡਾ ਯੋਗਦਾਨ ਹੈ। ਯੁਨਾਈਟਡ ਸਪੋਰਟਸ ਕਲੱਬ ਅਮਰੀਕਾ ਦੇ ਸਰਪ੍ਰਸਤ ਅਤੇ ਉੱਘੇ ਕਬੱਡੀ ਪ੍ਰਮੋਟਰ ਤੇ ਬਿਜ਼ਨਸਮੈਨ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਰਿਸ਼ਤੇ ਵਿਚ ਸ. ਬੱਲ ਉਹਨਾਂ ਦੇ ਫੁੱਫੜ ਜੀ ਲੱਗਦੇ ਹਨ ਪਰ ਉਨ੍ਹਾਂ ਨੇ ਸ. ਬੱਲ ਨਾਲ ਇਕ ਹੋਰ ਰਿਸ਼ਤਾ ਕਬੱਡੀ ਨੂੰ ਯੋਗ ਅਤੇ ਸੁਚੱਜੀ ਅਗਵਾਈ ਦੇਣ ਵਾਲਾ ਵੀ ਬਣਾ ਕੇ ਰੱਖਿਆ ਹੈ। ਗਾਖਲਾਂ ਪਿੰਡ ਨਾਲ ਡੂੰਘਾ ਰਿਸ਼ਤਾ ਰੱਖਣ ਵਾਲੇ ਸ. ਬੱਲ ਦਾ ਇਸ 31ਵੇਂ ਟੂਰਨਾਮੈਂਟ ਦਾ ਉਦਘਾਟਨ ਕਰਨਾ ਸ੍ਰੀ ਹਰਗੋਬਿੰਦ ਸਪੋਰਟਸ ਕਲੱਬ, ਮਾਂ ਖੇਡ ਕਬੱਡੀ, ਗਾਖਲਾਂ ਪਿੰਡ ਅਤੇ ਗਾਖਲ ਭਰਾਵਾਂ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ (ਸਾਰੇ ਅਮਰੀਕਾ ਨਿਵਾਸੀ) ਲਈ ਬੜੇ ਮਾਣ ਵਾਲੀ ਗੱਲ ਹੈ। ਸ. ਬੱਲ ਅਤੇ ਅਮੋਲਕ ਸਿੰਘ ਗਾਖਲ ਨੇ ਸਮੂਹ ਕੱਬਡੀ ਪ੍ਰੇਮੀਆਂ ਨੂੰ 1 ਅਪ੍ਰੈਲ ਨੂੰ ਪਿੰਡ ਗਾਖਲਾਂ ਦੇ ਅੰਤਰਰਾਸ਼ਟਰੀ ਕਬੱਡੀ ਟੂਰਨਾਮੈਂਟ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਇੱਥੇ ਕੌਮਾਂਤਰੀ ਪੱਧਰ ਦੇ ਕਬੱਡੀ ਖਿਡਾਰੀਆਂ ਦਾ ਜੋਸ਼ ਅਤੇ ਜੁੱਸਾ ਤਾਂ ਵੇਖਣ ਨੂੰ ਮਿਲੇਗਾ ਹੀ ਸਗੋਂ ਕਬੱਡੀ ਦਾ ਇਕ ਵੱਖਰਾ ਇਤਿਹਾਸ ਬਣਾਉਣ ਦਾ ਵੱਖਰਾ ਅਨੰਦ ਵੀ ਪ੍ਰਾਪਤ ਹੋਵੇਗਾ। ਉਨ੍ਹਾਂ ਦੋਵਾਂ ਨੇ ਇਸ ਉੱਦਮ ਲਈ ਸਮੂਹ ਗਾਖਲ ਨਿਵਾਸੀਆਂ ਅਤੇ ਸ੍ਰੀ ਹਰਗੋਬਿੰਦ ਸਪੋਰਟਸ ਕਲੱਬ ਦੇ ਮੈਂਬਰਾਂ ਨੂੰ ਵਧਾਈ ਦਿੰਦਿਆਂ ਟੂਰਨਾਮੈਂਟ ਦੀ ਸਫਲਤਾ ਲਈ ਕਾਮਨਾ ਕੀਤੀ ਹੈ।

# ਸਰਹੱਦੀ ਖੇਤਰ ਦੇ 70 ਪਿੰਡਾਂ ’ਚ ‘ਛੜਿਆਂ ਦੀ ਫ਼ੌਜ’



- ਸਹੂਲਤਾਂ ਦੀ ਕਮੀ ਤੇ ਰੁਜ਼ਗਾਰ ਦੀ ਘਾਟ ਕਾਰਣ ਪਿੰਡਾਂ ’ਚ ਕੋਈ ਵੀ ਆਪਣੀ ਬੇਟੀ ਵਿਆਹੁਣ ਨੂੰ ਤਿਆਰ ਨਹੀਂ
- 20 ਪਿੰਡਾਂ ਤੱਕ ਹਾਲੇ ਤੱਕ ਬਿਜਲੀ ਨਾ ਪਹੁੰਚੀ
- ਕਿਸੇ ਵੀ ਟੈਲੀਕਾਮ ਕੰਪਨੀ ਦਾ 50 ਕਿਲੋਮੀਟਰ ਦੇ ਦਾਇਰੇ ਵਿਚ ਕੋਈ ਨੈੱਟਵਰਕ ਨਹੀਂ

**ਜੈਸਲਮੇਰ/ਬਿਊਰੋ ਨਿਊਜ਼:** ਭਾਰਤ-ਪਾਕਿ ਸਰਹੱਦ ਨਾਲ ਲੱਗਦੇ ਬਾੜਮੇਰ-ਜੈਸਲਮੇਰ ਦੇ ਨੇੜਾ ਦਾ ਦਰਾਭਾ ਪਿੰਡ। ਇੱਥੇ ਨਾ ਤਾਂ ਪੱਕੀ ਸੜਕ ਹੈ, ਨਾ ਹੀ ਪੀਣਯੋਗ ਪਾਣੀ। ਕਿਸੇ ਵੀ ਟੈਲੀਕਾਮ ਕੰਪਨੀ ਦਾ 50 ਕਿਲੋਮੀਟਰ ਦੇ ਦਾਇਰੇ ਵਿਚ ਕੋਈ ਨੈੱਟਵਰਕ ਨਹੀਂ ਹੈ। ਇਹ ਪਰੇਸ਼ਾਨੀ ਪੂਰੇ ਪਿੰਡ ਦੇ ਲੋਕਾਂ ਲਈ ਹੈ, ਪਰ ਇਸ ਦੀ ਸਭ ਤੋਂ ਵੱਡੀ ਕੀਮਤ ਇੱਥੋਂ ਦੇ ਨੌਜਵਾਨਾਂ ਨੂੰ ਚੁਕਾਉਣੀ ਪੈ ਰਹੀ ਹੈ। ਅਸਲ ਵਿਚ ਇਨਾਂ ਸਹੂਲਤਾਂ ਦੀ ਕਮੀ ਦੇ ਕਾਰਨ ਕੋਈ ਵੀ ਆਪਣੀ ਧੀ ਦਾ ਵਿਆਹ ਇਸ ਪਿੰਡ ਵਿਚ ਨਹੀਂ ਕਰਨਾ ਚਾਹੁੰਦਾ।

ਚਿੰਤਾ ਦੀ ਗੱਲ ਇਹ ਹੈ ਕਿ ਇਹ ਸਿਰਫ਼ ਦਰਾਭਾ ਪਿੰਡ ਦੀ ਸਮੱਸਿਆ ਨਹੀਂ ਹੈ। ਸਰਹੱਦ ਨਾਲ ਲੱਗਦੇ ਬਾੜਮੇਰ-ਜੈਸਲਮੇਰ ਜ਼ਿਲੇ ਦੇ 70 ਪਿੰਡਾਂ ਦੇ ਹਾਲਾਤ ਅਜਿਹੇ ਹੀ ਹਨ। ਇਨਾਂ ਪਿੰਡਾਂ ਵਿਚ ਅਜ਼ਾਦੀ ਦੇ ਛੇ ਦਹਾਕੇ ਬਾਅਦ ਪਾਣੀ, ਸੜਕ ਜਿਹੀਆਂ ਸਹੂਲਤਾਂ ਨਹੀਂ ਹਨ। ਰੇਤ ਦੇ ਟਿੱਬਿਆਂ ’ਤੇ ਆਬਾਦ ਪਿੰਡਾਂ ਵਿਚ ਜ਼ਰੂਰੀ ਸਹੂਲਤਾਂ ਤੇ ਰੋਜ਼ਗਾਰ ਦੀ ਘਾਟ ਦਾ ਅਸਰ ਨੌਜਵਾਨਾਂ ਦੇ ਰਿਸ਼ਤਿਆਂ ’ਤੇ ਪੈ ਰਿਹਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇੱਥੇ 70 ਪਿੰਡਾਂ ਵਿਚ ਤਕਰੀਬਨ ਤਿੰਨ ਹਜ਼ਾਰ ਨੌਜਵਾਨ ਕੁਆਰੇ ਹਨ, ਕਿਉਂਕਿ ਕੋਈ ਆਪਣੀ ਧੀ ਦਾ ਰਿਸ਼ਤਾ ਇੱਥੇ ਕਰਨ ਨੂੰ ਰਾਜ਼ੀ ਨਹੀਂ ਹੈ। 40 ਸਰਹੱਦੀ ਪਿੰਡਾਂ ਵਿਚ ਕੁਆਰਿਆਂ ਦੀ ਵਧ ਰਹੀ ਗਿਣਤੀ ਦਾ ਕਾਰਨ ਜਾਣਨ ਦੀ ਕੋਸ਼ਿਸ਼ ਕੀਤੀ। ਹੈਰਾਨ ਕਰਨ ਵਾਲਾ ਸੱਚ ਸਾਹਮਣੇ ਆਇਆ। ਔਸਤ ਹਰ ਪਿੰਡ ਵਿਚ 25 ਤੋਂ 40 ਸਾਲ ਦੇ 30 ਨੌਜਵਾਨ ਕੁਆਰੇ ਮਿਲੇ। ਪਰਿਵਾਰ ਦੇ ਮੈਂਬਰ ਰਿਸ਼ਤੇਦਾਰਾਂ ਨਾਲ ਰਿਸ਼ਤੇ ਲਈ ਮਿੰਨਤਾਂ ਕਰਨ ਲਈ ਮਜਬੂਰ ਹਨ। ਪਰ ਕੋਈ ਵੀ ਰਿਸ਼ਤੇਦਾਰ ਇਨਾਂ ਪਿੰਡਾਂ ਵਿਚ ਆਪਣੀ ਧੀ ਦੇਣ ਲਈ ਰਾਜ਼ੀ ਨਹੀਂ ਹੈ।

ਖ਼ਾਸ ਗੱਲ ਇਹ ਹੈ ਕਿ ਸੁੰਦਰਾ, ਰੋਹਿੜੀ, ਪਾਂਚਲਾ, ਪੋਛੀਨਾ, ਲੂਗਾਰ ਸਮੇਤ ਇੱਕ ਦਰਜਨ ਪਿੰਡਾਂ ਵਿਚ 100 ਤੋਂ 150 ਨੌਜਵਾਨ ਕੁਆਰੇ ਹਨ। ਰੋਹਿੜੀ ਪਿੰਡ ਦੇ ਪਾਬੂਦਾਨ ਸਿੰਘ ਕਹਿੰਦੇ ਹਨ ਕਿ ਬੀਤੇ ਕੁਝ ਵਰਿਆਂ ਤੋਂ ਪਿੰਡ ਤੋਂ ਪੂਰੇ ਸਾਲ ਵਿਚ ਇੱਕ ਜਾਂ ਦੋ ਬਾਰਾਤਾਂ ਹੀ ਜਾਂਦੀਆਂ ਹਨ। ਸਹੂਲਤਾਂ ਦੀ ਘਾਟ ਵਿੱਚ ਇੱਥੇ ਕੋਈ ਆਪਣੀ ਧੀ ਦਾ ਰਿਸ਼ਤਾ ਕਰਨ ਲਈ ਤਿਆਰ ਨਹੀਂ ਹੈ। ਨਤੀਜੇ ਵਜੋਂ ਪਿੰਡ ਵਿੰਚ 20 ਤੋਂ 30 ਸਾਲ ਦੀ ਉਮਰ ਦੇ 40 ਨੌਜਵਾਨ ਕੁਆਰੇ ਹਨ। ਕਈ ਪਰਿਵਾਰਾਂ ਵਿਚ ਤਿੰਨ-ਤਿੰਨ ਭਰਾ ਕੁਆਰੇ ਹਨ ਤੇ ਦੋ ਤੋਂ ਪੰਜ ਲੱਖ ਰੁਪਏ ਦੇਣ ’ਤੇ ਵੀ ਲਾੜੀਆਂ ਨਹੀਂ ਮਿਲ ਰਹੀਆਂ ਹਨ। ਸਰਕਾਰ ਨੇ ਸੱਠ ਸਾਲ ਵਿਚ ਸਹੂਲਤਾਂ ਮੁਹੱਈਆ ਨਹੀਂ ਕਰਵਾਈਆਂ। ਇਸ ਦਾ ਖਮਿਆਜ਼ਾ ਜਨਤਾ ਨੂੰ ਭੁਗਤਣਾ ਪੈ ਰਿਹਾ ਹੈ। ਸੁੰਦਰਾ ਪਿੰਡ ਦੇ ਸ਼ਾਮ ਸਿੰਘ ਸੋੜਾ ਕਹਿੰਦੇ ਹਨ ਕਿ ਰੋਜ਼ਗਾਰ ਨਾ ਮਿਲਣ ਦਾ ਕੋਈ ਗ਼ਮ ਨਹੀਂ ਹੈ। ਭਿਆਨਕ ਹਾਲਾਤ ਵਿਚ ਜਿਊਣ ਦੇ ਆਦੀ ਹੋ ਚੁੱਕੇ ਹਾਂ, ਪਰ ਪੁੱਤਰਾਂ ਦੇ ਰਿਸ਼ਤਿਆਂ ਦੀ ਸਭ ਤੋਂ ਵੱਡੀ ਚੁਣੌਤੀ ਖੜੀ ਹੋ ਗਈ ਹੈ।

ਸਰਹੱਦੀ ਤੋਂ ਇਕ ਕਿਲੋਮੀਟਰ ਦੂਰ ਸਥਿਤ ਸੁੰਦਰਾ ਪਿੰਡ ਦੀ ਅਬਾਦੀ ਤਕਰੀਬਨ ਤਿੰਨ ਹਜ਼ਾਰ ਹੈ। ਇਸ ਪਿੰਡ ਦੇ ਤਕਰੀਬਨ 100 ਤੋਂ ਵੱਧ ਨੌਜਵਾਨਾਂ ਦੇ ਰਿਸ਼ਤੇ ਨਹੀਂ ਹੋ ਰਹੇ ਹਨ। ਇਸ ਵਿਚ 50 ਨੌਜਵਾਨਾਂ ਦੀ ਉਮਰ 25 ਤੋਂ 30 ਸਾਲ ਵਿਚਾਲੇ ਹੈ। 35 ਦੀ ਉਮਰ ਪਾਰ ਕਰ ਚੁੱਕੇ 20 ਲੋਕਾਂ ਨੇ ਕਿਹਾ ਕਿ ਉਹ ਹੁਣ ਤਾਂ ਵਿਆਹ ਦਾ ਸੁਪਨਾ ਹੀ ਛੱਡ ਚੁੱਕੇ ਹਨ। ਕੁਝ ਅਜਿਹੀ ਹੀ ਕਹਾਣੀ ਪਾਂਚਲਾ ਪਿੰਡ ਦੀ ਵੀ ਹੈ। ਜੈਸਲਮੇਲ ਦੀ ਸਰਹੱਦ ’ਤੇ ਆਬਾਦ ਹੈ ਪੋਛੀਨਾ ਪਿੰਡ। ਇੱਥੇ ਪੀਣਯੋਗ ਪਾਣੀ ਵੀ ਉਪਲੱਬਧ ਨਹੀਂ ਹੈ। ਮੋਬਾਈਲ ਨੈੱਟਵਰਕ ਦੀ ਸਹੂਲਤ ਨਹੀਂ ਹੈ। ਤਕਰੀਬਨ 80 ਤੋਂ ਵੱਧ ਨੌਜਵਾਨ ਕੁਆਰੇ ਹਨ। ਸਾਖਰਤਾ ਦਰ 30 ਫ਼ੀਸਦੀ ਹੈ। ਪਿੰਡ ਵਾਸੀ ਕਹਿੰਦੇ ਹਨ ਕਿ ਸਰਹੱਦ ਦੇ ਪਿੰਡਾਂ ਵਿਚ ਕੋਈ ਆਪਣੀ ਧੀ ਦੇਣ ਤੋਂ ਪਹਿਲਾਂ ਦਸ ਵਾਰ ਸੋਚਦਾ ਹੈ। ਸਰਹੱਦ ਦੇ ਦਰਾਭਾ, ਸਰਗੁਵਾਲਾ, ਦੁਠੋੜਾ ਸਮੇਤ ਕਈ ਅਜਿਹੇ ਪਿੰਡ ਹਨ, ਜਿੱਥੇ ਹਾਲੇ ਤੱਕ ਪੱਕੀ ਸੜਕ ਵੀ ਨਹੀਂ ਬਣੀ ਹੈ। ਪੀਣਯੋਗ ਪਾਣੀ ਦਾ ਸੰਕਟ ਡੂੰਘਾ ਹੈ। 20 ਪਿੰਡਾਂ ਵਿਚ ਹਾਲੇ ਤੱਕ ਬਿਜਲੀ ਵੀ ਨਹੀਂ ਪਹੁੰਚੀ ਹੈ। ਨੈੱਟਵਰਕ ਇੱਥੇ ਦੀ ਸਭ ਤੋਂ ਵੱਡੀ ਪਰੇਸ਼ਾਨੀ ਹੈ। ਕਿਸੇ ਵੀ ਕੰਪਨੀ ਦਾ 50 ਕਿਲੋਮੀਟਰ ਦੇ ਦਾਇਰੇ ਵਿਚ ਟਾਵਰ ਨਹੀਂ ਲੱਗਾ ਹੈ। ਸੁੰਦਰਾ ਪਿੰਡ ਵਿਚ ਤਾਂ ਇਕੱਲੀ ਧੀ ਹੀ ਬੀਏ ਦੀ ਪੜਾਈ ਕਰ ਰਹੀ ਹੈ।

# ਵਿਦੇਸ਼ਾਂ ’ਚ ‘ਆਈਲਟਸ ਲਾੜੀਆਂ’ ਝੱਲਦੀਆਂ ਨੇ ਦੁਖਾਂਤ

**ਆਕਲੈਂਡ/ਬਿਊਰੋ ਨਿਊਜ਼:** ਇਹ ਗੱਲ ਸ਼ਾਇਦ ਭਾਰਤੀਆਂ ਖ਼ਾਸ ਕਰਕੇ ਪੰਜਾਬੀ ਪਰਿਵਾਰਾਂ ਲਈ ਨਵੀਂ ਨਾ ਹੋਵੇ ਕਿ ਜੇਕਰ ਕੁੜੀ ਨੇ ਆਈਲਟਸ ਕੀਤੀ ਹੈ ਤੇ ਮੁੰਡੇ ਨੇ ਭਾਵੇਂ ਨਹੀਂ, ਪਰ ਉਹ ਉਸ ਕੁੜੀ ਨੂੰ ਬਾਹਰ ਭੇਜਣ ਵਾਸਤੇ ਸਾਰਾ ਖਰਚਾ ਲੱਗਭਗ 30 ਤੋਂ 35 ਹਜ਼ਾਰ ਡਾਲਰ ਖ਼ੁਦ ਮੁੰਡਾ ਜਾਂ ਮੁੰਡੇ ਦੇ ਘਰਵਾਲੇ ਕਰਦੇ ਹਨ।

ਉਹ ਵਿਆਹ ਕਿਸੇ ਨੂੰ ਖ਼ੁਸ਼ੀ ਦੇਵੇ ਜਾਂ ਨਾ ਦੇਵੇ ਇਸ ਦਾ ਫਿਕਰ ਨਹੀਂ ਕੀਤਾ ਜਾਂਦਾ, ਸਿਰਫ ਤੇ ਸਿਰਫ਼ ਫਿਕਰ ਇਹ ਹੁੰਦਾ ਹੈ ਕਿ ਸਹੁਰੇ ਪਰਿਵਾਰ ਦਾ ਮੁੰਡਾ ਅਸਮਾਨੀ ਚੜ ਵਿਦੇਸ਼ ਕਦੋਂ ਪਹੁੰਚਦਾ ਹੈ ? ਇਹ ਮੁੰਡਾ ਜੇਕਰ ਨਸ਼ਈ ਜਾਂ ਮਤਲਬੀ ਨਿਕਲ ਆਵੇ, ਤਾਂ ਅਸਲ ਸ਼ਾਦੀ ਦੇ ਰੂਪ ਵਿਚ ਇਸ ਨੂੰ ਦੇਖਦੀ ਕੁੜੀ ਦੀ ਕਿਸਮਤ ਰੁੜਨ ਲੱਗਿਆਂ ਕਿਸੇ ਢਲਾਨ ਦੀ ਉਡੀਕ ਨਹੀਂ ਕਰਦੀ।

ਬੀਤੇ ਦਿਨੀਂ ਰਾਸ਼ਟਰੀ ਮੀਡੀਆ ਨੇ ਖੁਸ਼ੀ ਨਾਂ ਦੀ (ਕਾਲਪਨਿਕ ਨਾਂ) ਇੱਕ ਕੁੜੀ ਦੀ ਇੰਟਰਵਿਊ ਪ੍ਰਕਾਸ਼ਿਤ ਕੀਤੀ ਹੈ ਤੇ ਆਡੀਓ ਜਾਰੀ ਕੀਤੀ ਹੈ ਜਿਸ ਨੂੰ ਸੁਣ ਕੇ ਲੱਗਦਾ ਹੈ ਕਿ ਨਿਊਜ਼ੀਲੈਂਡ ਵਿਚ ਵੀ ਚੱਪਣਾਂ ਦੀ ਫੈਕਟਰੀ ਹੋਣੀ ਚਾਹੀਦੀ ਹੈ, ਤਾਂ ਕਿ ਘੱਟੋ-ਘੱਟ ਸਿਆਣੇ ਬੰਦੇ ਕਹਾਵਤ ਤਾਂ ਵਰਤ ਸਕਣ। ਭਾਵੇਂ ਸੈਂਕੜੇ ਕੁੜੀਆਂ ਇਸੇ ਹਾਲਾਤ ਵਿਚੋਂ ਗੁਜ਼ਰ ਰਹੀਆਂ ਹੋਣ ਪਰ ਹੁਣ ‘ਖੁਸ਼ੀ’ ਨੇ ਦੁਖੀ ਹੋ ਕੇ ਪੂਰਾ ਖੁਲਾਸਾ ਕਰ ਦਿੱਤਾ ਹੈ। ਉਸ ਨੇ ਕਿਹਾ ਕਿ ਅਮੀਰ ਮੁੰਡਿਆਂ ਦੇ ਮੰਡਪ ਥੱਲੇ ਆਈਆਂ ਪੜੀਆਂ ਲਿਖੀਆਂ ਕੁੜੀਆਂ ਗ਼ੁਲਾਮੀ ਦੀ ਛਾਂ ਹੇਠ ਦੱਬਦੀਆਂ ਜਾ ਰਹੀਆਂ ਹਨ। ‘ਆਈਲਟਸ’ ਦੀ ਪੜਾਈ ਜਾਂ ਇੰਗਲਿਸ਼ ਬੋਲਣ-ਸਮਝਣ ਦੀ ਸਮਰੱਥਾ ਨੇ ਇਨਾਂ ਕੁੜੀਆਂ ਨੂੰ ‘ਆਈਲਟਸ ਬ੍ਰਾਈਡ’ (ਆਈਲੈਟਸ ਬਹੂ) ਦੀ ਸ਼੍ਰੇਣੀ ਵਿਚ ਲਿਆ ਖੜਾ ਕੀਤਾ ਹੈ। ਅਮੀਰ ਪਰਿਵਾਰਾਂ ਦੇ ਮੁੰਡੇ ਇਨਾਂ ਕੁੜੀਆਂ ਦੀ ਆਈਲਟਸ ਪੌੜੀ ਦੇ ਡੰਡੇ ਫੜ ਵਿਦੇਸ਼ੀ ਜਹਾਜ਼ਾਂ ਦਾ ਸੁਪਨਾ ਵੇਖਦੇ ਹਨ। ਕਈ ਜਗਾ ਪਿਆਰ ਵਿਆਹ ਹਨ ਤੇ ਕਈ ਥਾਂ ਰਿਸ਼ਤੇਦਾਰੀ ਸੰਬੰਧਾਂ ਕਾਰਨ ਵਿਆਹ ਹੋਏ ਹਨ। ਦੋਹਾਂ ਹਾਲਾਤਾਂ ਵਿਚ ਕਿਤੇ ਨਾ ਕਿਤੇ ਕੁੜੀਆਂ ਜ਼ਿਆਦਾ ਸ਼ਿਕਾਰ ਹੋ ਰਹੀਆਂ ਹਨ। ਪਰ ਅਜਿਹੇ ਕਿਸੇ ਵੀ ਹਨ, ਜਿੱਥੇ ਪੜੀਆਂ-ਲਿਖੀਆਂ ਕੁੜੀਆਂ ਨੇ ਮੁੰਡਿਆਂ ਨੂੰ ਵੀ ਪੂਰਾ ਟੰਗਿਆ ਹੋਇਆ ਹੈ। ਇਸ ਪੰਜਾਬੀ ਕੁੜੀ ਨੇ ਆਪਣੀ ਇੰਟਰਵਿਊ ਵਿਚ ਪੰਜਾਬੀ ਪਰਿਵਾਰਾਂ ਦੀ ਆਮ ਕਹਾਣੀ ਵੀ ਬਿਆਨ ਕੀਤੀ ਹੈ ਕਿ ਕਿਸ ਤਰਾਂ ਵਿਆਹ ਇਕ ਤਰਾਂ ਨਾਲ ਪਵਿੱਤਰ ਰਿਸ਼ਤਾ ਕਾਇਮ ਕਰਨ ਦਾ ਰਸਮੀ ਐਲਾਨ ਨਾ ਹੋ ਕੇ ਰਸਮੀ ਵਪਾਰ ਹੋ ਗਿਆ ਹੈ।

ਇਸ ਕੁੜੀ ਨੂੰ ਇਮੀਗ੍ਰੇਸ਼ਨ ਨੇ ਕਹਿ ਦਿੱਤਾ ਹੈ ਕਿ ਤੇਰੇ ਵਿਆਹ ’ਤੇ ਤਾਂ ਯਕੀਨ ਹੈ ਪਰ ਉਸ ਦੇ ਜੋ ਕਾਗਜ਼ਾਤ ਹਨ, ਉਨਾਂ ਵਿਚ ਕੁਝ ਜਾਅਲੀ ਹਨ। ਇਹ ਸਾਰੇ ਕਾਗਜ਼ਾਤ ਸਹੁਰੇ ਪਰਿਵਾਰ ਨੇ ਹੀ ਲਗਾ ਦਿੱਤੇ ਸਨ ਕਿਉਂਕਿ ਸਾਰਾ ਕੰਟਰੋਲ ਉਸ ਦੇ ਸਹੁਰੇ ਪਰਿਵਾਰ ਦਾ ਸੀ। ਹੁਣ ਇਸ ਕੁੜੀ ਨੂੰ ਵਾਪਸ ਪਰਤਣ ਲਈ ਕਿਹਾ ਗਿਆ ਹੈ। ਹੁਣ ਤੱਕ ਇਮੀਗ੍ਰੇਸ਼ਨ ਕੋਲ ਪਿਛਲੇ ਸਾਢੇ ਸੱਤਾਂ ਸਾਲਾਂ ਵਿਚ 1300 ਨਕਲੀ ਵਿਆਹਾਂ ਦੇ ਕੇਸ ਵੀ ਦਰਜ ਹੋ ਚੁੱਕੇ ਹਨ ਤੇ ਉਹ ਵੀ ਸਖ਼ਤੀ ਲਈ ਆਪਣੀ ਜਗਾ ਸੱਚੇ ਹਨ। ਇਸ ਕੁੜੀ ਨੇ ਇਹ ਕਹਿ ਦਿੱਤਾ ਹੈ ਕਿ ਜੇਕਰ ਉਹ ਵਾਪਸ ਜਾਵੇਗੀ ਤਾਂ ਉਸ ਨੂੰ ਡਰ ਹੈ ਕਿ ਉਸ ਦੇ ਸਹੁਰੇ ਉਸ ਨੂੰ ਮਾਰ ਦੇਣਗੇ, ਕਿਉਂਕਿ ਉਨਾਂ ਨੇ ਉਸ ਨੂੰ ਬਾਹਰ ਭੇਜਣ ਦਾ ਸਾਰਾ ਖ਼ਰਚਾ ਕੀਤਾ ਸੀ। ਉਸ ਦੇ ਸਹੁਰੇ ਇਸ ਖ਼ਰਚੇ ਬਦਲੇ ਇਹ ਚਾਹੁੰਦੇ ਹਨ ਕਿ ਉਨਾਂ ਦਾ ਮੁੰਡਾ ਤਾਂ ਨਿਊਜ਼ੀਲੈਂਡ ਪਹੁੰਚੇ ਹੀ ਤੇ ਨਾਲ ਹੀ ਪੱਕਾ ਵੀ ਹੋਵੇ। ਸੰਨ 2014 ਵਿਚ ਇਸ ਕੁੜੀ ਦਾ ਵਿਆਹ ਹੋਇਆ ਸੀ, ਪਤੀ ਨਸ਼ੇ ਕਰਦਾ ਸੀ, ਉਸ ਦੀ ਸੱਸ ਉਸ ਨੂੰ ਆਪ ਲਿਆ ਕੇ ਦਿੰਦੀ ਸੀ, ਕਿਉਂਕਿ ਉਹ ਮਰਨ ਦੀ ਧਮਕੀ ਦੇ ਛੱਡਦਾ ਸੀ। ਰਾਸ਼ਟਰੀ ਮੀਡੀਆ ’ਤੇ ਇਸ ਕੁੜੀ ਦੇ ਨਿਕਲਦੇ ਅੱਥਰੂ ਪੂੰਝਣ ਲਈ ਇਮੀਗ੍ਰੇਸ਼ਨ ਵਿਭਾਗ ਅੱਗੇ ਆਉਂਦਾ ਜਾਂ ਨਹੀਂ... ਕੁੜੀ ਦੀ ਕਿਸਮਤ ਦੀਆਂ ਗੱਲਾਂ ਹਨ।



# ਭਾਈ ਗੁਰਬਖਸ਼ ਸਿੰਘ ਦੀ ਕੁਰਬਾਨੀ ਵਿਅਰਥ ਨਹੀਂ ਜਾਵੇਗੀ : ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼

**ਲੰਡਨ/ਬਿਊਰੋ ਨਿਊਜ਼:** ਪੰਜਾਬ ਸਮੇਤ ਭਾਰਤ ਦੀਆਂ ਵੱਖ ਵੱਖ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਲਈ ਦੋ ਵਾਰ ਭੁੱਖ ਹੜਤਾਲ ਰੱਖ ਕੇ ਕੌਮੀ ਲਹਿਰ ਪੈਦਾ ਕਰਨ ਕਰਨ ਵਾਲੇ ਭਾਈ ਗੁਰਬਖਸ਼ ਸਿੰਘ ਖਾਲਸਾ ਵਲੋਂ ਆਪਾ ਨਿਛਾਵਰ ਕਰਨ ਤੇ ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਤਿ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸਾਂਝੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ ਵਲੋਂ ਡੂੰਘੇ ਦੁੱਖ ਦਾ ਪ੍ਰਗਾਟਾਵਾ ਕਰਦਿਆਂ ਅਰਦਾਸ ਕੀਤੀ ਗਈ ਕਿ ਵਾਹਿਗੁਰੂ ਉਸ ਦੀ ਆਤਮਾ ਨੂੰ ਸਦੀਵ ਕਾਲ ਵਾਸਤੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ। ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ, ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵਲੋਂ ਜਾਰੀ ਸਾਂਝੇ ਪ੍ਰੈੱਸ ਬਿਆਨ ਵਿੱਚ ਆਖਿਆ ਗਿਆ ਕਿ ਭਾਈ ਗੁਰਬਖਸ਼ ਸਿੰਘ ਨੇ ਅਪਣੀ ਕੀਤੀ ਹੋਈ ਅਰਦਾਸ ਨੂੰ ਤੋੜ ਨਿਭਾਇਆ ਹੈ । ਭਾਵੇਂ ਕੋਈ ਉਸ ਵਲੋਂ ਆਪਾ ਨਿਛਾਵਰ ਕਰਨ ਦੀ ਕਾਰਵਾਈ ਪ੍ਰਤੀ ਕੋਈ ਵੀ ਨਜ਼ਰੀਆ ਅਪਣਾਵੇ ਪਰ ਉਸਦੀ ਭਾਵਨਾ ਅਤੇ ਇਰਾਦਾ ਬਿਲਕੁਲ ਸ਼ੁੱਧ ਅਤੇ ਕੌਮ ਪ੍ਰਸਤੀ ਵਾਲੀ ਸੀ ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਬੇਅੰਤੇ ਬੁੱਚੜ ਨੂੰ ਸੋਧਣ ਦੇ ਕੇਸ ਵਿੱਚ ਉਮਰ ਕੈਦ ਦੀਆਂ ਸਜਾਵਾਂ ਕੱਟ ਰਹੇ ਭਾਈ ਗੁਰਮੀਤ ਸਿੰਘ ,ਭਾਈ ਲਖਵਿੰਦਰ ਸਿੰਘ ਅਤੇ ਭਾਈ ਸਮਸ਼ੇਰ ਸਿੰਘ ਨੂੰ ਪੈਰੋਲ ਮਿਲਣ ਵਿੱਚ ਭਾਈ ਗੁਰਬਖਸ਼ ਸਿੰਘ ਖਾਲਸਾ ਵਲੋਂ ਰੱਖੀ ਗਈ ਭੁੱਖ ਹੜਤਾਲ ਦਾ ਵੱਡਾ ਰੋਲ ਹੈ । ਪੰਜਾਬ ਸਮੇਤ ਦੁਨੀਆਂ ਭਰ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਦੀ ਅਵਾਜ ਬੁਲੰਦ ਹੋਈ ਸੀ ਅਤੇ ਜੇਹਲਾਂ ਵਿੱਚ ਬੰਦ ਸਿੰਘਾਂ ਦਾ ਮੁੱਦਾ ਅੰਤਰਰਾਸ਼ਟਰੀ ਪੱਧਰ ਤੇ ਉਭਰਿਆ ਸੀ ।ਜਿਸ ਬਾਬਤ ਵੱਖ ਵੱਖ ਅਦਾਰਿਆਂ ਵਲੋਂ ਯਤਨ ਜਾਰੀ ਹਨ ।

ਫੈਡਰੇਸ਼ਨ ਵਲੋਂ ਭਾਈ ਗੁਰਬਖਸ਼ ਸਿੰਘ ਦੀ ਮੌਤ ਦੇ ਜਿੰਮੇਵਾਰ ਕਾਰਨਾਂ ਦੀ ਜਾਂਚ ਨੂੰ ਜਰੂਰੀ ਆਖਦਿਆਂ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦੀ ਗੱਲ ਆਖੀ ਗਈ ਹੈ । ਮੌਕੇ ਤੇ ਮੌਜੂਦ ਪ੍ਰਸਾਸ਼ਨ ਅਤੇ ਪੁਲਸੀਆਂ ਵਲੋਂ ਵਰਤੀ ਗਈ ਅਣਗਹਿਲੀ, ਸਹਿਕਦੇ ਹੋਏ ਨੂੰ ਬੇਕਦਰੀ ਨਾਲ ਜਿਪਸੀ ਵਿੱਚ ਸੁੱਟਣਾ, ਸਹਿਕਦੀ ਹੋਈ ਲਾਸ਼ ਨਾਲ ਅਣਮਨੁੱਖੀ ਵਰਤਾਉ ਕਰਦਿਆਂ ਜਿਪਸੀ ਦਾ ਡਾਲਾ ਵੀ ਬੰਦ ਨਾ ਕਰਨਾ, ਕਿਸੇ ਕੱਪੜੇ ਜਾਂ ਸਟਰੈਚਰ ਦੀ ਵਰਤੋਂ ਨਾ ਕਰਨ ਵਰਗਾ ਨਿਰਾਦਰ ਭਰਿਆ ਵਰਤਾਰਾ ਭਾਰਤ ਸਰਕਾਰ ਦੇ ਹਰਿਆਣਵੀ ਕਰਿੰਦਿਆਂ ਨੂੰ ਕਟਹਿਰੇ ਵਿੱਚ ਖੜਾ ਕਰਦਾ ਹੈ ।

ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਵਲੋਂ ਪੰਜਾਬ ਭਰ ਦੀਆਂ ਪੰਥਕ ਧਿਰਾਂ ਅਤੇ ਧਾਰਮਿਕ ਸੰਸਥਾਵਾਂ ਨੂੰ ਸਨਿਮਰ ਅਪੀਲ ਕੀਤੀ ਗਈ ਕਿ ਇਸ ਦਰਦਨਾਕ ਵਰਤਾਰੇ ਨੂੰ ਅਧਾਰ ਬਣਾ ਕੇ ਜੇਲ੍ਹਾਂ ਵਿੱਚ ਬੰਦ ਸਿੰਘਾਂ ਦੀ ਰਿਹਾਈ ਲਈ ਅਵਾਜ ਬੁਲੰਦ ਕਰਨ ਲਈ ਇੱਕ ਮੰਚ ਤੇ ਇਕੱਠੇ ਹੋ ਕੇ ਸਾਰਥਕਤਾ ਨਾਲ ਸਿੱਖ ਕੌਮ ਦੇ ਗਲੋਂ ਗੁਲਾਮੀਂ ਲਾਹੁਣ ਲਈ ਚੱਲ ਰਹੇ ਖਾਲਿਸਤਾਨ ਦੇ ਸੰਘਰਸ਼ ਨੂੰ ਅੱਗੇ ਤੋਰਿਆ ਜਾਵੇ। ਇਹ ਦੋਵੇਂ ਕਾਰਜ ਹੀ ਭਾਈ ਗੁਰਬਖਸ਼ ਸਿੰਘ ਨੂੰ ਅਸਲ ਸ਼ਰਧਾਂਜਲੀ ਹੋਵੇਗੀ।

## ਕੇਜਰੀਵਾਲ ਸਰਕਾਰ ਪੰਜਾਬ ਦੇ ਪਾਣੀ ਦਾ ਮੁੱਲ ਤਾਰਨ ਲਈ ਤਿਆਰ

ਤਾਂ ਪਿਛਲੀ ਬਾਦਲ ਸਰਕਾਰ ਦੇ ਕਈ ਕੰਮਾਂ ਦੀ ਸਰਾਹਨਾ ਕੀਤੀ ਹੈ ਪਰ ਵਿੱਤ ਮੰਤਰੀ ਦਾ ਨਾਂਹ-ਪੱਖੀ ਰਵੱਈਆ ਪੰਜਾਬ ਦੇ ਵਿਕਾਸ ਦੇ ਰਾਹ ਵਿੱਚ ਰੋੜਾ ਹੈ। ਹਰ ਮੌਕੇ ਵਿੱਤੀ ਸੰਕਟ ਦਾ ਰੋਣਾ ਰੋਣ ਦਾ ਮਤਲਬ ਹੀ ਨਾਂਹ-ਪੱਖੀ ਮਾਨਸਿਕਤਾ ਹੈ। ਅਜਿਹੀ ਮਾਨਸਿਕਤਾ ਨਾਲ ਕੋਈ ਵੀ ਕੰਪਨੀ ਨਿਵੇਸ਼ ਨਹੀਂ ਕਰੇਗੀ। ਕਰਜ਼ਾ ਤਾਂ ਜਾਪਾਨ ਸਿਰ ਜੀਡੀਪੀ ਦਾ 101 ਫੀਸਦ ਅਤੇ ਅਮਰੀਕਾ ਦੀ ਜੀਡੀਪੀ ਦਾ 227 ਫੀਸਦ ਹੈ।

ਮਨਪ੍ਰੀਤ ਬਾਦਲ ਦਾ ਬਜਟ ਦਾ 70 ਫੀਸਦ ਹਿੱਸਾ ਪਿਛਲੇ ਬਜਟ ਭਾਸ਼ਣ ਵਾਲਾ ਹੀ ਹੈ। ਤੱਥਾਂ ਨੂੰ ਤੋੜ-ਮਰੋੜ ਕੇ ਅਤੇ ਵਧਾ ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ। ਜਦ ਕਿ ਅਸਲੀਅਤ ਇਸ ਤੋਂ ਉਲਟ ਹੈ। ਨਾ ਕੋਈ ਰੁਜ਼ਗਾਰ ਦਿੱਤਾ, ਨਾ ਕਾਲਜ ਖੁੱਲ੍ਹਿਆ। ਪੰਜਾਬੀ ਨੂੰ ਉਤਸ਼ਾਹਿਤ ਕਰਨ ਲਈ ਤਲਵੰਡੀ ਸਾਬੋ ਵਿੱਚ ਕੇਂਦਰੀ ਸੰਸਥਾ ਬਣਾਉਣ ਦਾ ਵਾਅਦਾ ਕੀਤਾ ਸੀ ਪਰ ਇੱਕ ਰੁਪਇਆ ਵੀ ਖਰਚ ਨਹੀਂ ਕੀਤਾ, ਉਲਟਾ ਵੱਤ ਮੰਤਰੀ ਉਰਦੂ ਨੂੰ ਮਾਲੇਰਕੋਟਲਾ ਵਿੱਚ ਤਿੰਨ ਕਰੋੜ ਰੁਪਏ ਦੇ ਆਏ। ਖੁਦ ਸ਼ੇਅਰ ਵੀ ਫਾਰਸੀ ਵਾਲੇ ਪਸੰਦ ਹਨ। ਵਿੱਤ ਮੰਤਰੀ ਨੂੰ ਪਾਕਿਸਤਾਨ ਵਾਲੇ ਸ਼ਾਇਰ ਹੀ ਕਿਉਂ ਮਨਭਾਉਂਦੇ ਹਨ।

ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਵਿੱਤ ਮੰਤਰੀ ਨੇ ਪਿਛਲੇ 13000 ਕਰੋੜ ਦੇ ਮੁਕਾਬਲੇ 8 ਹਜ਼ਾਰ ਕਰੋੜ ਰੁਪਏ ਦਾ ਘਾਟਾ ਦਰਸਾਇਆ ਹੈ ਪਰ ਬਿਜਲੀ ਸਬਸਿਡੀ ਦਾ ਪੰਜ ਹਜ਼ਾਰ ਕਰੋੜ ਵਿੱਚ ਪਾ ਕੇ ਘਾਟਾ ਅਸਲ ਵਿੱਚ 17 ਹਜ਼ਾਰ ਕਰੋੜ ਹੈ। ਵਿੱਤ ਮੰਤਰੀ ਇਸ ਮਾਮਲੇ ਵਿੱਚ ਸਦਨ ਅਤੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਅਗਲੇ ਸਾਲਾਂ ਦੌਰਾਨ ਜੀਐਸਟੀ ਵਾਲੀ ਮੁਆਵਜ਼ਾ ਰਾਸ਼ੀ ਵੀ ਬੰਦ ਹੋ ਜਾਣੀ ਹੈ। ਬਜਟ ਵਿੱਚ ਇਸ ਦੀ ਭਰਪਾਈ ਵਾਲੀ ਕੋਈ ਦਿਸ਼ਾ ਨਜ਼ਰ ਨਹੀਂ ਆਉਂਦੀ।

ਆਮ ਆਦਮੀ ਪਾਰਟੀ ਦੇ ਵਿਧਾਇਕ ਬੁੱਧ ਰਾਮ ਨੇ ਆਟਾ-ਦਾਲ ਯੋਜਨਾ ਦੇ ਸਹੀ ਲਾਭਪਾਤਰੀਆਂ ਨੇ ਨਾਮ ਕੱਟ ਦੇਣ ਉੱਤੇ ਮੁੜ ਵਿਚਾਰ ਕਰਨ, ਸਕੂਲਾਂ ਦੀ ਦਸ਼ਾ ਸੁਧਾਰਨ ਅਤੇ ਗਰੀਬ ਬੱਚਿਆਂ ਦੀ ਵਰਦੀ ਲਈ ਕੇਵਲ ਚਾਰ ਸੌ ਰੁਪਏ ਦੇਣ ਦੇ ਬਜਾਏ ਇਸ ਰਾਸ਼ੀ ਨੂੰ ਵਧਾਉਣ ਦਾ ਮੁੱਦਾ ਉਠਾਇਆ। 'ਆਪ' ਦੀ ਸਰਬਜੀਤ ਕੌਰ ਨੇ ਕਿਹਾ ਕਿ ਮਜ਼ਦੂਰਾਂ ਨੂੰ ਕੇਵਲ 8 ਫੀਸਦ ਸੰਸਥਾਗਤ ਕਰਜ਼ਾ ਮਿਲਦਾ ਹੈ ਪਰ ਰਾਹਤ ਸਮੇਂ ਕਰਜ਼ੇ ਦੇ ਸਬੂਤ ਮੰਗੇ ਜਾਂਦੇ ਹਨ। ਇਹ ਕਿਸੇ ਵੀ ਤਰ੍ਹਾਂ ਵਾਜਬ ਨਹੀਂ।

'ਆਪ' ਵਿਧਾਇਕ ਮਨਜੀਤ ਸਿੰਘ ਨੇ ਗੁਰੂ ਗੋਬਿੰਦ ਸਿੰਘ ਵੱਲੋਂ ਜ਼ਫ਼ਰਨਾਮਾ ਲਿਖਣ ਲਈ ਦੀਨਾ ਸਾਹਿਬ ਠਹਿਰਨ ਦਾ ਜ਼ਿਕਰ ਕਰਦਿਆਂ ਉੱਥੇ ਕੋਈ ਠੋਸ ਯਾਦਗਾਰ ਨਾ ਹੋਣ ਦਾ ਮੁੱਦਾ ਉਠਾਇਆ। ਇਨ੍ਹਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਵਿਧਾਇਕ ਕੰਵਰ ਸੰਧੂ, ਹਰਪਾਲ ਸਿੰਘ ਚੀਮਾ, ਕੁਲਵੰਤ ਸਿੰਘ, ਅਮਰਜੀਤ ਸਿੰਘ ਸੰਦੋਹਾ, ਕਾਂਗਰਸ ਵਿਧਾਇਕ ਸੁਖਵਿੰਦਰ ਸਿੰਘ ਰੰਧਾਵਾ, ਹਰਪ੍ਰਤਾਪ ਸਿੰਘ ਅਜਨਾਲਾ, ਅਮਰਿੰਦਰ ਸਿੰਘ ਰਾਜਾ ਵੜਿੰਗ, ਕੁਲਦੀਪ ਸਿੰਘ ਵੈਦ, ਲੋਕ ਇਨਸਾਫ ਪਾਰਟੀ ਦੇ ਸਿਮਰਜੀਤ ਸਿੰਘ ਬੈਂਸ, ਭਾਜਪਾ ਦੇ ਸੋਮ ਪ੍ਰਕਾਸ਼ ਸਮੇਤ ਕਈ ਹੋਰ ਵਿਧਾਇਕਾਂ ਨੇ ਵੀ ਬਹਿਸ ਵਿੱਚ ਹਿੱਸਾ ਲਿਆ।

## ਮਹਾਰਾਜਾ ਦਲੀਪ ਸਿੰਘ ਤੇ ਬਣੀ ਫਿਲਮ 'ਦ ਬਲੈਕ ਪ੍ਰਿੰਸ' ਡਿਜੀਟਲ ਰਿਲੀਜ਼ 10 ਅਪਰੈਲ ਨੂੰ

ਐਂਗਲੋ ਸਿੱਖ ਇਤਿਹਾਸ 'ਤੇ ਬਣੀ ਫਿਲਮ ਦ ਬਲੈਕ ਪ੍ਰਿੰਸ' ਇਤਿਹਾਸ ਦੇ ਪੰਨਿਆਂ ਨੂੰ ਫਿਲਮ 'ਤੇ ਉਜਾਗਰ ਕਰਨ ਦਾ ਇੱਕ ਇਮਾਨਦਾਰ ਯਤਨ ਹੈ। ਫਿਲਮ ਸਿੱਖਾਂ ਨੂੰ ਆਪਣੇ ਵਿਰਸੇ ਦੀ ਨਜ਼ਰਸ਼ਾਨੀ ਕਰਨ ਲਈ ਮਜ਼ਬੂਰ ਕਰਦੀ ਹੈ। ਦਿ ਬਲੈਕ ਪ੍ਰਿੰਸ' ਰਾਹੀਂ ਮਹਾਰਾਜਾ ਰਣਜੀਤ ਸਿੰਘ ਦੇ ਵੰਸ਼ਜ ਦੇ 1947 ਵਿਚ ਬਰਤਾਨਵੀ ਹਕੂਮਤ ਤੋਂ ਆਜ਼ਾਦੀ ਹਾਸਲ ਕਰਨ ਵਿਚ ਪਾਏ ਯੋਗਦਾਨ ਦੇ ਲੁਕਵੇਂ ਅਧਿਆਏ ਬਾਰੇ ਪਤਾ ਚਲਦਾ ਹੈ। ਸਿੱਖਾਂ ਦੇ ਆਖ਼ਰੀ ਮਹਾਰਾਜਾ ਵਜੋਂ ਜਾਣੇ ਜਾਂਦੇ ਦਲੀਪ ਸਿੰਘ ਨੂੰ ਬਰਤਾਨਵੀ ਸ਼ਾਸ਼ਕਾਂ ਨੇ ਬਚਪਨ ਉਮਰੇ ਅਪਣੀ ਅਨਐਲਾਨੀ ਹਿਰਾਸਤ ਵਿੱਚ ਰੱਖ ਕੇ ਉਸ ਕੋਲੋਂ ਸਭ ਕੁਝ ਖੋਹ ਲਿਆ ਸੀ ਜਿਸ ਵਿਰੁਧ ਉਸਨੂੰ ਆਖ਼ਰੀ ਉਮਰੇ ਅੱਤ ਗਰੀਬ ਹਾਲਤ ਵਿੱਚ ਆਪਣੇ ਆਖਰੀ ਸਾਹ ਭਰਣ ਅਤੇ ਬਾਗੀ ਹੋਣ ਲਈ ਮਜ਼ਬੂਰ ਹੋਣਾ ਪਿਆ। ਮਹਾਰਾਜਾ ਦਲੀਪ ਸਿੰਘ ਨੂੰ ਮਹਿਜ਼ 5 ਵਰ੍ਹਿਆਂ ਦੀ ਉਮਰ ਵਿਚ ਸਿੰਘਾਸਨ 'ਤੇ ਬਿਠਾਇਆ ਗਿਆ ਤਾਂ ਜੋ ਉਨ੍ਹਾਂ ਦੇ ਭਰੋਸੇਮੰਦ ਦਰਬਾਰੀਆਂ ਹੱਥੋਂ ਖ਼ੂਨੀ ਰਾਜਧਰੋਹ ਰਾਹੀਂ ਸਿੰਘਾਸਨ ਲੁੱਟਿਆ ਜਾ ਸਕੇ। 15 ਵਰ੍ਹਿਆਂ ਦੀ ਉਮਰ ਵਿਚ ਉਨ੍ਹਾਂ ਨੂੰ ਆਪਣੀ ਮਾਂ ਮਹਾਰਾਣੀ ਜਿੰਦਾਂ ਕੋਲੋਂ ਖੋਹ ਕੇ ਇੰਗਲੈਂਡ ਲਿਜਾਇਆ ਗਿਆ, ਜਿੱਥੇ ਉਨ੍ਹਾਂ ਦੀ ਮੁਲਾਕਾਤ ਮਹਾਰਾਣੀ ਵਿਕਟੋਰੀਆ ਨਾਲ ਕਰਵਾਈ ਗਈ, ਜਿਸ ਨੇ ਪਹਿਲੇ ਨਜ਼ਰੇ ਤਕਦਿਆਂ ਹੀ ਉਨ੍ਹਾਂ ਨੂੰ ਦਿ ਬਲੈਕ ਪ੍ਰਿੰਸ' ਕਹਿ ਕੇ ਸੱਦਿਆ ਸੀ।ਪੰਜਾਬ ਦੀ ਅਮੀਰ ਰਿਆਸਤ ਦੇ ਆਖ਼ਰੀ ਵੰਸ਼ਜ ਮਹਾਰਾਜਾ ਦਲੀਪ ਸਿੰਘ ਦੀ ਅਣਕਹੀ ਦਾਸਤਾਨ ਨੂੰ ਫ਼ਿਲਮ ਦਿ ਬਲੈਕ ਪ੍ਰਿੰਸ' ਨੇ ਬਾਖ਼ੂਬੀ ਪਰਦੇ 'ਤੇ ਉਤਾਰਿਆ ਹੈ। ਇਹ ਗੱਲ ਘੱਟ ਲੋਕ ਹੀ ਜਾਣਦੇ ਹੋਣਗੇ ਕਿ ਭਾਰਤ ਦੇ ਆਜ਼ਾਦੀ ਅੰਦੋਲਨ ਪਿਛੇ ਮਹਾਰਾਜਾ ਦਲੀਪ ਸਿੰਘ ਪ੍ਰੇਰਨਾ ਸ਼ਕਤੀ ਸਨ ਕਿਉਂਕਿ ਉਸ ਵੇਲੇ ਬਰਤਾਨਵੀ ਹਾਕਮ ਉਨ੍ਹਾਂ ਦੀ ਪ੍ਰਭਾਵਸ਼ਾਲੀ ਸ਼ਖ਼ਸੀਅਤ ਤੋਂ ਖ਼ੌਫ਼ਜ਼ਦਾ ਸਨ। ਇਹੀ ਕਾਰਨ ਸੀ ਕਿ ਉਨ੍ਹਾਂ ਨੇ ਮਹਾਰਾਜਾ ਦਲੀਪ ਸਿੰਘ ਨੂੰ ਆਪਣੀ ਜਨਮ ਭੂਮੀ ਤੋਂ ਦੂਰ ਰੱਖਣ ਦੇ ਇਰਾਦੇ ਨਾਲ ਬਰਤਾਨੀਆ ਦੇ ਮਾਹੌਲ ਵਿਚ ਹੀ ਪਲਣ ਦਿੱਤਾ।

ਇਸ ਯਾਦਗਾਰੀ ਫਿਲਮ 'ਚ ਉੱਘੇ ਕਲਾਕਾਰਾਂ ਨੇ ਆਪਣੀਆਂ ਅਦਾਕਾਰੀਆਂ ਰਾਹੀਂ ਗਲੋਬਲ ਫ਼ਿਲਮ ਫੈਸਟੀਵਲਾਂ ਵਿਚ ਆਲੋਚਕਾਂ ਦੀ ਵਾਹ-ਵਾਹ ਖੱਟੀ ਅਤੇ ਪਹਿਲੀ ਵਾਰ ਫ਼ਿਲਮ ਸਫ਼ਰ ਦੀ ਸ਼ੁਰੂਆਤ ਕਰਨ ਵਾਲੇ ਸੂਫ਼ੀ ਗਾਇਕ ਸਤਿੰਦਰ ਸਰਤਾਜ ਦੀ ਅਦਾਕਾਰੀ ਨੂੰ ਵੀ ਬੇਹੱਦ ਸਲਾਹਿਆ ਗਿਆ। ਉੱਘੀ ਅਦਾਕਾਰਾ ਸ਼ਬਾਨਾ ਆਜ਼ਮੀ ਨੇ ਦਲੀਪ ਸਿੰਘ ਦੀ ਮਾਂ ਮਹਾਰਾਣੀ ਜਿੰਦਾਂ ਦੇ ਕਿਰਦਾਰ ਨੂੰ ਬਾਖੂਬੀ ਪਰਦੇ ਉੱਤੇ ਨਿਭਾਅ ਕੇ ਵਾਹਵਾ ਖੱਟੀ ਸੀ। ਮਾਹਾਰਾਜਾ ਦੇ ਅੰਗਰੇਜ ਮਾਪਿਆਂ ਵਜੋਂ ਉੱਘੇ ਬ੍ਰਿਟਿਸ਼ ਐਕਟਰ ਜੋਸਨ ਫਲੇਮਿੰਗ ਵਜੋਂ ਡਾ.ਲੋਗਿਨ ਦੇ ਕਿਰਦਾਰ ਨੂੰ ਪਰਦੇ ਉੱਤੇ ਪੇਸ਼ ਕਰਨਾ ਫਿਲਮ ਦੀ ਮਹੱਤਤਾ ਦਾ ਸਬੂਤ ਸੀ।

ਯੂਨੀਗਲੋਬ ਐਂਟਰਟੇਨਮੈਂਟ ਦਾ ਫਿਲਮਾਂ ਬਣਾਉਣ, ਡਿਸਟ੍ਰੀਬਿਊਸ਼ਨ ਅਤੇ ਮਾਰਕੀਟਿੰਗ ਦੇ ਖੇਤਰ ਵਿੱਚ ਵਿਸ਼ੇਸ਼ ਸਥਾਨ ਅਤੇ ਉੱਘਾ ਨਾਂਅ ਹੈ। ਇਸਨੇ ਸਮਾਜਿਕ ਸਰੋਕਾਰਾਂ ਵਾਲੇ ਕੰਮਾਂ ਨੂੰ ਵੀ ਹਮੇਸ਼ਾਂ ਤਰਜੀਹ ਦਿੱਤੀ ਹੈ।

ਦਿ ਬਲੈਕ ਪ੍ਰਿੰਸ' ਦੀ ਪ੍ਰੋਡੱਕਸ਼ਨ ਟੀਮ ਨਾਲ ਹੋਏ ਸਹਿਯੋਗ ਬਾਰੇ ਯੂਨੀਗਲੋਬ ਐਂਟਰਟੇਨਮੈਂਟ ਦੇ ਪ੍ਰੈਜੀਡੈਂਟ ਨਮਰਤਾ ਸਿੰਘ ਗੁਜਰਾਲ ਦਾ ਕਹਿਣਾ ਹੈ, ਵਿਸਾਖ਼ੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਅਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਾਅਦ ਖਾਲਸਾ ਪੰਥ ਦੀ ਸਾਜਨਾ ਦਾ ਇਤਿਹਾਸਕ ਦਿਹਾੜਾ ਹੈ। ਮੈਂ ਜਦੋਂ ਇਹ ਫਿਲਮ ਵੇਖੀ ਤਾਂ ਮੇਰਾ ਰੋਣ ਨਹੀਂ ਸੀ ਥੰਮ ਰਿਹਾ। ਸਿੱਖ ਹੋਣ ਦੇ ਨਾਤੇ ਮੈਨੂੰ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਸੰਘਰਸ਼ ਨੂੰ ਬੜੇ ਮਾਰਮਿਕ ਢੰਗ ਨਾਲ ਪੇਸ਼ ਕਰਦੀ ਇਹ ਫਿਲਮ ਵਿਸ਼ਵ ਭਰ ਵਿੱਚ ਸਿੱਖਾਂ ਤੇ ਹੋਰਨਾਂ ਭਾਈਚਾਰਿਆਂ ਤੱਕ ਪੁੱਜਦੀ ਕਰਨ ਦਾ ਮੌਕਾ ਮਿਲਣ ਉੱਤੇ ਬੜਾ ਮਾਣ ਮਹਿਸੂਸ ਹੋਇਆ। ਇਸ ਫਿਲਮ ਨੂੰ ਵੇਖ ਕੇ ਸਿੱਖ ਬੱਚੇ ਇਹ ਜਾਣ ਸਕਣਗੇ ਕਿ ਬਹਾਦਰ ਸਿੱਖ ਕੌਮ ਨੇ ਕਿਸ ਤਰ੍ਹਾਂ ਧਾਰਮਿਕ ਅਸ਼ਹਿਣਸ਼ੀਲਤਾ ਤੇ ਸਿੱਖਾਂ ਉੱਤੇ ਜ਼ੁਲਮ ਤੇ ਜਬਰ ਦਾ ਵਿਰੋਧ ਕਰਦਿਆਂ ਦੁਸ਼ਮਣਾਂ ਨਾਲ ਲੋਹਾ ਲੈਣ ਅਤੇ ਕੁਰਬਾਨੀਆਂ ਦੇਣ ਦਾ ਸਿਲਸਿਲਾ ਬਰਕਰਾਰ ਰੱਖਿਆ ਹੋਇਆ ਹੈ।

ਦਿ ਬਲੈਕ ਪ੍ਰਿੰਸ' ਦੇ ਨਿਰਦੇਸ਼ਕ ਕਵੀ ਰਾਜ਼ ਨੇ ਯੂਨੀਗਲੋਬ ਐਂਟਰਟੇਨਮੈਂਟ ਨਾਲ ਸਹਿਯੋਗ ਉੱਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸਿੱਖ ਵਿਰਸੇ ਨੂੰ ਦਰਸਾਉਂਦੀ ਇਸ ਫਿਲਮ ਨੂੰ ਵਿਸਾਖੀ ਮੌਕੇ ਆਨ ਲਾਈਨ ਤੇ ਡੀਵੀਡੀ ਰਿਲੀਜ ਕਰਨਾ ਬੜਾ ਢੁਕਵਾਂ ਸਮਾਂ ਹੈ। ਇਸ ਮੌਕੇ ਸਿੱਖ ਅਪਣੇ ਯੋਧਿਆਂ ਦੀਆਂ ਘਾਲਨਾਵਾਂ ਦੇ ਜਸ਼ਨ ਮਨਾਉਂਦੇ ਹਨ ਤੇ ਇਹੋ ਕਾਰਜ ਦਿ ਬਲੈਕ ਪ੍ਰਿੰਸ' ਕਰਦੀ ਹੈ। ਐਗਜੀਕਿਊਟਿਵ ਪ੍ਰੋਡਿਊਸਰ ਜਸਜੀਤ ਸਿੰਘ ਦਾ ਕਹਿਣਾ ਹੈ ਕਿ ਮੇਰਾ ਯਤਨ ਇਸ ਇਤਿਹਾਸਕ ਕਹਾਣੀ ਨੂੰ ਸਾਡੇ ਬੱਚਿਆਂ ਤੱਕ ਵੱਡੀ ਪੱਧਰ ਉੱਤੇ ਪਹੁੰਚਾਉਣ,ਦੱਸਣ ਅਤੇ ਸੁਣਾਉਣ ਦਾ ਹੈ ਤਾਂ ਕਿ ਉਹ ਅਪਣੀ ਕੌਮ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੇ ਸੰਘਰਸ਼ ਤੋਂ ਪ੍ਰੇਰਨਾ ਲੈ ਕੇ ਅਪਣੇ ਭਵਿੱਖ ਪ੍ਰਤੀ ਸੁਚੇਤ ਹੋਣ। ਸਾਨੂੰ ਅਹਿਸਾਸ ਹੋਣਾ ਚਾਹੀਦਾ ਹੈ ਕਿ ਸਿੱਖ ਰਾਜ ਦੀ ਬਹਾਲੀ ਲਈ ਮਹਾਰਾਜਾ ਦਲੀਪ ਸਿੰਘ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਉੱਸ ਵੇਲੇ ਸਿੱਖਾਂ ਦਾ ਕੀ ਹੁੰਗਾਰਾ ਤੇ ਪ੍ਰਤੀਕਰਮ ਸੀ। ਉਸ ਵਲੋਂ ਆਰੰਭਿਆ ਯਤਨ ਗਦਰ ਲਹਿਰ ਦੇ ਰੂਪ ਵਿੱਚ ਉਭਰ ਕੇ ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਸਿੱਖਾਂ ਦੀਆਂ ਅਥਾਹ ਕੁਰਬਾਨੀਆਂ ਅਤੇ ਵੱਡੇ ਯੋਗਦਾਨ ਵਜੋਂ ਸਾਹਮਣੇ ਆਇਆ। ਦੁੱਖ ਇਸ ਗੱਲ ਦਾ ਹੈ ਕਿ ਇਸ ਸਾਰਾ ਚੈਪਟਰ ਭਾਰਤੀ ਇਤਿਹਾਸ ਵਿਚੋਂ ਗੁੰਮ ਹੈ।

ਨਮਰਤਾ ਗੁਜਰਾਲ ਨੇ ਆਸ ਪ੍ਰਗਟਾਈ ਹੈ ਕਿ ਵਿਸ਼ਵ ਭਰ ਵਿੱਚ ਸਿੱਖ 10 ਅਪਰੈਲ ਨੂੰ ਦਿ ਬਲੈਕ ਪ੍ਰਿੰਸ' ਦੇ ਆਨ ਲਾਈਨ ਤੇ ਡਿਜੀਟਲ ਤੌਰ ਉੱਤੇ ਰਿਲੀਜ ਕੀਤੇ ਜਾਣ ਨੂੰ ਤਕੜਾ ਹੁੰਗਾਰਾ ਦੇ ਕੇ ਸਿੱਖ ਇਤਿਹਾਸ ਦੇ ਅਹਿਮ ਦਸਤਾਵੇਜ ਦੀ ਕਦਰ ਪਾਉਣਗੇ। ਫਿਰਦੌਂਸ ਪ੍ਰੋਡੱਕਸ਼ਨਜ ਅਤੇ ਬ੍ਰਿਟਿਸ਼ ਐਂਟਰਟੇਨਮੈਂਟ ਪਾਰਟਨਰਜ਼ ਹਾਲੀਵੁੱਡ ਵਲੋਂ ਸਾਂਝੇ ਤੌਰ ਉੱਤੇ ਬਣਾਈ ਦਿ ਬਲੈਕ ਪ੍ਰਿੰਸ' ਦੇ ਹਿੰਦੀ ਤੇ ਪੰਜਾਬੀ ਰੂਪਾਂ ਨੂੰ ਭਾਰਤ ਵਿੱਚ ਉੱਘੀ ਕੰਪਨੀ ਸਾਗਾ ਨੇ ਰਿਲੀਜ਼ ਕੀਤਾ ਸੀ।

ਦਿ ਬਲੈਕ ਪ੍ਰਿੰਸ' ਡਿਜੀਟਲ ਤੇ ਡੀਵੀਡੀ ਰੂਪ ਵਿੱਚ 10 ਅਪਰੈਲ 2018 ਤੋਂ ਪਹਿਲਾਂ ਕੀਤੇ ਆਰਡਰਾਂ ਅਨੁਸਾਰ ਪ੍ਰਾਪਤ ਕੀਤੀ ਜਾ ਸਕੇਗੀ। ਇਹ ਫਿਲਮ Amazon, ITunes,Google Play, FandangoNow, Sony Play Station Microsoft Xbox ਦੇ ਜਰੀਏ ਮਿਲ ਸਕੇਗੀ। ਦਿ ਬਲੈਕ ਪ੍ਰਿੰਸ' ਦੀ ਡੀਵੀਡੀ Amazon ਡੀਵੀਡੀ ਅਤੇ ਫਿਲਮ ਦੀ ਵੈਬਸਾਈਟ www.TheBlackPrince.com ਰਾਹੀਂ ਵੰਡੀ ਜਾਵੇਗੀ।

ਹੋਰ ਜਾਣਕਾਰੀ ਲਈ ਸੰਪਰਕ ਕਰੋ:

Sterling Media

Tel: +44 20 7801 0077

Email: theblackprince@sterlingmedia.co.uk

## ਬਦਲਾਖੋਰੀ ਦੀ ਥਾਂ ਸਾਡਾ ਨਿਸ਼ਾਨਾ ਬਦਲਾਅ ਦਾ ਹੈ: ਕੈਪਟਨ

ਗੁੱਥੀ ਸੁਲਝਾ ਕੇ ਅਤਿਵਾਦੀਆਂ ਨੂੰ ਹੀ ਨਹੀਂ ਫੜਿਆ ਸਗੋਂ 707 ਗੈਂਗਸਟਰਾਂ ਨੂੰ ਵੀ ਕਾਬੂ ਕੀਤਾ ਹੈ। ਮੁੱਖ ਮੰਤਰੀ ਨੇ 'ਗੈਂਗਸਟਰਾਂ' ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜਾਂ ਤਾਂ ਆਤਮ ਸਮਰਪਣ ਕਰ ਦਿਉ ਜਾਂ ਫਿਰ ਕਾਰਵਾਈ ਲਈ ਤਿਆਰ ਰਹੋ। ਅਕਾਲੀ ਦਲ ਦੀਆਂ ਪੋਲ ਖੋਲ੍ਹ ਰੈਲੀਆਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਜੇ ਸਰਕਾਰ ਅਕਾਲੀਆਂ ਦੀ ਪੋਲ ਖੋਲ੍ਹਣ 'ਤੇ ਆ ਗਈ ਤਾਂ ਬਹੁਤ ਕੁਝ ਖੁੱਲ੍ਹ ਜਾਵੇਗਾ। ਜਾਂਚ ਕਮਿਸ਼ਨਾਂ ਦੀ ਗੱਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਸਟਿਸ (ਸੇਵਾਮੁਕਤ) ਮਹਿਤਾਬ ਸਿੰਘ ਗਿੱਲ ਦੀ ਅਗਵਾਈ ਹੇਠਲੇ ਕਮਿਸ਼ਨ ਦੀਆਂ ਰਿਪੋਰਟਾਂ ਮੁਤਾਬਕ ਕਾਰਵਾਈ ਕੀਤੀ ਜਾ ਚੁੱਕੀ ਹੈ ਤੇ ਜਸਟਿਸ (ਸੇਵਾਮੁਕਤ) ਰਣਜੀਤ ਸਿੰਘ ਦੀ ਰਿਪੋਰਟ ਮੁਤਾਬਕ ਬੇਅਦਬੀ ਮਾਮਲਿਆਂ ਦੀਆਂ ਰਿਪੋਰਟਾਂ 'ਤੇ ਵੀ ਕਾਰਵਾਈ ਕੀਤੀ ਜਾਵੇਗੀ। ਵਿਕਾਸ ਕਰ ਲਾਉਣ ਦੀ ਪੈਰਵੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਭਲੇ ਲਈ ਹੋਰ ਵੀ ਸਖ਼ਤ ਫੈਸਲੇ ਲੈਣੇ ਪੈਣਗੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੁਫ਼ਤ ਬਿਜਲੀ ਹਰ ਹਾਲ ਜਾਰੀ ਰਹੇਗੀ ਤੇ ਜਿਹੜੇ ਮੀਟਰ ਲਾਏ ਜਾ ਰਹੇ ਹਨ ਉਹ ਮਹਿਜ਼ ਜ਼ਮੀਨ ਹੇਠਲੇ ਪਾਣੀ ਦੀ ਵਰਤੋਂ ਚੈੱਕ ਕਰਨ ਲਈ ਹੀ ਲਾਏ ਜਾ ਰਹੇ ਹਨ।

ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਨੂੰ 9500 ਕਰੋੜ ਰੁਪਏ ਦੀ ਕਰਜ਼ਾ ਰਾਹਤ ਦੇਣ ਦਾ ਐਲਾਨ ਕੀਤਾ ਗਿਆ ਹੈ ਤੇ ਇਸ ਵਾਅਦੇ ਨੂੰ ਹਰ ਹਾਲ ਪੂਰਾ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਪੰਜਾਬ ਦੇ ਦਰਿਆਈ ਪਾਣੀਆਂ ਦੇ ਮੁੱਦੇ 'ਤੇ ਹਰਿਆਣਾ ਰਾਜ ਨੂੰ ਹੱਕ ਛੱਡਣ ਦੀ ਸਲਾਹ ਦਿੰਦਿਆਂ ਕਿਹਾ ਕਿ ਹਰਿਆਣਾ ਕੋਲ ਸ਼ਾਰਦਾ ਤੇ ਯਮੁਨਾ ਨਦੀਆਂ ਦਾ ਪਾਣੀ ਮਿਲਣ ਤੋਂ ਬਾਅਦ ਪੰਜਾਬ ਨਾਲੋਂ ਵੀ ਜ਼ਿਆਦਾ ਪਾਣੀ ਹੋਵੇਗਾ ਤੇ ਪੰਜਾਬ ਨਾਲੋਂ ਜ਼ਮੀਨ ਵੀ ਘੱਟ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਨੂੰ ਹੱਕ ਛੱਡਣਾ ਚਾਹੀਦਾ ਹੈ ਕਿਉਂਕਿ ਪੰਜਾਬ ਕੋਲ ਇੱਕ ਬੂੰਦ ਵੀ ਫਾਲਤੂ ਪਾਣੀ ਨਹੀਂ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਟਰੱਕ ਯੂਨੀਅਨਾਂ ਦੀ ਸੂਬੇ ਵਿੱਚ ਜੁੱਟਬੰਦੀ 'ਤੇ ਪਹਿਲਾਂ ਹੀ ਪਾਬੰਦੀ ਲਾ ਦਿੱਤੀ ਹੈ ਅਤੇ ਇਸ ਤੋਂ ਇਲਾਵਾ ਨਵੀਂ ਪੰਜਾਬ ਟਰਾਂਸਪੋਰਟ ਸਕੀਮ 2018 ਨੋਟੀਫਾਈ ਕਰ ਦਿੱਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਹਿਲੇ ਸਾਲ ਸਿਸਟਮ ਨੂੰ ਮੁੜ ਢਾਂਚਾਗਤ ਕੀਤਾ ਹੈ। ਨਵੀਆਂ ਨੀਤੀਆਂ ਅਤੇ ਪ੍ਰੋਗਰਾਮ ਤਿਆਰ ਕੀਤੇ ਹਨ।

## ਕੈਪਟਨ ਕਹਿੰਦਾ: ਵਿਕਾਸਮੁਖੀ ਬੱਜਟ

ਸਰਕਾਰ ਨੇ ਵਾਅਦੇ ਮੁਤਾਬਕ ਕਿਸਾਨਾਂ ਨੂੰ ਕਰਜ਼ਾ ਮੁਕਤ ਕਰਨ ਲਈ ਕੋਈ ਅਹਿਮ ਕਦਮ ਨਹੀਂ ਚੁੱਕਿਆ ਤੇ ਕੇਵਲ ਫ਼ਸਲੀ ਕਰਜ਼ੇ ਦੀ ਮੁਆਫੀ ਤਕ ਹੀ ਸੀਮਤ ਕਰ ਲਿਆ ਹੈ। ਸਰਕਾਰ ਨੇ ਭਾਵੇਂ ਇਸ ਵਾਰ ਦੇ ਬਜਟ ਵਿਚ ਕਰਜ਼ਾ ਮੁਆਫੀ ਲਈ 4500 ਕਰੋੜ ਰੱਖੇ ਹਨ ਪਰ ਇਸ ਨੇ ਨਾ ਕਰਜ਼ਾ ਮੁਆਫ ਕਰਨਾ ਹੈ ਤੇ ਨਾ ਹੀ ਕਿਸਾਨਾਂ ਨੂੰ ਵਾਜਬ ਭਾਅ ਦਿਵਾਉਣ ਤੇ ਦੇਣ ਲਈ ਕੁਝ ਕਰਨਾ ਹੈ। ਆਈ.ਡੀ.ਸੀ. ਦੇ ਡਾਇਰੈਕਟਰ ਡਾ. ਪ੍ਰਮੋਦ ਨੇ ਕਿਹਾ ਕਿ ਦੋ ਸੌ ਰੁਪਏ ਟੈਕਸ ਲਾਉਣ ਨਾਲ ਨੌਕਰੀਪੇਸ਼ਾ ਲੋਕਾਂ ਨੂੰ ਛੱਡ ਕੇ ਹੋਰ ਲੋਕ ਚੰਡੀਗੜ੍ਹ ਤੋਂ ਰਿਟਰਨਾਂ ਭਰਨੀਆਂ ਸ਼ੁਰੂ ਕਰ ਦੇਣਗੇ ਤੇ ਇਸ ਨਾਲ ਹੇਰਾਫੇਰੀ ਦਾ ਇਕ ਹੋਰ ਰਸਤਾ ਖੁੱਲ੍ਹ ਜਾਵੇਗਾ। ਪ੍ਰੋ. ਰਣਜੀਤ ਸਿੰਘ ਘੁੰਮਣ ਨੇ ਕਿਹਾ ਕਿ ਸਰਕਾਰ ਨੂੰ ਸੂਬੇ ਦੀ ਵਿੱਤੀ ਹਾਲਤ ਸੁਧਾਰਨ ਲਈ ਆਮਦਨ ਦੇ ਹੋਰ ਸਾਧਨ ਜੁਟਾਉਣ ਲਈ ਕਦਮ ਚੁੱਕਣੇ ਚਾਹੀਦੇ ਸਨ।

## ਕੈਪਟਨ ਸਰਕਾਰ ਦੇ ਕਾਲੇ ਕਾਰਨਾਮਿਆਂ ਦਾ ਚਿੱਟਾ ਚਿੱਠਾਂ: ਵੱਡਾ ਬਾਦਲ

ਸਾਰੇ ਵਾਅਦਿਆਂ ਤੋਂ ਮੁੱਕਰ ਚੁੱਕੀ ਹੈ। ਇਸ ਨੇ ਕਿਸਾਨਾਂ ਦੀ 90 ਹਜ਼ਾਰ ਕਰੋੜ ਰੁਪਏ ਦੀ ਕਰਜ਼ਾ-ਮੁਆਫੀ ਦੇ ਵਾਅਦੇ ਤੋਂ ਮੁੱਕਰ ਉਨ੍ਹਾਂ ਦੀ ਪਿੱਠ ਵਿਚ 'ਛੁਰਾ' ਮਾਰਿਆ ਹੈ।

ਭਾਜਪਾ ਪ੍ਰਧਾਨ ਵਿਜੈ ਸਾਂਪਲਾ ਨੇ ਵੀ ਬਜਟ ਨੂੰ ਦਿਸ਼ਾਹੀਣ, ਲੋਕ ਵਿਰੋਧੀ, ਲੋਕ ਮਾਰੂ ਅਤੇ ਗੁਮਰਾਹਕੁੰਨ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਟੈਕਸ ਅਦਾ ਕਰਨ ਵਾਲਾ ਪਹਿਲਾਂ ਹੀ 18 ਫ਼ੀਸਦੀ ਜੀਐਸਟੀ ਤੇ 5 ਤੋਂ 30 ਫੀਸਦੀ ਆਮਦਨ ਕਰ ਤੋਂ ਇਲਾਵਾ ਸਰਚਾਰਜ ਦੇ ਰਿਹਾ ਹੈ ਪਰ ਸਰਕਾਰ ਨੇ 2400 ਰੁਪਏ ਸਾਲਾਨਾ ਵਿਕਾਸ ਕਰ ਲਾ ਕੇ ਉਨ੍ਹਾਂ 'ਤੇ ਭਾਰ ਪਾਇਆ ਹੈ। ਉਨ੍ਹਾਂ ਕਿਹਾ ਕਿ ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਵਿਚ ਸਮਾਰਟ ਸਿਟੀ ਪ੍ਰੋਜੈਕਟ ਤਹਿਤ 500 ਕਰੋੜ ਰੁਪਏ ਰੱਖਣਾ ਇਕ ਮਜ਼ਾਕ ਵਾਲੀ ਗੱਲ ਹੈ। ਪਿਛਲੇ ਬਜਟ ਵਿਚ ਸਮਾਰਟ ਫੋਨ ਲਈ 10 ਕਰੋੜ ਰੁਪਏ ਰੱਖੇ ਸਨ ਪਰ ਕਿਸੇ ਨੂੰ ਫੋਨ ਨਹੀਂ ਦਿੱਤਾ। ਇਸ ਬਜਟ ਵਿਚ ਨਾ ਸਮਾਰਟ ਫੋਨ ਦੀ ਗੱਲ ਹੈ, ਨਾ 2500 ਰੁਪਏ ਬੇਰੁਜ਼ਗਾਰੀ ਭੱਤਾ ਦੇਣ ਦੀ।

## ਸਿੱਧੂ ਤੇ ਮਜੀਠੀਆ ਵਲੋਂ ਸਦਨ 'ਚ ਕਾਟੋ-ਕਲੇਸ਼

ਕਾਂਗਰਸ ਦੇ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਵਿਚਾਲੇ ਵੀ ਨੋਕ-ਝੋਕ ਹੋਈ। ਪ੍ਰਸ਼ਨ ਕਾਲ ਦੌਰਾਨ ਲੋਕ ਨਿਰਮਾਣ ਮੰਤਰੀ ਰਜ਼ੀਆ ਸੁਲਤਾਨ ਨੇ ਸਾਬਕਾ ਖ਼ਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦੇ ਇਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਅਕਾਲੀ ਸਰਕਾਰ ਨੇ ਤਾਂ 10 ਸਾਲ ਸੜਕਾਂ ਦਾ ਪੈਚ ਵਰਕ ਵੀ ਨਹੀਂ ਕਰਵਾਇਆ। ਜਲ ਸਪਲਾਈ ਮੰਤਰੀ ਤ੍ਰਿਪਤ ਰਾਜਿੰਦਰ ਬਾਜਵਾ ਨੇ ਵਿਧਾਇਕ ਸ੍ਰੀ ਮਜੀਠੀਆ ਦੇ ਸਵਾਲ ਦੇ ਜਵਾਬ ਵਿੱਚ ਦੱਸਿਆ ਕਿ ਜ਼ਿਲ੍ਹਾ ਅੰਮ੍ਰਿਤਸਰ 'ਚ 22,850 ਪਖਾਨਿਆਂ ਵਿੱਚੋਂ 10,090 ਤਿਆਰ ਹੋ ਗਏ ਹਨ ਅਤੇ ਬਲਾਕ ਮਜੀਠਾ ਵਿਚ ਸ਼ੁਰੂ ਕਰਵਾਏ 2056 ਪਖਾਨਿਆਂ ਵਿੱਚੋਂ 811 ਮੁਕੰਮਲ ਹੋ ਗਏ ਹਨ। ਵਿਧਾਇਕ ਸੁਰਜੀਤ ਸਿੰਘ ਧੀਮਾਨ ਦੇ ਸਵਾਲ ਦੇ ਜਵਾਬ ਵਿਚ ਮੰਤਰੀ ਨਵਜੋਤ ਸਿੱਧੂ ਨੇ ਦੱਸਿਆ ਕਿ ਦਿੜ੍ਹਬਾ ਦਾ ਸੀਵਰੇਜ ਦਾ ਕੰਮ ਪ੍ਰਗਤੀ ਅਧੀਨ ਹੈ। ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਦੇ ਸਵਾਲ ਦੇ ਜਵਾਬ ਵਿੱਚ ਮੰਤਰੀ ਸ੍ਰੀ ਬਾਜਵਾ ਨੇ ਦੱਸਿਆ ਕਿ ਪਿੰਡ ਕਿਸ਼ਨਪੁਰਾ (ਪਟਿਆਲਾ) ਮਾਰਚ 2019 ਤੋਂ ਨਵੇਂ ਵਾਟਰ ਵਰਕਸ ਨਾਲ ਜੋੜ ਦਿੱਤਾ ਜਾਵੇਗਾ। ਵਿਧਾਇਕ ਅਮਰਜੀਤ ਸਿੰਘ ਸੰਦੋਆ ਦੇ ਸਵਾਲ ਦੇ ਜਵਾਬ ਵਿਚ ਸਿੱਖਿਆ ਮੰਤਰੀ ਅਰੁਣਾ ਚੌਧਰੀ ਨੇ ਦੱਸਿਆ ਕਿ ਸਰਕਾਰੀ ਕਾਲਜ ਰੂਪ ਨਗਰ ਵਿਚਲੀਆਂ 70 ਅਸਾਮੀਆਂ ਵਿਚੋਂ 61 ਅਸਾਮੀਆਂ ਭਰੀਆਂ ਹਨ ਅਤੇ ਬਾਕੀ 9 ਖਾਲੀ ਅਸਾਮੀਆਂ ਭਰਨ ਉਪਰ ਹਾਈਕੋਰਟ ਨੇ ਰੋਕ ਲਾਈ ਹੈ।

## ਪੰਜਾਬ ਦੇ ਨਵੇਂ ਬੱਜਟ 'ਚ 12539 ਕਰੋੜ ਰੁਪਏ ਦਾ ਘਾਟਾ

ਬਰਿੱਜ ਬਣਾਏ ਜਾਣਗੇ। ਜਦੋਂ ਕਿ ਢੱਕੀ, ਮੰਡੀ ਗੋਬਿੰਦਗੜ੍ਹ, ਮਲੇਰਕੋਟਲਾ, ਦੀਨਾਨਗਰ, ਜਲੰਧਰ 'ਚ ਰੇਲਵੇ ਓਵਰ ਬਰਿੱਜ ਬਣਨਗੇ ਤੇ ਤਲਵਾੜਾ ਜੱਟਾਂ (ਪਠਾਨਕੋਟ) ਵਿੱਚ ਹਾਈ ਲੈਵਲ ਬਰਿੱਜਾਂ ਦੀ ਉਸਾਰੀ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਫਿਰੋਜ਼ਪੁਰ ਅਤੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਤਲੁਜ ਦਰਿਆ ਉੱਤੇ ਪੁਲਾਂ ਦੀ ਉਸਾਰੀ ਲਈ ਵੀ ਬਜਟ ਵਿੱਚ ਪੈਸਾ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਾਲ 2018-19 ਦੌਰਾਨ 7000 ਕਿਸਾਨਾਂ ਦੀ ਸਹਾਇਤਾ ਅਤੇ 10000 ਏਕੜ ਕਾਸ਼ਤਯੋਗ ਰਕਬੇ ਨੂੰ ਫ਼ਸਲੀ ਵਿਭਿੰਨਤਾ ਅਧੀਨ ਲਿਆਉਣ ਦਾ ਉਦੇਸ਼ ਹੈ।

ਵਿੱਤ ਮੰਤਰੀ ਨੇ ਦੱਸਿਆ ਕਿ ਸਾਲ 2019 ਦੌਰਾਨ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਮਾਗਮਾਂ ਦੀਆਂ ਤਿਆਰੀਆਂ ਲਈ ਸਾਲ 2018-19 ਦੇ ਬਜਟ ਵਿੱਚ 100 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ, ਜਿਨ੍ਹਾਂ ਵਿੱਚ ਸੁਲਤਾਨਪੁਰ ਲੋਧੀ ਲਈ 10 ਕਰੋੜ ਰੁਪਏ ਅਤੇ ਡੇਰਾ ਬਾਬਾ ਨਾਨਕ ਲਈ 10 ਕਰੋੜ ਰੁਪਏ ਦੀ ਵਿਸ਼ੇਸ਼ ਗਰਾਂਟ ਦਿੱਤੀ ਜਾਵੇਗੀ। ਬੇਅੰਤ ਸਿੰਘ ਦੀ ਯਾਦਗਾਰ ਲਈ ਵੀ 2 ਕਰੋੜ ਰੁਪਏ ਤੇ ਸਾਰਾਗੜ੍ਹੀ ਦੀ ਯਾਦਗਾਰ ਲਈ 1 ਕਰੋੜ ਰੁਪਏ ਰੱਖੇ ਗਏ ਹਨ। ਬਜਟ ਵਿੱਚ ਜ਼ਿਆਦਤਰ ਉਨ੍ਹਾਂ ਯੋਜਨਾਵਾਂ ਨੂੰ ਪ੍ਰਚਾਰਿਆ ਗਿਆ ਹੈ ਜੋ ਕਈ ਸਾਲਾਂ ਤੋਂ ਚੱਲ ਰਹੀਆਂ ਹਨ।

ਮਨਪ੍ਰੀਤ ਸਿੰਘ ਬਾਦਲ ਦਾ ਦੱਸਣਾ ਹੈ ਕਿ ਸਾਲ 2018-19 ਲਈ ਕੁਲ ਬਜਟ 129698 ਕਰੋੜ ਰੁਪਏ ਹੈ ਪਰ ਅਸਲ ਆਕਾਰ 10 2198 ਕਰੋੜ (ਕਰੀਬ1022 ਅਰਬ) ਰੁਪਏ ਹੈ ਕਿਉਂ ਜੋ ਇਸ ਰਕਮ ਵਿੱਚ ਮੌਜੂਦ ਉਪਾਅ ਤੇ ਸਾਧਨ ਲੈਣ-ਦੇਣ ਲਈ 27500 ਕਰੋੜ ਰੁਪਏ ਦਾ ਬਜਟ ਉਪਬੰਧ ਸ਼ਾਮਲ ਹੈ। ਕੁਲ ਪ੍ਰਾਪਤੀਆਂ 122923 ਕਰੋੜ ਰੁਪਏ ਹੋ ਜਾਣ ਦੀ ਆਸ ਹੈ। ਇਸ ਸਾਲ ਦੀਆਂ ਤਜਵੀਜ਼ਾਂ ਵਿੱਚ ਰਾਜ ਦਾ ਮਾਲੀ ਖ਼ਰਚ ਸਾਲ 2016-17 ਵਿੱਚ 55,296 ਕਰੋੜ ਰੁਪਏ ਤੋਂ ਵਧ ਕੇ ਸਾਲ 2017-18 ਵਿੱਚ (ਸੋਧੇ ਅਨੁਮਾਨ) 71182 ਕਰੋੜ ਰੁਪਏ ਹੋ ਗਿਆ ਹੈ ਜੋ ਕਿ 29 ਫ਼ੀਸਦ ਦਾ ਵਾਧਾ ਦਰਸਾਉਂਦਾ ਹੈ। ਇਸੇ ਸਮੇਂ ਦੌਰਾਨ ਤਨਖਾਹਾਂ, ਉਜਰਤਾਂ ਅਤੇ ਸਹਾਇਤਾ ਰਾਸ਼ੀਆਂ ਉਪਰਲਾ ਖ਼ਰਚ 21729 ਕਰੋੜ ਰੁਪਏ ਤੋਂ ਵਧ ਕੇ 24938 ਕਰੋੜ ਰੁਪਏ ਜੋ ਕਿ 15 ਫ਼ੀਸਦ ਦਾ ਵਾਧਾ ਹੈ ਅਤੇ ਪੈਨਸ਼ਨਾਂ ਉਪਰਲਾ ਖ਼ਰਚ 8773 ਕਰੋੜ ਤੋਂ ਵਧ ਕੇ 9469 ਕਰੋੜ ਰੁਪਏ ਹੋ ਗਿਆ ਹੈ ਜੋ ਕਿ 8 ਫ਼ੀਸਦ ਦਾ ਵਾਧਾ ਹੈ। ਇਸ ਲਈ ਤਨਖਾਹਾਂ ਅਤੇ ਉਜਰਤਾਂ (ਸਹਾਇਤਾ ਰਾਸ਼ੀ ਸਮੇਤ) ਅਤੇ ਕਰਮਚਾਰੀਆਂ/ਰਿਟਾਇਰੀਆਂ ਨੂੰ ਪੈਨਸ਼ਨਾਂ ਉਪਰਲਾ ਖ਼ਰਚ 13 ਫ਼ੀਸਦ ਵਧ ਗਿਆ ਹੈ। ਵਿਆਜ ਅਦਾਇਗੀਆਂ ਦਾ ਖ਼ਰਚ 11642 ਕਰੋੜ ਰੁਪਏ ਤੋਂ ਵਧ ਕੇ 15175 ਕਰੋੜ ਰੁਪਏ ਹੋ ਗਿਆ ਹੈ ਜੋ ਕਿ 30 ਫ਼ੀਸਦ ਦਾ ਵਾਧਾ ਦਰਸਾਉਂਦਾ ਹੈ। ਇਨ੍ਹਾਂ ਦੇਣਦਾਰੀਆਂ ਉਪਰਲਾ ਕੁੱਲ ਮਾਲੀ ਖ਼ਰਚ ਸਾਲ 2017-18 ਦੀਆਂ ਕੁਲ ਮਾਲੀ ਪ੍ਰਾਪਤੀਆਂ ਦਾ 87 ਫ਼ੀਸਦ ਹੈ ਤੇ ਵਿਕਾਸ ਲਈ ਪੈਸਾ ਹੀ ਨਹੀਂ ਬਚਦਾ।

## ਵੀਡੀ ਸਾਵਰਕਰ ਦੀ ਪਟੀਸ਼ਨ

ਮੌਲਿਕ ਅਧਿਕਾਰ ਹੈ। ਅਜਿਹੇ ਸਮੇਂ ਵਿਚ ਜਦ ਇਕ ਪਾਸੇ ਇੱਥੇ ਸਿਰਫ ਵੀਹ ਰਾਜਨੀਤਕ ਬੰਦੀ ਹਨ, ਜੋ ਜਵਾਨ, ਸਰਗਰਮ ਤੇ ਬੇਚੈਨ ਹਨ ਤੇ ਦੂਸਰੇ ਪਾਸੇ ਬੰਦੀ ਬਸਤੀ ਦੇ ਨਿਯਮ ਕਾਨੂੰਨ ਹਨ, ਜੋ ਵਿਚਾਰ ਤੇ ਪ੍ਰਗਟਾਵੇ ਦੀ ਅਜ਼ਾਦੀ ਨੂੰ ਹੇਠਲੇ ਸੰਭਵ ਪੱਧਰ ਤੱਕ ਕੁਚਲਣ ਵਾਲੇ ਹਨ। ਜੇਕਰ ਅਜਿਹੇ ਜ਼ੁਰਮਾਂ ਦੇ ਲਈ ਸਾਰੇ ਦੋਸ਼ੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਵੇ ਤਾਂ ਬਾਹਰ ਨਿਕਲਣ ਦੀ ਕੋਈ ਉਮੀਦ ਮੈਨੂੰ ਨਜ਼ਰ ਨਹੀਂ ਆਉਂਦੀ।

ਅੰਤ ਵਿਚ ਹਜ਼ੂਰ ਮੈਂ ਤੁਹਾਨੂੰ ਫਿਰ ਤੋਂ ਯਾਦ ਦਿਵਾਉਣਾ ਚਾਹੁੰਦਾ ਹਾਂ ਕਿ ਤੁਸੀਂ ਦਿਆ ਦਿਖਾਉਂਦੇਂ ਏ, ਸਜ਼ਾ ਮਾਫੀ ਦੀ ਮੇਰੀ 1911 ਵਿਚ ਭੇਜੀ ਗਈ ਪਟੀਸ਼ਨ 'ਤੇ ਪੁਨਰ ਵਿਚਾਰ ਕਰੋ ਤੇ ਭਾਰਤ ਸਰਕਾਰ ਨੂੰ ਫਾਰਵਰਡ ਕਰਨ ਦੀ ਕ੍ਰਿਪਾ ਕਰੋ।

ਭਾਰਤੀ ਰਾਜਨੀਤੀ ਦੇ ਤਾਜ਼ਾ ਘਟਨਾਵਾਂ ਤੇ ਸਭ ਨੂੰ ਨਾਲ ਲੈ ਕੇ ਚੱਲਣ ਦੀ ਸਰਕਾਰ ਦੀਆਂ ਨੀਤੀਆਂ ਨੇ ਸੰਵਿਧਾਨਵਾਦੀ ਰਸਤੇ ਨੂੰ ਇਕ ਵਾਰ ਫਿਰ ਖੋਲ੍ਹ ਦਿੱਤਾ ਹੈ। ਹੁਣ ਭਾਰਤ ਤੇ ਮਾਨਵਤਾ ਦੀ ਭਲਾਈ ਨੂੰ ਚਾਹੁਣ ਵਾਲਾ ਕੋਈ ਵਿਅਕਤੀ ਅੰਨ੍ਹਾ ਹੋ ਕੇ ਉਨ੍ਹਾਂ ਕੰਡਿਆਂ ਨਾਲ ਭਰੀਆਂ ਰਾਹਾਂ 'ਤੇ ਨਹੀਂ ਚੱਲੇਗਾ। ਜਦ ਕਿ 1906-07 ਦੀ ਨਾ-ਉਮੀਦੀ ਤੇ ਉਤੇਜਨਾ ਨਾਲ ਭਰੇ ਵਾਤਾਵਰਨ ਨੇ ਸਾਨੂੰ ਸ਼ਾਂਤੀ ਤੇ ਤਰੱਕੀ ਦੇ ਰਸਤੇ ਤੋਂ ਭਟਕਾ ਦਿੱਤਾ ਹੈ। ਇਸ ਲਈ ਜੇਕਰ ਸਰਕਾਰ ਆਪਣੀ ਅਸੀਮ ਕ੍ਰਿਪਾ ਕਰਕੇ ਤੇ ਦਿਆ ਦਿਖਾ ਕੇ ਮੈਨੂੰ ਰਿਹਾਅ ਕਰਦੀ ਹੈ ਤਾਂ ਮੈਂ ਤੁਹਾਨੂੰ ਯਕੀਨ ਦਿਵਾਉਂਦਾ ਾਂ ਕਿ ਮੈਂ ਸੰਵਿਧਾਨਵਾਦੀ ਵਿਕਾਸ ਦਾ ਸਭ ਤੋਂ ਕੱਟੜ ਸਮਰੱਥਕ ਰਹਾਂਗਾ ਤੇ ਅੰਗਰੇਜ਼ੀ ਸਰਕਾਰ ਦੇ ਪ੍ਰਤੀ ਵਫ਼ਾਦਾਰ ਰਹਾਂਗਾ, ਜੋ ਵਿਕਾਸ ਦੀ ਸਭ ਤੋਂ ਪਹਿਲੀ ਸ਼ਰਤ ਹੈ।

ਜਦ ਤੱਕ ਅਸੀਂ ਜੇਲ੍ਹ ਵਿਚ ਹਾਂ, ਤਦ ਤੱਕ ਸੈਂਕੜੇ ਹਜ਼ਾਰਾਂ ਵਫ਼ਾਦਾਰ ਪ੍ਰਜਾ ਦੇ ਘਰਾਂ ਵਿਚ ਅਸਲੀ ਖੁਸ਼ੀ ਦਾ ਸੁੱਖ ਨਹੀਂ ਆ ਸਕਦਾ, ਕਿਉਂਕਿ ਖ਼ੂਨ ਦੇ ਰਿਸ਼ਤੇ ਤੋਂ ਵੱਡਾ ਕੋਈ ਰਿਸ਼ਤਾ ਨਹੀਂ ਹੁੰਦਾ। ਜੇਕਰ ਸਾਨੂੰ ਰਿਹਾਅ ਕਰ ਦਿੱਤਾ ਜਾਂਦਾ ਹੈ ਤੇ ਲੋਕ ਖੁਸ਼ੀ ਦੇ ਨਾਲ ਸਰਕਾਰ ਦੇ ਪੱਖ ਵਿਚ ਜੋ ਸਜ਼ਾ ਦੇਣ ਤੇ ਬਦਲਾ ਲੈਣ ਤੋਂ ਜ਼ਿਆਦਾ ਮਾਫ ਕਰਨਾ ਤੇ ਸੁਧਾਰਨਾ ਚਾਹੁੰਦੀ ਹੈ, ਨਾਅਰੇ ਲਗਾਉਣਗੇ।

ਇਸ ਤੋਂ ਵੀ ਵਧ ਕੇ ਸੰਵਿਧਾਨਵਾਦੀ ਰਸਤੇ ਵਿਚ ਮੇਰਾ ਧਰਮ ਪਰਿਵਰਤਨ ਭਾਰਤ ਤੇ ਭਾਰਤ ਤੋਂ ਰਹਿ ਰਹੇ ਉਨ੍ਹਾਂ ਸਾਰੇ ਭਟਕੇ ਨੌਜਵਾਨਾਂ ਨੂੰ ਸਹੀ ਰਸਤੇ 'ਤੇ ਲਿਆਵੇਗਾ, ਜੋ ਕਦੇ ਮੈਨੂੰ ਆਪਣੇ ਮਾਰਗ ਦਰਸ਼ਕ ਤੌਰ 'ਤੇ ਦੇਖਦੇ ਸਨ। ਮੈਂ ਭਾਰਤ ਸਰਕਾਰ ਜਿਵੇਂ ਚਾਹੇ ਉਸ ਰੂਪ ਵਿਚ ਸੇਵਾ ਕਰਨ ਦੇ ਲਈ ਤਿਆਰ ਹਾਂ, ਕਿਉਂਕਿ ਮੇਰੇ ਵਰਗਾ ਇਹ ਰੁਪਾਂਤਰਨ ਅੰਤਰ ਆਤਮਾ ਦੀ ਪੁਕਾਰ ਹੈ। ਇਸੇ ਤਰ੍ਹਾਂ ਨਾਲ ਮੇਰੇ ਭਵਿੱਖ ਦਾ ਵਿਹਾਰ ਵੀ ਹੋਵੇਗਾ। ਮੈਨੂੰ ਜੇਲ੍ਹ ਵਿਚ ਰੱਖਣ ਨਾਲ ਤੁਹਾਨੂੰ ਹੋਣ ਵਾਲਾ ਫਾਇਦਾ ਮੈਨੂੰ ਜੇਲ੍ਹ ਵਿਚ ਰਿਹਾਅ ਕਰਨ ਨਾਲ ਹੋਣ ਵਾਲੇ ਫਾਇਦੇ ਦੀ ਤੁਲਨਾ ਵਿਚ ਕੁਝ ਵੀ ਨਹੀਂ ਹੈ।

ਜੋ ਤਾਕਤਵਰ ਹੈ, ਉਹੀ ਦਿਆਲੂ ਹੋ ਸਕਦਾ ਹੈ ਤੇ ਇਕ ਹੋਣਹਾਰ ਪੁੱਤਰ ਸਰਕਾਰ ਦੇ ਦਰਵਾਜ਼ੇ ਤੋਂ ਇਲਾਵਾ ਕਿਤੇ ਵੀ ਪਰਤ ਸਕਦਾ ਹੈ। ਆਸ ਹੈ ਕਿ ਹਜ਼ੂਰ ਮੇਰੀਆਂ ਪਟੀਸ਼ਨਾਂ 'ਤੇ ਹਮਦਰਦੀ ਨਾਲ ਵਿਚਾਰ ਕਰੋਗੇ।

(ਸਰੋਤ : ਆਰ ਸੀ ਮਜ਼ੂਮਦਾਰ ਪੀਨਲ ਸੈਂਟਲਮੈਂਟ ਇਨ ਦੀ ਅੰਡੇਮਾਨ ਪ੍ਰਕਾਸ਼ਨ ਵਿਭਾਗ, 1975)


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

**Classified**

**Nanny Babysitter needed**

We are looking for a long-term live in nanny to care for 6 month twin babies. Will provide CPR training if needed. Will provide shelter and food. Salary and hours of work are negotiable. Prefer someone with experience with infants.

Please contact me at

**(559) 448-6201 or**

**email: keenuu@hotmail.com**

**ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਧਿਆਨ ਹਿੱਤ**

**ਅੰਤਰਰਾਸ਼ਟਰੀ ਵਿਦਿਆਰਥੀਆਂ ਵਾਸਤੇ ਆਨ ਲਾਈਨ NCLEX ਕਲਾਸਾਂ**

**ਪੰਜਾਬੀ ਜਾਂ ਅੰਗਰੇਜੀ ਕਿਸੇ ਵੀ ਭਾਸ਼ਾ ਵਿਚ ਕਲਾਸਾਂ ਲਓ**

**ਸਮੇਂ ਦੀ ਕੋਈ ਪਾਬੰਦੀ ਨਹੀਂ, ਕਿਸੇ ਵੀ ਦਿਨ, ਕਿਸੇ ਵੀ ਟਾਈਮ**

ਹੋਰ ਜਾਣਕਾਰੀ ਲਈ ਸੰਪਰਕ ਕਰੋ :

ਈਮੇਲ: successonnclex@gmail.com

ਜਾਂ ਕਾਲ ਕਰੋ:

**612-849-5258**

**ATTENTION**

**International Students**

**Online NCLEX Classes for International Students**

**Available in English & Punjabi**

**Flexible Days and Time**

**For more information**

**Email: successonnclex@gmail.com**

**Call: 612-849-5258**

## ਪੰਜਾਬ ਦੀ ਰਾਜਨੀਤੀ ਦਾ ਇਕ ਅੰਦਾਜਾ

ਹੁੰਦਾ ਹੈ ਬੰਦੇ ਜਾਂ ਰਾਜਸੀ ਦਲ ਜਿੰਨੇ ਮਰਜੀ ਬਦਨਾਮ ਹੋਈ ਜਾਣ। ਜਦੋਂ ਕੋਈ ਵੱਖਰੀ ਪਛਾਣ ਰੱਖਣ ਵਾਲਾ ਰਾਜਸੀ ਦਲ ਵਿਕਾਸ, ਨਸ਼ੇ, ਬਦਮਾਸ਼ੀ ਜਾਂ ਭ੍ਰਿਸ਼ਟਾਚਾਰ ਦੇ ਮੁੱਦੇ ਦੀ ਰਾਜਨੀਤੀ ਕਰਦਾ ਹੈ ਤਾਂ ਉਹ ਆਪਣੀ ਵੱਖਰਤਾ ਦੀ ਜੜ੍ਹ ਆਪ ਹੀ ਪੁੱਟ ਰਿਹਾ ਹੁੰਦਾ ਹੈ। ਮੌਜੂਦਾ ਪੰਜਾਬ ਸਰਕਾਰ ਦੀਆਂ ਚਾਲਾਂ ਪਹਿਲੀਆਂ ਸਰਕਾਰਾਂ ਨਾਲੋਂ ਵੱਖਰੀਆਂ ਨਹੀਂ ਹਨ। ਇਕ ਦਲ ਵਲੋਂ ਦੂਜੇ ਦੀ ਨਿੰਦਿਆ ਨੇਤਾਵਾਂ ਜਾਂ ਉਹਨਾਂ ਦੇ ਕੁਝ ਪੱਕੇ ਹਿਮਾਇਤੀਆਂ ਦੀ ਮਨਪਸੰਦ ਖੇਡ ਹੋ ਸਕਦੀ ਹੈ। ਹੁਣ ਧੁਰ ਅਣਪੜ੍ਹਾਂ ਤੱਕ ਲੋਕ ਇਹ ਗੱਲ ਜਾਣ ਗਏ ਹਨ ਕਿ ਇਹਨਾਂ ਨੇਤਾਵਾਂ ਦਾ ਆਪਸੀ ਵਿਰੋਧ ਵਿਖਾਵੇ ਦਾ ਹੈ ਉਹ ਪੰਜਾਬ ਦੀ ਹਾਲਤ ਨੂੰ ਮਾੜਾ ਕਰਨ ਲਈ ਇਕ ਦੂਜੇ ਤੋਂ ਵੱਖਰੇ ਨਹੀਂ ਹਨ। ਪੰਜਾਬ ਦੇ ਮੌਜੂਦਾ ਹਾਲਾਤ ਦੀ ਜੜ੍ਹ ਇਸ ਗੱਲ ਵਿੱਚ ਪਈ ਹੈ ਕਿ ਰਾਜਸੀ ਦਲਾਂ ਦੇ ਮੁੱਦੇ ਕੇਂਦਰੀ ਹਕੂਮਤ ਦੀ ਸੇਧ ਅਨੁਸਾਰ ਬਦਲਦੇ ਜਾ ਰਹੇ ਹਨ।

ਕਿਸੇ ਵੇਲੇ ਅੰਗਰੇਜਾਂ ਨੇ ਸੜਕਾਂ, ਪਟੜੀਆਂ ਅਤੇ ਤਾਰਾਂ ਦੇ ਜਾਲ ਵਿਛਾ ਕੇ ਤਰੱਕੀ ਦੇ ਨਾਂ ਹੇਠ ਲੋਕਾਂ ਨੂੰ ਏਨਾ ਹੈਰਾਨ ਕਰ ਦਿੱਤਾ ਕਿ ਆਮ ਲੋਕ ਆਪਣੀ ਪਛਾਣ ਜਾਂ ਅਜਾਦੀ ਦਾ ਮਾਮਲਾ ਭੁੱਲ ਗਏ ਸਨ। ਹੁਣ ਪਿਛਲੀਆਂ ਚਾਰ ਕੇਂਦਰੀ ਸਰਕਾਰਾਂ ਨੇ ਸੜਕਾਂ ਨੂੰ ਚੌੜੀਆਂ ਲੰਮੀਆਂ ਕਰਨ ਅਤੇ ਅੰਗਰੇਜਾਂ ਵਾਂਗ ਤਾਰਾਂ ਵਿਛਾ ਕੇ ਤਰੱਕੀ ਕਰ ਦਿੱਤੀ ਹੈ। ਪੰਜਾਬ ਦੀਆਂ ਪਿਛਲੀਆਂ ਦੋ ਸਰਕਾਰਾਂ ਲਗਾਤਾਰ ਸੜਕਾਂ ਅਤੇ ਪੁੱਲਾਂ ਨੂੰ ਵਪਾਰੀਆਂ ਕੋਲ ਵੇਚ ਕੇ ਵੀ, ਤਰੱਕੀ ਦੀਆਂ ਤੀਆਂ ਮਨਾਉਂਦੀਆਂ ਰਹੀਆਂ ਹਨ। ਅੰਗਰੇਜਾਂ ਵੇਲੇ ਸੈਂਕੜੇ ਰਿਆਸਤਾਂ ਦਾ ਇਕ ਰਾਜ ਬਣਿਆ ਸੀ ਉਹ ਰਾਜ ਹੁਣ ਇਕ ਦੇਸ਼ ਬਣ ਰਿਹਾ ਹੈ। ਜੇ ਖੇਤਰੀ ਅਤੇ ਕੇਂਦਰੀ ਪੱਧਰ ਉੱਤੇ ਬੁਨਿਆਦੀ ਫਰਕਾਂ ਦੇ ਬਾਵਜੂਦ ਰਾਜਸੀ ਮੁੱਦੇ ਸਾਂਝੇ ਹੀ ਹੋਣ ਤਾਂ ਕੇਂਦਰੀ ਤਰੱਕੀ ਖੇਤਰੀ ਰੂਪ ਵਿੱਚ ਤਬਾਹੀ ਹੀ ਹੁੰਦੀ ਹੈ।

ਨਸ਼ੇ, ਭ੍ਰਿਸ਼ਟਾਚਾਰ ਅਤੇ ਬਦਮਾਸ਼ੀ ਕੌਮਾਂਤਰੀ ਮੁੱਦੇ ਹਨ। ਸਾਰੀਆਂ ਸਰਕਾਰਾਂ ਇਹਨਾਂ ਨੂੰ ਜਿਉਂਦਾ ਰਖਦੀਆਂ ਹਨ ਤਾਂਕਿ ਲੋਕਾਂ ਦੇ ਅਸਲ ਮਸਲੇ ਇਹਨਾਂ ਰਾਹੀਂ ਪੈਦਾ ਕੀਤੇ ਖੌਫ ਹੇਠ ਲੁਕੇ ਰਹਿਣ। ਮੀਡੀਏ ਲਈ ਤਾਜਾ ਖਬਰਾਂ ਦਾ ਚਾਰਾ ਵੀ ਏਥੋਂ ਹੀ ਪੈਦਾ ਹੁੰਦਾ ਹੈ। ਰਾਖੀ ਅਤੇ ਚੌਕਸੀ ਮਹਿਕਮਿਆਂ ਲਈ ਕਾਨੂੰਨੀ ਖੁੱਲ੍ਹਾਂ ਅਤੇ ਖੁੱਲ੍ਹੇ ਪੈਸੇ ਵੀ ਏਸੇ ਤਿਕੜਮ ਵਿਚੋਂ ਮਿਲਦੇ ਹਨ। ਰਾਜਨੀਤਕਾਂ ਲਈ ਦੂਸ਼ਣਬਾਜੀ ਅਤੇ ਦੂਜਿਆਂ ਨੂੰ ਵੱਸ ਕਰਨ ਦੇ ਸੌਖੇ ਰਾਹ ਵੀ ਨਸ਼ੇ, ਬਦਮਾਸ਼ੀ ਅਤੇ ਭ੍ਰਿਸ਼ਟਾਚਾਰ ਵਿਚੋਂ ਹੀ ਨਿਕਲਦੇ ਹਨ। ਜੇ ਪੰਜਾਬ ਵਿੱਚ ਇਹਨਾਂ ਮੁੱਦਿਆਂ ਨੂੰ ਮੁਖ ਰਾਜਸੀ ਮੁੱਦੇ ਬਣਾਉਣ ਦਾ ਚਲਣ ਸ਼ੁਰੂ ਹੁੰਦਾ ਹੈ ਤਾਂ ਪੰਥਕ ਰਾਜਨੀਤੀ ਦਾ ਨਾਮਧਰੀਕ ਖਾਤਾ ਵੀ ਬੰਦ ਹੋਏਗਾ ਅਤੇ ਛੇਤੀ ਹੀ ਪੰਜਾਬੀ ਰਾਜਨੀਤੀ ਦਾ ਖਾਤਮਾ ਵੀ ਹੋਏਗੀ ਅਤੇ ਨਿਰੋਲ ਕੇਂਦਰੀ ਮੁੱਦਿਆਂ ਦੀ ਰਾਜਨੀਤੀ ਰਹਿ ਜਾਏਗੀ। ਇਸ ਹਿਸਾਬ ਨਾਲ ਪੰਜਾਬ ਵਿੱਚ ਨਵੇਂ ਰਾਜਸੀ ਦਲ ਦੀ ਹੋਂਦ ਬਣੇਗੀ ਜੋ ਸੁਭਾਅ ਪੱਖੋਂ ਅਪੰਥਕ ਅਤੇ ਅਪੰਜਾਬੀ ਹੋਏਗਾ ਉਹਦਾ ਕਾਰਜ ਖੇਤਰ ਭਾਵੇਂ ਪੰਜਾਬ ਹੀ ਹੋਊ। ਕੇਜਰੀਵਾਲ ਦਾ ਮੁਆਫੀ ਮੰਗਣਾ ਇਹ ਸੰਕੇਤ ਵੀ ਹੋ ਸਕਦਾ ਹੇ ਕਿ ਉਹਦੀ ਜਥੇਬੰਦੀ ਪੰਜਾਬ ਵਿੱਚ ਰਾਜਸੀ ਧਿਰ ਬਣਨ ਨਾਲੋਂ ਕਿਸੇ ਨਵੀਂ ਧਿਰ ਲਈ ਥਾਂ ਪੈਦਾ ਕਰਨ ਲਈ ਰਾਜੀ ਹੈ। ਮੱਧ ਭਾਰਤ ਦੀ ਰਾਜਨੀਤੀ ਭਾਰਤੀ ਮੁੱਖਧਾਰਾ ਦੀ ਰਾਜਨੀਤੀ ਹੈ। ਇਸ ਕਰਕੇ ਉਹਦੇ ਨਾਲ ਨਿਭਣ ਲੱਗਿਆਂ ਵੱਖਰੀ ਪਛਾਣ ਦੀ ਰਾਜਨੀਤੀ ਵਾਲੇ ਖਿੱਤਿਆਂ ਵਿਚ ਸੱਤਾ ਨਹੀਂ ਮਾਣੀ ਜਾ ਸਕਦੀ। ਕੇਂਦਰ ਸਰਕਾਰ ਨੂੰ ਵੀ ਇਹਨਾਂ ਖਿੱਤਿਆਂ ਵਿਚ ਵੱਖਰੀ ਪਛਾਣ ਵਾਲੇ ਦਲ ਹੀ ਸੂਤ ਬੈਠਦੇ ਹਨ ਪਰ ਉਹ ਏਨੇ ਪੱਕੇ ਨਹੀਂ ਚਾਹੀਦੇ ਕਿ ਆਪਣੀ ਪਛਾਣ ਲਈ ਭਾਰਤੀ ਢਾਂਚੇ ਨੂੰ ਬਦਲਣ ਜਾਂ ਤੋੜਣ ਦਾ ਸੁਪਨਾ ਲੈਣ। ਇਸ ਕਰਕੇ ਕੇਂਦਰੀ ਹਕੂਮਤ ਪਿਛਲੇ ਦਹਾਕੇ ਤੋਂ ਵੱਖਰੀ ਪਛਾਣ ਲਈ ਲੜਣ ਵਾਲੇ ਸੂਬਿਆਂ ਵਿਚ ਆਪਣੀ ਮਰਜੀ ਦੇ ਨਵੇਂ ਦਲ ਘੜਣ ਦੀ ਕਸਰਤ ਕਰ ਰਹੀ ਹੈ। ਇਸ ਕਰਕੇ ਆਮ ਆਦਮੀ ਪਾਰਟੀ ਦੇ ਪੰਜਾਬ ਵਿੱਚ ਖਤਮ ਜਾਂ ਕਮਜੋਰ ਹੋਣ ਉੱਤੇ ਖੁਸ਼ ਹੋਣ ਵਾਲਿਆਂ ਨੂੰ ਜਾਨਣਾ ਚਾਹੀਦਾ ਹੈ ਕਿ ਪੰਜਾਬ ਪਾਰਟੀ ਜਾਂ ਆਮ ਆਦਮੀ ਪਾਰਟੀ ਦਾ ਟੁੱਟਣਾ, ਪੰਜਾਬ ਦੇ ਲੋਕਾਂ ਦੀ ਬਦਲਾਅ ਦੀ ਆਸ ਦਾ ਟੁਟਣਾ ਨਹੀਂ ਹੈ ਅਤੇ ਨਾ ਹੀ ਕੇਂਦਰ ਦੀ ਪੰਜਾਬ ਦੇ ਨਵੇਂ ਆਗੂ ਥਾਪਣ ਦੀ ਕੋਸ਼ਿਸ਼ ਦਾ ਰੁਕਣਾ ਹੈ। ਪੰਜਾਬ ਦੇ ਲੋਕ ਕਿਸ ਤਰ੍ਹਾਂ ਦਾ ਬਦਲਾਅ ਚਾਹੁੰਦੇ ਹਨ ਇਹਦੀ ਪਰਵਾਹ ਨਾ ਪੁਰਾਣਿਆਂ ਨੇ ਕੀਤੀ ਹੇ ਅਤੇ ਨਾ ਹੀ ਨਵਿਆਂ ਤੋਂ ਸੰਭਾਵਨਾ ਹੈ। ਸਮਝਣ ਵਾਲਾ ਫਰਕ ਇਹ ਹੈ ਕਿ ਲੋਕ ਸਿਰਫ ਬਦਲਾਅ ਭਾਲਦੇ ਹਨ ਅਤੇ ਕੇਂਦਰ ਆਪਣੀ ਮਰਜੀ ਦਾ ਬਦਲਾਅ ਭਾਲਦਾ ਹੈ। ਇਸ ਕਰਕੇ ਲੋਕਾਂ ਤੋਂ ਵਧੇਰੇ ਇੱਛਾ ਕੇਂਦਰ ਸਰਕਾਰ ਦੀ ਹੈ ਕਿ ਪੰਜਾਬ ਦੀ ਰਾਜਨੀਤੀ ਵਿੱਚ ਬਦਲਾਅ ਆਵੇ। ਵੱਖਰੀ ਪਛਾਣ ਵਾਲਿਆਂ ਨੂੰ ਉਹਨਾਂ ਦੇ ਘਰ ਪੈਦਾ ਹੋਣ ਵਾਲੇ ਹੀ ਮਾਰਨ, ਬਦਨਾਮ ਕਰਨ ਜਾਂ ਛੱਡ ਜਾਣ, ਕੇਂਦਰ ਲਈ ਸਭ ਤੋਂ ਵਧੀਆ ਹੱਲ ਇਹੋ ਹੈ।

ਕਿਸੇ ਮੁਲਕ ਵਿੱਚ ਬਦਮਾਸ਼ਾਂ ਦਾ ਜੋਰ ਹੋਣਾ, ਵੱਖਰਤਾਵਾਂ ਦਾ ਵਿਰੋਧ ਝੱਲਣ ਵਾਲੀਆਂ ਹਕੂਮਤਾਂ ਲਈ ਬਹੁਤ ਲਾਹੇਵੰਦ ਹੁੰਦਾ ਹੈ। ਜਿਹੜੇ ਲੋਕ ਵੀ ਕਦੇ ਕਿਸੇ ਸਰਕਾਰ ਖਿਲਾਫ ਲੜੇ ਹਨ ਓਥੇ ਬਦਮਾਸ਼ਾਂ ਦਾ ਪੈਦਾ ਹੋਣਾ ਬਹੁਤ ਜਰੂਰੀ ਹੁੰਦਾ ਹੈ। ਕਿਸੇ ਹਕੂਮਤ ਲਈ ਬਾਗੀਆਂ ਦੀ ਅਗਲੀ ਪੀੜ੍ਹੀ ਨੂੰ ਬਦਮਾਸ਼ੀ ਵਿਚ ਬਦਲਣ ਤੋਂ ਬਿਹਤਰ ਕੋਈ ਰਾਹ ਨਹੀਂ ਹੁੰਦਾ। ਯਾਦ ਰਹੇ ਕਿ ਪੰਜਾਬ ਨੂੰ ਬਦਮਾਸ਼ੀ ਵੱਲ ਧੱਕਣ ਦਾ ਪਹਿਲਾ ਸਰਕਾਰੀ ਪੜਾਅ ਖਾੜਕੂ ਲਹਿਰ ਦੇ ਡਿੱਗਣ ਨਾਲ ਹੀ ਸ਼ੁਰੂ ਹੋ ਗਿਆ ਸੀ। ਪੰਜਾਬ ਵਿੱਚ ਨਸ਼ੇ ਅਤੇ ਲੱਚਰ ਗਾਇਕੀ ਦਾ ਚੱਲਣ ਉਸ ਵੇਲੇ ਪੁਲਸ ਜਤਨਾਂ ਨਾਲ ਸ਼ੁਰੂ ਹੋਇਆ ਸੀ। ਪੰਜਾਬ ਦੇ ਹਰ ਮਾੜੇ ਮੋਟੇ ਗਾਇਕ ਨੂੰ ਏ.ਐਸ.ਆਈ. ਬਣਾ ਦਿੱਤਾ ਗਿਆ ਸੀ। ਪੰਜਾਬ ਦੇ ਕਈ ਦਰਜਨਾਂ ਗਾਇਕਾਂ ਨੂੰ ਧੌਂਸ ਨਾਲ ਪੁਲਸ ਦਾ ਅਹੁਦਾ ਦਿੱਤਾ ਗਿਆ। ਧੱਕੇ ਨਾਲ ਅਖਾੜੇ ਲਾਏ ਲਵਾਏ ਗਏ ਸਨ। ਅੱਜ ਜੋ ਨਸ਼ੇ ਅਤੇ ਬਦਮਾਸ਼ੀ ਦਾ ਮੁੱਦਾ ਉਭਰਿਆ ਹੈ ਇਹ ਉਹਦਾ ਹੀ ਫਲ਼ ਹੈ। ਜਿਵੇਂ ਪੰਜਾਬ ਦੇ ਹੱਕ ਲਈ ਲੜਣ ਵਾਲੇ ਲੋਕ ਅਤਿਵਾਦੀਆਂ ਵਜੋਂ ਭੰਡੇ ਅਤੇ ਮਾਰੇ ਗਏ, ਉਵੇਂ ਪੰਜਾਬ ਦੀ ਅਗਲੀ ਪੀੜ੍ਹੀ ਨਸ਼ੇੜੀਆਂ ਅਤੇ ਬਦਮਾਸ਼ਾਂ ਦੇ ਰੂਪ ਵਿੱਚ ਮਾਰੀ ਜਾ ਰਹੀ ਹੈ।ਪੰਜਾਬ ਤੋਂ ਬਾਹਰ ਵੀ ਪੰਜਾਬੀ ਲੋਕ ਨਸ਼ੇ ਅਤੇ ਬਦਮਾਸ਼ੀ ਦੀ ਜੰਗ ਵਿੱਚ ਮਰ ਰਹੇ ਹਨ ਇਹ ਸਿਰਫ ਇਤਫਾਕ ਨਹੀਂ ਹੈ। ਡਾ. ਗੁਰਭਗਤ ਸਿੰਘ ਦੇ ਦੱਸਣ ਅਨੁਸਾਰ ਖਾੜਕੂ ਲਹਿਰ ਦੇ ਖਾਤਮੇ ਦੇ ਐਲਾਨ ਤੋਂ ਬਾਅਦ ਬੇਅੰਤ ਸਿੰਘ ਦੇ ਜਿਉਂਦਿਆਂ ਪਟਿਆਲੇ ਦੇ ਪੁਲਸ ਅਫਸਰ ਨੇ ਉਹਨਾਂ ਨੂੰ ਸੱਦ ਕੇ ਕਿਹਾ ਸੀ 'ਹੁਣ ਬੰਦੇ ਨਸ਼ੇ ਨਾਲ ਮਰਨਗੇ, ਤੁਸੀਂ ਕਰ ਲਓ ਜੋ ਹੁੰਦਾ ਏ'। ਆਮ ਆਦਮੀ ਪਾਰਟੀ ਦੇ ਉਭਾਰ ਨੇ ਪੰਜਾਬ ਵਿੱਚ ਕੇਂਦਰੀ ਹਕੂਮਤ ਦਾ ਇਕ ਵੱਡਾ ਕੰਮ ਕਰ ਦਿੱਤਾ ਹੈ ਕਿ ਸਿਰੇ ਦੇ ਕਾਮਰੇਡਾਂ ਤੋਂ ਲੈ ਕੇ ਖਾਲਸਤਾਨ ਬਣਾਉਣ ਵਾਲਿਆਂ ਤੱਕ ਨੂੰ ਚੋਣ ਰਾਜਨੀਤੀ ਦੀ ਇਕੋ ਟੋਪੀ ਪਾ ਦਿੱਤੀ। ਪੰਜਾਬ ਪਾਰਟੀ ਅਤੇ ਆਮ ਆਦਮੀ ਪਾਰਟੀ ਦੀ ਮੁਸ਼ਕਲ ਇਹ ਸੀ ਕਿ ਇਹਨਾਂ ਦੇ ਆਗੂ ਸਿੱਖ ਨਹੀਂ ਲਗਦੇ ਸਨ। ਇਸ ਕਰਕੇ ਉਹ ਸਿੱਖ ਮਸਲੇ ਦੇ ਹੱਲ ਲਈ ਪੰਜਾਬ ਦੇ ਸਿੱਖਾਂ ਅਤੇ ਦੁਨੀਆ ਦੇ ਲੋਕਾਂ ਸਾਹਮਣੇ ਢੁਕਵੇਂ ਨਹੀਂ ਜਾਪਦੇ ਸਨ। ਪੰਜਾਬ ਦੀ ਰਾਜਨੀਤੀ ਵਿਚੋਂ ਸਿੱਖ ਮਸਲਾ ਖਤਮ ਕਰਨ ਲਈ ਸਿੱਖ ਸ਼ਕਲ ਵਾਲਾ ਬੰਦਾ ਵਧੇਰੇ ਜਰੂਰੀ ਹੈ। ਪਿਉ ਪੁੱਤ ਦੀ ਜੋੜੀ ਇਸ ਤੋਂ ਜਿਆਦਾ ਸਿੱਖੀ ਤੱਤ ਨਹੀਂ ਮਾਰ ਸਕਦੀ। ਬਾਹਰਲੇ ਸਿੱਖ ਪੰਜਾਬ ਦੀ ਰਾਜਨੀਤੀ ਲਈ ਵਧੇਰੇ ਤਤਪਰ ਹਨ ਇਸ ਕਰਕੇ ਕੇਂਦਰ ਸਰਕਾਰ ਨੂੰ ਅਜਿਹੇ ਬੰਦੇ ਦੀ ਲੋੜ ਹੈ ਜੀਹਦੇ ਨਾਲ 'ਜੂਝਣ ਵਰਗਾ' ਕੁਝ ਜੁੜਿਆ ਹੋਵੇ ਤਾਂਕਿ ਉਹ ਬੰਦੇ ਨੂੰ ਲੋਕ ਇਕ ਵਾਰ ਆਪ ਹੁਲਾਰਾ ਦੇਣ ਜਿਵੇਂ ਪੰਜਾਬ ਪਾਰਟੀ ਜਾਂ ਆਮ ਆਦਮੀ ਪਾਰਟੀ ਨੂੰ ਦਿੱਤਾ ਸੀ। ਕੇਂਦਰ, ਪੰਜਾਬ ਦੀ ਰਾਜਨੀਤੀ ਦੇ ਉਹਨਾਂ ਨਵੇਂ ਖਿਡਾਰੀਆਂ ਨੂੰ ਥਾਪੀ ਦਏਗਾ ਜਿਹੜੇ ਨਸ਼ੇ, ਬਦਮਾਸ਼ੀ ਅਤੇ ਭ੍ਰਿਸ਼ਟਾਚਾਰ ਵਰਗੇ ਨਵੇਂ ਪੰਜਾਬ ਮੁੱਦਿਆਂ ਦੇ ਹੱਲ ਨਾਲ ਤਰੱਕੀ ਦਾ ਦਾਅਵਾ ਕਰਨਗੇ ਅਤੇ ਕਿਸੇ ਵੀ ਪਹਿਲੀ ਮੁਸ਼ਕਲ ਨੂੰ ਹੱਲ ਕੀਤੇ ਬਿਨਾ ਲੋਕਾਂ ਨੂੰ (ਪੰਜਾਬੀ ਬੋਲਦੇ ਇਲਾਕੇ, ਰਾਜਧਾਨੀ, ਬਿਜਲੀ ਪਾਣੀ ਅਤੇ ਚੁਰਾਸੀ ਦੇ ਇਨਸਾਫ ਆਦਿ) ਕੁੱਲ ਮਸਲਿਆਂ ਦਾ ਹੱਲ ਵੇਚਣਗੇ। ਹਿੰਦੀ ਫਿਲਮ ਰਕਤ ਚਰਿਤਰ ਵਿੱਚ ਨੇਤਾ ਪਾਤਰ ਇਹੋ ਬੋਲਦਾ ਹੈ ਕਿ ਗੁੰਡਾਗਰਦੀ ਸਿਰਫ ਸਭ ਤੋਂ ਵੱਡਾ ਗੁੰਡਾ ਹੀ ਖਤਮ ਕਰ ਸਕਦਾ ਹੈ। ਬਦਮਾਸ਼ੀ, ਨਸ਼ੇ ਜਾਂ ਭ੍ਰਿਸ਼ਟਾਚਰ ਵਰਗੇ ਮਾਮਲਿਆਂ ਨੂੰ ਖਤਮ ਕਰਨ ਦਾ ਦਾਅਵਾ ਵਧੇਰੇ ਬਦਮਾਸ਼ ਜਾਂ ਵਧੇਰੇ ਭ੍ਰਿਸ਼ਟ ਬੰਦੇ ਦਾ ਹੀ ਮਜਬੂਤ ਹੁੰਦਾ ਹੈ ਕਿਉਂਕਿ ਉਹਦੀ ਇਕੋ ਗੱਲ ਲੋਕਾਂ ਨੂੰ ਕਾਟ ਕਰਦੀ ਹੈ ਕਿ 'ਮੈਨੂੰ ਸਭ ਅੰਦਰਲਾ ਭੇਤ ਪਤੈ, ਮੈਂ ਕਰੂੰ ਸਿੱਧੇ'। ਪੰਜਾਬ ਦੇ ਅਜੋਕੇ ਹਾਲਾਤ ਵਿਚ ਇਹ ਸਿੱਕਾ ਚਲਣ ਦੀ ਸੰਭਾਵਨਾ ਪਈ ਹੈ ਕਿਉਂਕਿ ਪੁਰਾਣੇ ਦੋਵਾਂ ਦਲਾਂ ਵਲੋਂ ਵਾਰ ਵਾਰ ਵਾਅਦਾ ਖਿਲਾਫੀ ਕਰਨ ਕਾਰਣ ਲੋਕਾਂ ਨੂੰ ਹੁਣ ਕੋਈ ਫਰਕ ਨਹੀਂ ਕਿ ਕਿਹੜਾ ਸੱਤਾ ਵਿੱਚ ਹੈ ਅਤੇ ਕਿਹੜਾ ਸੱਤਾ ਤੋਂ ਬਾਹਰ। ਦੋਵਾਂ ਦਲਾਂ ਦਾ ਲੋਕਾਂ, ਪੰਜਾਬ ਅਤੇ ਕੇਂਦਰ ਨਾਲ ਵਤੀਰੇ ਵਿੱਚ ਕੋਈ ਫਰਕ ਨਹੀਂ ਰਿਹਾ। ਇਹੋ ਮਾਹੌਲ ਨਵੇਂ ਪਲਟੇ ਨੂੰ ਰਾਸ ਆਏਗਾ ਬੇਸ਼ੱਕ ਉਹ ਹੁਣੇ ਹੋਈ ਬਦਲਾਅ ਦੀ ਕਸਰਤ ਨਾਲੋਂ ਵੀ ਮਾੜਾ ਹੋਵੇ।

ਕੇਜਰੀਵਾਲ ਦੇ ਮੁਆਫੀ ਮੰਗਣ ਤੋਂ ਬਾਅਦ ਬਿਜਲ ਸੱਥ ਵਿਚ ਲੋਕਾਂ ਵਲੋਂ ਟਿੱਚਰ ਅਤੇ ਨਫਰਤ ਨਾਲ 'ਲਾਲਾ ਜੀ' ਕਹਿਣਾ ਆਪਣੇ ਆਪ ਵਿਚ ਇਹ ਗੱਲ ਨੂੰ ਸਹੀ ਸਿੱਧ ਕਰਦਾ ਹੈ ਕਿ ਪੰਜਾਬ ਦੇ ਲੋਕਾਂ ਨੂੰ ਗਪੌੜੀ ਜਾਂ ਭੰਡੀ ਨਹੀਂ ਸਗੋਂ ਅਸਲ ਸਰਦਾਰ ਲੱਗਣ ਵਾਲਾ ਆਗੂ ਚਾਹੀਦਾ ਹੈ। ਰੱਦਿਆ ਹੋਇਆ ਕਪਤਾਨ ਗੁਟਕਾ ਅਤੇ ਖੂੰਡਾ ਫੜਕੇ ਲੋਕਾਂ ਦੇ ਮਨ ਨੂੰ ਇਸ ਕਰਕੇ ਭਾਅ ਗਿਆ ਕਿ ਲੋਕ, ਉਹਨੂੰ ਨਹੀਂ ਸਗੋਂ ਉਸ ਤਰ੍ਹਾਂ ਦੇ ਆਗੂ ਨੂੰ ਭਾਲਦੇ ਹਨ ਜਿਹੜਾ ਪੰਜਾਬ ਦੀ ਵਿਰਾਸਤ ਦੇ ਹਿਸਾਬ ਨਾਲ ਬੰਦਾ ਲਗਦਾ ਹੋਵੇ। ਪੰਜਾਬ ਲਈ ਅਗਲਾ ਆਗੂ ਲੋਕਾਂ ਤੋਂ ਪਹਿਲਾਂ ਚੰਡੀਗੜ੍ਹ, ਹਰਿਆਣੇ ਅਤੇ ਕੇਂਦਰ ਦੀ ਹਕੂਮਤ ਨੇ ਭਾਲਣਾ ਸ਼ੁਰੂ ਕੀਤਾ ਹੋਇਆ ਹੈ ਜੋ ਬਦਮਾਸ਼ੀ, ਨਸ਼ੇ ਜਾਂ ਭ੍ਰਿਸ਼ਟਾਚਰ ਨੂੰ ਨੱਥ ਪਾਉਣ ਦੀ ਝੰਡੀ ਚੁੱਕੇਗਾ। ਹੋ ਸਕਦੈ ਕੋਈ ਮੁਆਫੀ ਵਾਲਾ ਈ ਫੋਤੇਦਾਰ ਵਾਂਗ ਆਪਣੇ ਸਿਰ ਸਿਹਰਾ ਲਏਗਾ ਕਿ ਉਹਨੇ ਅਗਲੇ ਆਗੂ ਦੀ ਚੋਣ ਕੀਤੀ ਹੈ ਜਾਂ ਫਿਰ ਮਰਹੂਮ ਦਾਰਸ਼ਨਿਕ ਸਾਇਰ ਹਰਿੰਦਰ ਸਿੰਘ ਮਹਿਬੂਬ ਦੇ ਕਹਿਣ ਵਾਂਗ ਪੰਜਾਬ ਦੀ ਧਰਤੀ ਸਿਮਰਨ ਵਿੱਚ ਉਡੀਕ ਰਹੀ ਹੈ।

(ਸਿੱਖ ਸਿਆਸਤ ਤੋਂ ਧੰਨਵਾਦ ਸਹਿਤ)

## ਪ੍ਰਾਪਤੀਆਂ ਦੀ ਥਾਂ ਨਾਕਾਮੀਆਂ: ਕਿੱਥੇ ਗਈ ਊਰਜਾਵਾਨ ਕਪਤਾਨੀ

ਨੂੰ ਕਾਰਗੁਜ਼ਾਰੀ ਦੇ ਆਧਾਰ 'ਤੇ ਸੇਵਾ ਮੁਕਤੀ ਦੀ ਉਮਰ ਤਕ ਲਗਾਤਾਰ ਤਨਖ਼ਾਹ ਅਤੇ ਫਿਰ ਉਮਰ ਭਰ ਲਈ ਪੈਨਸ਼ਨ ਦਿੰਦਾ ਹੈ, ਪਰ ਉਨ੍ਹਾਂ ਦੀਆਂ ਸੇਵਾਵਾਂ ਸਿਰਫ਼ ਨਵੀਂ ਪਨੀਰੀ ਦੀ ਕੋਚਿੰਗ ਲਈ ਹੀ ਲਈਆਂ ਜਾਂਦੀਆਂ ਹਨ। ਵੱਖ ਵੱਖ ਗੁਰਦੁਆਰੇ, ਵੱਖਰੇ ਸ਼ਮਸ਼ਾਨਘਾਟ ਅਤੇ ਐਂਟਰੀ ਗੇਟ ਬਣਾਉਣ ਦੀ ਥਾਂ ਸਟੇਡੀਅਮ ਬਣਾਉਣ ਲਈ ਭਾਈਚਾਰੇ ਅਤੇ ਪਰਵਾਸੀ ਭਾਰਤੀਆਂ ਨੂੰ ਪ੍ਰੇਰਿਆ ਜਾ ਸਕਦਾ ਹੈ। ਧਰਮ ਵੱਲੋਂ ਪਾਇਆ ਸਮਾਜਿਕ ਪਾੜਾ ਖੇਡਾਂ ਦੇ ਪੁਲ ਉਸਾਰ ਕੇ ਦੂਰ ਕੀਤਾ ਜਾ ਸਕਦਾ ਹੈ।

ਕਾਲਜ ਸਿੱਖਿਆ ਉੱਤੇ ਅਸੀਂ ਲੋੜ ਤੋਂ ਵੱਧ ਅਤੇ ਤਕਨੀਕੀ ਸਿਖਲਾਈ ਉੱਤੇ ਲੋੜ ਤੋਂ ਬਹੁਤ ਘੱਟ ਖ਼ਰਚ ਕਰ ਰਹੇ ਹਾਂ। ਨਤੀਜੇ ਵਜੋਂ ਗਰੈਜੂਏਟ, ਪੋਸਟ ਗਰੈਜੂਏਟ ਤੇ ਪੀਐੱਚ ਡੀ ਆਮ ਗਿਣਤੀ ਨਾਲੋਂ ਵੱਧ ਪੈਦਾ ਹੋ ਰਹੇ ਹਨ ਅਤੇ ਅਕਾਦਮਿਕ ਤੌਰ 'ਤੇ ਔਸਤਨ ਵਿਦਿਆਰਥੀਆਂ ਅਤੇ ਪੜ੍ਹਾਈ ਛੱਡਣ ਵਾਲਿਆਂ ਨੂੰ ਉਨ੍ਹਾਂ ਦੀ ਕਿਸਮਤ ਉੱਤੇ ਛੱਡ ਦਿੱਤਾ ਗਿਆ ਹੈ। ਸੋਸ਼ਲ ਮੀਡੀਆ ਸਿੱਖਿਆ ਦੇ ਅਸਰ ਹੇਠ ਉਭਾਸਰ ਰਹੇ ਅੱਜ ਦੇ ਸਮਾਜ ਨੂੰ 25 ਜਾਂ 30 (ਸਾਲ) ਤਕ ਹੀ ਨੱਕਾ ਨਹੀਂ ਲੱਗ ਜਾਂਦਾ। ਹਰ ਉਮਰ ਵਰਗ ਨੂੰ ਸਿੱਖਣ, ਮੁੜ ਸਿੱਖਣ ਅਤੇ ਆਪਣੇ ਹੁਨਰ ਨੂੰ ਨਵਿਆਉਣ ਦੀ ਸਹੂਲਤ ਮਿਲਣੀ ਜ਼ਰੂਰੀ ਹੈ। ਦੁਪਹਿਰ ਤੋਂ ਬਾਅਦ ਬੰਦ ਹੋ ਜਾਂਦੀਆਂ ਮੌਜੂਦਾ ਵਿੱਦਿਅਕ ਸੰਸਥਾਵਾਂ ਨੂੰ ਇਸ ਕਾਰਜ ਲਈ ਵਰਤਿਆ ਜਾ ਸਕਦਾ ਹੈ। ਯੂਨੀਵਰਸਿਟੀ ਦਾ ਸੈੱਲ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਮੌਜੂਦ ਨੌਕਰੀਆਂ ਦੀ ਸੂਹ ਰੱਖ ਸਕਦਾ ਹੈ ਅਤੇ ਇਸ ਹਿਸਾਬ ਨਾਲ ਮਾਨਵ ਸ਼ਕਤੀ ਤਿਆਰ ਕਰਨ ਲਈ ਪ੍ਰਾਈਵੇਟ ਤੇ ਸਰਕਾਰੀ ਸੰਸਥਾਵਾਂ ਨੂੰ ਕਿਹਾ ਜਾ ਸਕਦਾ ਹੈ। ਜਰਮਨੀ, ਸਿੰਗਾਪੁਰ ਅਤੇ ਸਵਿੱਟਜ਼ਰਲੈਂਡ ਵਿੱਚ ਉੱਚ ਸਿੱਖਿਆ ਵਿੱਚ ਦਾਖ਼ਲਾ ਸਿਰਫ਼ ਤੇ ਸਿਰਫ਼ ਯੋਗ ਉਮੀਦਵਾਰਾਂ ਨੂੰ ਹੀ ਮਿਲਦਾ ਹੈ ਅਤੇ ਸਕੂਲ ਸਿੱਖਿਆ ਤੋਂ ਬਾਅਦ ਤਕਨੀਕੀ ਹੁਨਰ ਦੇ ਰਾਹ ਪੈਣਾ ਸਭ ਤੋਂ ਚੰਗੀ ਚੋਣ ਹੈ। ਪੰਜਾਬ ਅਤੇ ਹੋਰ ਸੂਬੇ ਕਿਸੇ ਵਾਧੂ ਖਰਚੇ ਤੋਂ ਬਗ਼ੈਰ ਹੀ ਇਹ ਬਦਲ ਅਪਣਾ ਸਕਦੇ ਹਨ। ਮੰਡੀ ਆਧਾਰਿਤ ਅਰਥਚਾਰਿਆਂ ਨੇ ਹੁਣ ਸਟੇਟ ਦੀ ਭੂਮਿਕਾ ਬਦਲ ਦਿੱਤੀ ਹੈ। ਇਹ ਹੁਣ ਪ੍ਰਬੰਧ ਕਰਨ ਦੀ ਥਾਂ ਸਹੂਲਤ ਮੁਹੱਈਆ ਕਰਨ ਤਕ ਜਾ ਪੁੱਜੀ ਹੈ ਜਿਸ ਤਹਿਤ ਵਿੱਦਿਅਕ ਸੰਸਥਾਵਾਂ ਨੂੰ ਮੰਡੀਆਂ, ਖੇਤੀ ਨੂੰ ਸਨਅਤ ਅਤੇ ਲਘੂ/ਦਰਮਿਆਨੇ ਕਾਰੋਬਾਰਾਂ ਨੂੰ ਵੱਡੀਆਂ ਕੰਪਨੀਆਂ ਨਾਲ ਜੋੜਿਆ ਜਾ ਰਿਹਾ ਹੈ। ਸੰਸਾਰ ਪੱਧਰੀ ਕਾਰਪੋਰੇਟੀ ਅਮਲ, ਲਗਾਤਾਰ ਸਿਖਲਾਈ, ਸਥਿਰ ਸੁਧਾਰ ਅਤੇ ਤਕਨਾਲੋਜੀ ਨਵਿਆਉਣ ਨਾਲ ਤਿਣਕਾ ਵੀ ਤੀਰ ਬਣ ਸਕਦਾ ਹੈ।

ਸਰਕਾਰ ਨੂੰ ਹੁਣ ਬੇਆਸ ਤੇ ਮਰ ਰਹੀਆਂ ਸਨਅਤਾਂ ਨੂੰ ਉਤਸ਼ਾਹਿਤ ਕਰਨ ਵਾਲਿਆਂ ਨੂੰ ਡੱਕਣਾ ਪਵੇਗਾ ਅਤੇ ਸਮਰੱਥ ਕਾਰੋਬਾਰਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਸੀਮਿਤ ਵਸੀਲੇ ਮੁਹੱਈਆ ਕਰਵਾਉਣੇ ਪੈਣਗੇ। ਵਧ-ਫੁੱਲ ਰਹੇ ਕਾਰੋਬਾਰ ਜਿਹੜੇ ਕਾਨੂੰਨ ਦੀ ਪਾਲਣਾ ਤੇ ਕਰ ਅਦਾ ਕਰਦੇ ਹਨ ਅਤੇ ਵਾਤਾਵਰਣ ਦਾ ਧਿਆਨ ਰੱਖਦੇ ਹਨ, ਉਨ੍ਹਾਂ ਨੂੰ ਹੁਲਾਰਾ ਦੇਣ ਦੀ ਜ਼ਰੂਰਤ ਹੈ। ਇਕੱਲੀਆਂ ਸਬਸਿਡੀਆਂ ਨਾਲ ਪ੍ਰਾਈਵੇਟ ਪੂੰਜੀ ਨਿਵੇਸ਼ ਨਹੀਂ ਹੋਣਾ। ਸਨਅਤਕਾਰਾਂ ਨੂੰ ਵੀ ਸਮਰੱਥ, ਤਕਨੀਕੀ ਤੌਰ 'ਤੇ ਤੇਜ਼ ਤਰਾਰ, ਭ੍ਰਿਸ਼ਟਾਚਾਰ ਮੁਕਤ ਅਤੇ ਦਖਲ ਨਾ ਦੇਣ ਵਾਲੇ ਰਾਜ ਪ੍ਰਬੰਧ ਦੇ ਨਾਲ ਨਾਲ ਰਹਿਣਯੋਗ ਸ਼ਹਿਰਾਂ ਦੀ ਝਾਕ ਹੁੰਦੀ ਹੈ। ਦਰਅਸਲ, ਢਿਚਕੂੰ ਢਿਚਕੂੰ ਕਰਦੇ ਬੁਨਿਆਦੀ ਢਾਂਚੇ ਤੇ ਘੜਮੱਸ ਵਾਲੇ ਸ਼ਹਿਰਾਂ ਤੋਂ ਪੂੰਜੀ ਨਿਵੇਸ਼ ਅਤੇ ਨੌਕਰੀਆਂ ਦੂਰ ਹੀ ਭੱਜਦੇ ਹਨ। ਪੰਜਾਬ ਵਿੱਚ ਅਜਿਹਾ ਕਈ ਸਾਲਾਂ ਤੋਂ ਵਾਪਰ ਰਿਹਾ ਹੈ। ਧੀਮੀ ਚਾਲੇ ਤੁਰ ਜਾਂ ਸੁੰਗੜ ਰਹੇ ਵਿਕਾਸ ਤੋਂ ਇਲਾਵਾ ਖੇਤੀਬਾੜੀ ਵਿੱਚ ਰੁਜ਼ਗਾਰ ਦਾ ਬੇਹੱਦ ਮੰਦੜਾ ਹਾਲ ਹੈ। ਦੂਜੇ ਕਾਰੋਬਾਰਾਂ ਵੱਲ ਤਬਦੀਲ ਹੋਣ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ। ਇਸ ਤਬਦੀਲੀ ਦੇ ਮੱਦੇਨਜ਼ਰ ਹੁਨਰੀ ਵਿਕਾਸ ਲਈ ਪ੍ਰਾਈਵੇਟ ਪੂੰਜੀ ਨਿਵੇਸ਼ ਨੂੰ ਕਰ ਛੋਟਾਂ ਦੇ ਕੇ ਹੱਲਾਸ਼ੇਰੀ ਦਿੱਤੀ ਜਾ ਸਕਦੀ ਹੈ। ਪੰਜਾਬ ਦੇ ਮੌਜੂਦਾ ਮੰਡੀ ਪ੍ਰਬੰਧ ਵਿੱਚ ਵਿਚੋਲੇ ਅਤੇ ਆੜ੍ਹਤੀਏ ਵਧ-ਫੁੱਲ ਰਹੇ ਹਨ। ਜਿਣਸਾਂ ਦੀ ਖ਼ਰੀਦ ਲਈ ਸਿੱਧੀ ਕਾਰਪੋਰੇਟ ਖ਼ਰੀਦ ਦੇ ਰਾਹ ਵਿੱਚ ਇੱਕ ਕਾਨੂੰਨ ਰੁਕਾਵਟ ਬਣਿਆ ਹੋਇਆ ਹੈ ਅਤੇ ਇਹ ਕਾਨੂੰਨ ਮਾਲੀਆ/ਕਮਾਈ ਘਟਣ ਦੇ ਡਰ ਕਾਰਨ ਬਦਲਿਆ ਨਹੀਂ ਜਾ ਰਿਹਾ।

ਪੰਜਾਬ ਨੂੰ ਤਬਦੀਲੀ ਲਈ ਤਿਆਰ ਕਰਨ ਦਾ ਤਰਜੀਹੀ ਏਜੰਡਾ ਕਿਸੇ ਕੋਲ ਵੀ ਨਹੀਂ। ਅਸਲ ਵਿੱਚ ਯਥਾ-ਸਥਿਤੀ ਸਿਆਸੀ ਜਮਾਤ ਨੂੰ ਬਹੁਤ ਸੂਤ ਬੈਠਦੀ ਹੈ। ਪੰਜਾਬ ਵਜ਼ਾਰਤ ਦੀ ਪਹਿਲੀ ਮੀਟਿੰਗ ਦੌਰਾਨ ਉਤਸ਼ਾਹ ਦਿਸਿਆ ਸੀ। ਇਸ ਮੀਟਿੰਗ ਵਿੱਚ ਤਿੰਨ ਘੰਟਿਆਂ ਦੌਰਾਨ ਤਕਰੀਬਨ 100 ਫ਼ੈਸਲੇ ਕੀਤੇ ਗਏ। ਇਹ ਉਤਸ਼ਾਹ ਹੁਣ ਉਡੰਤ ਹੋ ਗਿਆ ਹੈ। ਖ਼ਾਸ ਤਬਦੀਲੀ ਤੋਂ ਬਗੈਰ ਪਹਿਲਾਂ ਵਾਂਗ ਪੁਰਾਣੀਆਂ ਨੀਤੀਆਂ ਵਿੱਚ ਹੀ ਫੇਰਬਦਲ ਹੋ ਰਿਹਾ ਹੈ। ਇਸ ਮਾਮਲੇ ਵਿੱਚ ਸ਼ਾਇਦ ਉਮਰ ਵਾਲਾ ਪੱਖ ਵੀ ਹੈ। ਠਾਠਾਂ ਮਾਰ ਰਹੀ ਨੌਜੁਆਨੀ ਵਾਲੇ ਸੂਬੇ ਦੀ ਅਗਵਾਈ ਸਾਲ ਪਹਿਲਾਂ 89 ਸਾਲਾਂ ਦੇ ਬਜ਼ੁਰਗ ਦੀ ਥਾਂ 75 ਸਾਲ ਦੇ ਬਿਰਧ ਦੇ ਹੱਥ ਆ ਗਈ। ਨਵੀਂ ਸੋਚ ਜਾਂ ਸਮੱਸਿਆਵਾਂ ਹੱਲ ਕਰਨ ਦੇ ਨਵੇਂ ਤਰੀਕਾਕਾਰ ਲਈ ਉਹੀ ਲੀਡਰਸ਼ਿਪ ਦਰਕਾਰ ਹੈ ਜੋ ਨਵੇਂ ਖਿਆਲਾਂ ਅਤੇ ਤਬਦੀਲੀ ਦੀ ਤਾਂਘ ਰੱਖਦੀ ਹੋਵੇ। ਗਿਆਨ ਅਤੇ ਤਕਨਾਲੋਜੀ ਨਾਲ ਲਬਾਲਬ ਜਿਸ ਦੁਨੀਆਂ ਵਿੱਚ ਅੱਜ ਅਸੀਂ ਵਿਚਰ ਰਹੇ ਹਾਂ, ਉਹ ਬਹੁਤ ਤੇਜ਼ੀ ਨਾਲ ਬਦਲ ਰਹੀ ਹੈ। ਪਰ ਅਸੀਂ ਆਪਣੀਆਂ ਅੱਜ ਅਤੇ ਆਉਣ ਵਾਲੇ ਕੱਲ੍ਹ ਦੀਆਂ ਸਮੱਸਿਆਵਾਂ ਦੇ ਹੱਲ ਲਈ ਬੀਤ ਚੁੱਕੇ ਕੱਲ੍ਹ ਦੇ ਲੀਡਰਾਂ ਉੱਤੇ ਨਿਰਭਰ ਕਰ ਰਹੇ ਹਾਂ।

**(ਪੰਜਾਬੀ ਟ੍ਰਿਬਿਊਨ 'ਚੋਂ ਧੰਨਵਾਦ ਸਹਿਤ)**










Situated on a cul-de-sac, in the heart of Blackhawk near the Blackhawk Country Club. This exquisite gem features 4 bedrooms plus an office, 2.5 bathrooms, and approx. 3,477 square feet on 0.39 acres. Stunning Hardwood floors on the main level, bedrooms on the upper level and all of the entertainment capabilities you'd come to expect in this refined estate.



**Contact Priti Singh for further details and an appointment for a private tour.**

# Priti Singh

**CA BRE Licence #02024721 (925) 999-0823**

info@pritisingh.com

# ਗੁਰਦੁਆਰਾ ਸ਼੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

1050 ਐਸ. ਗਰਾਹਮ ਰੋਡ, ਗਰੀਨਵੁੱਡ, ਇੰਡਿਆਨਾ 46143

# ਖ਼ਾਲਸਾ ਸਾਜਨਾ ਦਿਵਸ ਸਮਾਗਮ

## 20 ਅਪ੍ਰੈਲ 2018 ਤੋਂ 22 ਅਪ੍ਰੈਲ 2018 ਤੱਕ



ਭਾਈ ਹਰਚਰਨ ਸਿੰਘ (ਹਜ਼ੂਰੀ ਰਾਗੀ)



ਭਾਈ ਗੁਰਮੇਲ ਸਿੰਘ (ਹਜ਼ੂਰੀ ਰਾਗੀ)



ਗਿਆਨੀ ਸ਼ੇਰ ਸਿੰਘ



ਭਾਈ ਸੁੱਖਾ ਸਿੰਘ



ਭਾਈ ਮਹਿਲ ਸਿੰਘ ਚੰਡੀਗੜ੍ਹ ਵਾਲੇ (ਕਵੀਸ਼ਰੀ ਜਥਾ)

ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ
ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਜ ਜੀ, ਇੰਡਿਆਨਾ ਵਿਖੇ ਤਿੰਨ ਰੋਜ਼ਾ 'ਖਾਲਸਾ ਸਾਜਨਾ ਦਿਵਸ' ਸਮਾਗਮ 20 ਅਪ੍ਰੈਲ ਤੋਂ 22 ਅਪ੍ਰੈਲ 2018 ਤੱਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਕਰਵਾਇਆ ਜਾ ਰਿਹਾ ਹੈ। ਸੰਗਤ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



ਗਿਆਨੀ ਭੁਪਿੰਦਰ ਸਿੰਘ ਜੀ



ਭਾਈ ਸਾਹਿਬ ਸਿੰਘ ਜੀ

## ਪ੍ਰੋਗਰਾਮ ਦਾ ਵੇਰਵਾ

**20 ਅਪਰੈਲ 2018, ਸ਼ੁੱਕਰਵਾਰ**
ਸ਼ਾਮ ਦਾ ਦੀਵਾਨ : 6:00 ਤੋਂ 9:00 ਵਜੇ ਤੱਕ

**21 ਅਪਰੈਲ 2018, ਸ਼ਨਿੱਚਰਵਾਰ**
ਸਵੇਰੇ 6:30 ਤੋਂ 9:00 ਵਜੇ ਤੱਕ ਆਸਾ ਦੀ ਵਾਰ
ਸ਼ਾਮ ਦਾ ਦੀਵਾਨ : 6:00 ਤੋਂ 9:00 ਵਜੇ ਤੱਕ

**22 ਅਪਰੈਲ 2018, ਐਤਵਾਰ**
ਸਵੇਰੇ 6:30 ਤੋਂ 9:00 ਵਜੇ ਤੱਕ ਆਸਾ ਦੀ ਵਾਰ
ਦੁਪਹਿਰ ਦਾ ਦੀਵਾਨ : ਸਵੇਰੇ 11:30 ਤੋਂ 3:00 ਵਜੇ ਤੱਕ




21 ਅਪਰੈਲ 2018
ਸ਼ਨਿੱਚਰਵਾਰ
ਸਵੇਰੇ 11:00 ਵਜੇ

ਵਧੇਰੇ ਜਾਣਕਾਰੀ ਲਈ ਇਨ੍ਹਾਂ ਫ਼ੋਨ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ :

ਭਾਈ ਗੁਰਪ੍ਰੀਤ ਸਿੰਘ
317-476-4038

ਭਾਈ ਜਸਦੀਪ ਸਿੰਘ
317-560-0019

ਭਾਈ ਸਤਨਾਮ ਸਿੰਘ
317-403-8344

## GURDWARA SHRI GURU HARGOBIND SAHIB JI

1050 S. GRAHAM RD. GREENWOOD, IN 46143


PUNJABI STARLIVE EVENT MANAGEMENT PVT LTD.
PRESENTS
VISA APPROVED
Nirmal Sidhu
Resham Anmol
Sara Gurpal
USA TOUR 2018
MEDIA PARTNER
BOSTON DESI CONNECTION
BDCtv
Bunty Bains
GUEST APPEARANCE
CONTACT FOR LIVE SHOW BOOKINGS ACROSS USA
+1 - 847-907-1074 | +1 - 224-410-8380
www.punjabistarlive.com


Canadian
Highest Grade Wheat
Say Bana
SHER
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com